Digitized by Arya Samaj Foundation Chennai and eGangotri

ਆਸਾ ਦੀ ਵਾਰ

ਚਿੰਤਨ ਤੇ ਕਲਾ



ਬਿਕਰਮ ਸਿੰਘ ਘੁੰਮਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7735

DONATION

Forwarded free of Cost, and with the
Compliments of Deptt of Education,
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ
ਚਿੰਤਨ ਤੇ ਕਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਰਿਸ ਸ਼ਾਹ ਫਾਉਂਡੇਸ਼ਨ ਦੇ ਪ੍ਰਕਾਸ਼ਨ

- ਸੁਖਨ ਦਾ ਵਾਰਿਸ [ਸੱਯਦ ਵਾਰਿਸ ਸ਼ਾਹ] — ਡਾ. ਕੁਲਬੀਰ ਸਿੰਘ ਕਾਂਗ
- ਸਾਹਿਤ ਦੀ ਸੰਬਾਦਕਤਾ — ਡਾ. ਗੁਰਬਖਸ਼ ਸਿੰਘ ਫ਼ਰੈਂਕ
- ਪੰਜਾਬੀ ਕਿੱਸਾ — ਡਾ. ਬਿਕਰਮ ਸਿੰਘ ਘੁੰਮਣ
- ਕਿੱਸਾ ਪਰੰਪਰਾ — ਡਾ. ਬਲਬੀਰ ਸਿੰਘ ਪੂਨੀ
- ਪੰਜਾਬੀ ਸਭਿਆਚਾਰ ਤੇ ਹੀਰ ਕਾਵਿ ਪਰੰਪਰਾ — ਪ੍ਰੋ. ਤ੍ਰਲੋਚਨ ਸਿੰਘ ਰੰਧਾਵਾ
- ਪੰਜਾਬੀ ਸੂਫ਼ੀ ਕਾਵਿ — ਡਾ. ਬਿਕਰਮ ਸਿੰਘ ਘੁੰਮਣ
- ਫ਼ਰੀਦ ਬਾਣੀ ਦਾ ਬਿੰਬ ਵਿਧਾਨ — ਪ੍ਰੋ. ਕਸ਼ਮੀਰ ਸਿੰਘ ਕਾਦਰ
- ਆਦਿ ਗ੍ਰੰਥ ਦੀਆਂ ਵਾਰਾਂ ਦਾ ਸੰਚਾਰ ਸਿਧਾਂਤ — ਡਾ. ਪ੍ਰੀਤਮ ਕੌਰ
- ਗੁਰਮਤਿ ਕਾਵਿ ਬਿਬੇਕ — ਡਾ. ਬਿਕਰਮ ਸਿੰਘ ਘੁੰਮਣ
- ਵਾਰਕਾਰ ਗੁਰੂ ਅਰਜਨ ਦੇਵ — ਅੰਮ੍ਰਿਤ ਲਾਲ ਪਾਲ
- ਆਸਾ ਦੀ ਵਾਰ : ਚਿੰਤਨ ਤੇ ਕਲਾ — ਡਾ. ਬਿਕਰਮ ਸਿੰਘ ਘੁੰਮਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ

ਚਿੰਤਨ ਤੇ ਕਲਾ

(ਸਮੇਤ ਪਾਠ ਤੇ ਸ਼ਬਦਾਰਥ)

ਗੁਰੁਕੁਲ ਕਾਂਗੜੀ ਵਿਸ਼੍ਵਵਿਦ੍ਯਾਲਯ
DONATION
773

ਬਿਕਰਮ ਸਿੰਘ ਘੁੰਮਣ
ਪੀਐਚ. ਡੀ.

Forwarded free of Cost, and with the Compliments of Deptt. of Education, Govt. of India, New Delhi.

ਵ ਫ
ਵਾਰਿਸਸ਼ਾਹ ਫਾਉਂਡੇਸ਼ਨ
ਅੰਮ੍ਰਿਤਸਰ–143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Assa di Var : CHINTAN TE KALA
by
Dr. Bikram Singh Ghuman

ਪਹਿਲੀ ਵਾਰ : 1990

ਟਾਈਟਲ : ਵਿਮਲ ਤਿਵਾੜੀ

ਪ੍ਰਕਾਸ਼ਕ
ਵਾਰਿਸ ਸ਼ਾਹ ਫਾਉਂਡੇਸ਼ਨ
42, ਗੁਰੂ ਤੇਗ਼ ਬਹਾਦਰ ਨਗਰ
ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ–134002

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕ ਪੁਰਾ, ਅੰਮ੍ਰਿਤਸਰ

ਮੁੱਲ : 40 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਰਪਤ

ਇਸ
ਰਚਨਾ
ਦੇ
ਪ੍ਰੇਰਨਾ
ਸ੍ਰੋਤ
ਪ੍ਰੋਫੈਸਰ ਦੀਵਾਨ ਸਿੰਘ ਜੀ
ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ੈ ਸੂਚੀ

–	ਦੋ ਸ਼ਬਦ	7
1.	ਗੁਰੂ ਨਾਨਕ : ਜੀਵਨ ਤੇ ਰਚਨਾ	9
2.	ਆਸਾ ਦੀ ਵਾਰ ਦਾ ਮੂਲ ਉਦੇਸ਼	19
3.	ਆਸਾ ਦੀ ਵਾਰ ਵਿਚ ਪਉੜੀਆਂ ਤੇ ਸਲੋਕਾਂ ਦਾ ਸੰਬੰਧ	27
4.	ਆਸਾ ਦੀ ਵਾਰ : ਦਾਰਸ਼ਨਿਕ ਚਿੰਤਨ	31
5.	ਆਸਾ ਦੀ ਵਾਰ : ਧਾਰਮਿਕ ਤੇ ਸਮਾਜਕ ਜੀਵਨ	41
6.	ਆਸਾ ਦੀ ਵਾਰ : ਰਾਜਸੀ ਤੇ ਆਰਥਕ ਅਵਸਥਾ	49
7.	ਆਸਾ ਦੀ ਵਾਰ : ਸਦਾਚਾਰਕ ਜੀਵਨ ਦੀ ਮਹੱਤਾ	54
8,	ਆਸਾ ਦੀ ਵਾਰ ਦੀ ਕਾਵਿ ਸ਼ੈਲੀ	58
9.	ਆਸਾ ਦੀ ਵਾਰ (ਮੂਲ ਪਾਠ)	77
–	ਸਹਾਇਕ ਪੁਸਤਕ ਸੂਚੀ	101

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਸ਼ਬਦ

1968 ਵਿਚ ਮੈਂ ਫਰੀਦਕੋਟ ਵਿਖੇ ਸਥਾਪਤ ਹੋਈ "ਸਵੈ-ਵਿਕਾਸ ਮੰਡਲੀ" ਦਾ ਜਨਰਲ ਸਕੱਤਰ ਚੁਣਿਆ ਗਿਆ ਸਾਂ, ਤੇ ਅਸੀਂ ਸਾਰੇ ਸਾਥੀ ਇਸ ਮੰਡਲੀ ਦੇ ਉਦੇਸ਼ਾਂ ਦੀ ਪੂਰਤੀ ਲਈ ਸਿਰਤੋੜ ਜਤਨ ਕਰ ਰਹੇ ਸਾਂ। ਉਨ੍ਹੀਂ ਦਿਨੀਂ ਇਕ ਵਾਰ ਮੇਰੀ ਮੁਲਾਕਾਤ ਪ੍ਰੋਫੈਸਰ (ਡਾ.) ਦੀਵਾਨ ਸਿੰਘ ਹੁਰਾਂ ਨਾਲ ਅੰਮ੍ਰਿਤਸਰ ਵਿਖੇ ਹੋਈ। ਉਨ੍ਹਾਂ ਨਾਲ ਮੰਡਲੀ ਬਾਰੇ ਗੱਲਬਾਤ ਕਰਦਿਆਂ ਮੈਂ ਦਸਿਆ ਕਿ ਮੰਡਲੀ ਦੇ ਹੋਰ ਉਦੇਸ਼ਾਂ ਤੋਂ ਸਿਵਾ ਸਾਡਾ ਇਕ ਨਿਸ਼ਾਨਾ ਮਾਤ ਭਾਸ਼ਾ ਪੰਜਾਬੀ ਦੀ ਉਚੇਰੀ ਪੜ੍ਹਾਈ ਲਈ ਆਪਣੀ ਲਾਇਬ੍ਰੇਰੀ ਵਿਚੋਂ ਚਾਹਵਾਨਾਂ ਤੇ ਲੋੜਵੰਦਾਂ ਨੂੰ ਪੁਸਤਕਾਂ ਦੇਣਾ ਵੀ ਹੈ। ਉਨ੍ਹਾਂ ਨੇ ਸਾਨੂੰ ਮੰਡਲੀ ਦੇ ਵਿਸ਼ੇਸ਼ ਉਦੇਸ਼ਾਂ ਵਿਚ ਗੁਰਬਾਣੀ ਦੇ ਅਧਿਐਨ, ਵਿਆਖਿਆ ਤੇ ਖੋਜ ਕਰਨ ਦੇ ਮੰਤਵ ਨੂੰ ਸ਼ਾਮਿਲ ਕਰਨ ਦਾ ਸੁਝਾਅ ਦਿਤਾ। ਮੰਡਲੀ ਤਾਂ ਭਾਵੇਂ ਕੁਝ ਸਮੇਂ ਪਿਛੋਂ ਥੋੜੀਆਂ ਬਹੁਤ ਸਫਲਤਾਵਾਂ ਉਪਰੰਤ ਕਿਸੇ ਹੋਰ ਕਾਰਣ ਠੱਪ ਹੋ ਗਈ ਪਰੰਤੂ ਪ੍ਰੋਫੈਸਰ ਸਾਹਿਬ ਦੀ ਬਲਵਾਨ ਸ਼ਖ਼ਸੀਅਤ ਤੇ ਇਸ ਪ੍ਰੇਰਨਾ ਦਾ ਮੇਰੇ ਉਤੇ ਡੂੰਘਾ ਪ੍ਰਭਾਵ ਪਿਆ ਜਿਸ ਸਦਕਾ ਮੇਰੀ ਰੁਚੀ ਉਸ ਦਿਨ ਤੋਂ ਗੁਰਬਾਣੀ ਦੇ ਅਧਿਐਨ, ਵਿਆਖਿਆ ਤੇ ਖੋਜ ਵਲ ਵਧ ਗਈ। ਇਸ ਲਗਨ ਦੇ ਫ਼ਲਸਰੂਪ ਪਿਛਲੇ ਕੁਝ ਸਾਲਾਂ ਵਿਚ ਮੈਂ ਗੁਰਬਾਣੀ ਦੇ ਵੱਖ ਵੱਖ ਵਿਸ਼ਿਆਂ ਉਤੇ ਕਈ ਲੇਖ ਲਿਖੇ ਜੋ ਪੰਜਾਬੀ ਦੇ ਸਰਵੋਤਮ ਖੋਜ, ਪੱਤਰਾਂ ਵਿਚ ਪ੍ਰਕਾਸ਼ਿਤ ਹੋਣ ਦਾ ਮਾਣ ਪ੍ਰਾਪਤ ਕਰ ਚੁੱਕੇ ਹਨ। ਇਨ੍ਹਾਂ ਵਿਚੋਂ ਕੁਝ ਲੇਖਾਂ ਨੂੰ ਪਿਛੇ ਜੇਹੇ 'ਗੁਰਮਤਿ ਕਾਵਿ ਬਿਬੇਕ' ਨਾਮੀ ਪੁਸਤਕ ਵਿਚ ਸ਼ਾਮਿਲ ਕਰਕੇ ਪ੍ਰਕਾਸ਼ਿਤ ਕੀਤਾ ਹੈ। ਪਰ ਗੁਰਬਾਣੀ ਅਧਿਐਨ ਤੇ ਵਿਆਖਿਆ ਬਾਰੇ ਆਰੰਭ ਕੀਤੀ ਗਈ ਇਸ ਲੜੀ ਅਧੀਨ ਮੇਰਾ ਪਹਿਲਾ ਨਿਮਾਣਾ ਜਿਹਾ ਜਤਨ ਇਹ ਹੱਥਲੀ ਪੁਸਤਕ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਆਸਾ ਦੀ ਵਾਰ' ਦਾ ਜਿਥੇ ਅੰਮ੍ਰਿਤ ਵੇਲੇ ਦੇ ਸਿਖ ਦੀਵਾਨਾਂ ਅਤੇ ਹੋਰ ਮਾਂਗਲਿਕ ਅਵਸਰਾਂ ਸਮੇਂ ਕੀਰਤਨ ਵਿਚ ਖਾਸ ਸਥਾਨ ਹੈ, ਉਥੇ ਇਸ ਰਚਨਾ ਨੂੰ ਪੰਜਾਬੀ ਦੇ ਸਾਹਿਤਿਕ ਖੇਤਰ ਵਿਚ ਵੀ ਇਕ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਇਹ ਬਾਣੀ ਅਕਸਰ ਪੰਜਾਬੀ ਸਾਹਿਤ ਦੀਆਂ ਉਚੇਰੀਆਂ ਸ਼੍ਰੇਣੀਆਂ ਦੀ ਪੜ੍ਹਾਈ ਲਈ ਨਿਸਚਿਤ ਹੁੰਦੀ ਰਹਿੰਦੀ ਹੈ। ਇਸ 'ਵਾਰ' ਦੇ ਭਾਵੇਂ ਕਈ ਟੀਕੇ ਹੋਏ ਹਨ ਅਤੇ ਕਈ ਵਿਦਵਾਨਾਂ ਨੇ ਇਸ ਰਚਨਾ ਦੀ ਵਿਆਖਿਆ ਸੰਬੰਧੀ ਲੇਖ ਵੀ ਲਿਖੇ ਹਨ, ਜੋ ਆਪੋ-ਆਪਣੇ ਥਾਂ ਮਹੱਤਵਪੂਰਣ ਹਨ। ਹਥਲੀ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਰਚਨਾ ਵਿਚ ਇਸ ਵਾਰ ਦੇ ਵੱਖ ਵੱਖ ਪੱਖਾਂ ਉਤੇ ਵਿਸਥਾਰ ਸਾਹਿਤ ਸਾਹਿਤਕ ਅਧਿਐਨ ਕਰਨ ਤੋਂ ਛੁਟ ਪੁਸਤਕ ਦੇ ਅਖ਼ੀਰ ਵਿਚ ਸ਼ਬਦਾਰਥ ਅਤੇ ਇਸ ਵਾਰ ਦਾ ਮੂਲ ਪਾਠ ਵੀ ਦਿੱਤਾ ਗਿਆ ਹੈ ਜਿਸ ਸਦਕਾ ਇਹ ਰਚਨਾ ਆਮ ਪਾਠਕਾਂ ਤੋਂ ਸਿਵਾ ਐਮ. ਏ. (ਪੰਜਾਬੀ), ਗਿਆਨੀ ਤੇ ਪੰਜਾਬੀ ਦੇ ਉਚੇਰੇ ਅਧਿਐਨ ਅਧਿਆਪਨ ਨਾਲ ਜੁੜੇ ਹੋਏ ਵਿਦਿਆਰਥੀਆਂ ਲਈ ਇਕ ਵਿਸ਼ੇਸ਼ ਪੁਸਤਕ ਵੀ ਸਾਬਤ ਹੋਏਗੀ।

ਇਸ ਰਚਨਾ ਵਿਚ ਰਹਿ ਗਈਆਂ ਕੁਝ ਤਰੁਟੀਆਂ ਤੋਂ ਮੈਂ ਜਾਣੂ ਹਾਂ, ਉਹ ਅਗਲੇ ਸੰਸਕਰਣ ਵਿਚ ਸੋਧ ਦਿਤੀਆਂ ਜਾਣਗੀਆਂ। ਭਾਵੇਂ 'ਆਸਾ ਦੀ ਵਾਰ' ਜਹੀ ਮਹੱਤਵਪੂਰਣ ਰਚਨਾ ਸਾਮ੍ਹਣੇ ਇਹ ਜਤਨ ਬੜਾ ਨਿਮਾਣਾ ਜਿਹਾ ਹੈ ਫਿਰ ਵੀ ਆਸ ਹੈ ਕਿ ਪਾਠਕ ਜਨ ਇਸ ਨੂੰ ਪ੍ਰਵਾਨ ਕਰਨਗੇ।

ਪੰਜਾਬੀ ਅਧਿਐਨ ਸਕੂਲ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

ਬਿਕਰਮ ਸਿੰਘ ਘੁੰਮਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ : ਜੀਵਨ ਤੇ ਰਚਨਾ

ਗੁਰੂ ਨਾਨਕ ਸਾਹਿਬ ਇਕ ਉੱਚੀ ਸੁੱਚੀ ਤੇ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਗੁਰੂ ਜੀ ਨਾ ਕੇਵਲ ਇਕ ਮਹਾਨ ਚਿੰਤਕ, ਪ੍ਰਭਾਵਸ਼ਾਲੀ ਸਮਾਜਕ ਨੇਤਾ, ਨਿਪੁੰਨ ਕਲਾਕਾਰ, ਨਿੱਡਰ ਸੁਧਾਰਕ, ਸੁਹਿਰਦ ਉਪਦੇਸ਼ਕ, ਅਦੁਤੀ ਰਹੱਸਵਾਦੀ ਤੇ ਅਣਥੱਕ ਸੈਲਾਨੀ ਸਨ, ਸਗੋਂ ਇਕ ਵਿਦਰੋਹੀ ਪੁਰਸ਼ ਅਤੇ ਉਤਕ੍ਰਿਸ਼ਟ ਸ਼ਾਇਰ ਵੀ ਸਨ। ਗੁਰੂ ਜੀ ਦੇ ਸੰਸਾਰ ਆਗਮਨ ਸਮੇਂ ਭਾਰਤ ਇਕ ਸਖ਼ਤ ਦੌਰ ਵਿਚੋਂ ਲੰਘ ਰਿਹਾ ਸੀ। ਲੋਧੀ ਵੰਸ਼ ਦੀ ਸ਼ਖਸੀ ਹਕੂਮਤ ਨੇ ਭਾਰਤੀ ਜਨਤਾ ਨੂੰ ਮਧੋਲਿਆ ਹੋਇਆ ਸੀ। ਭਾਰਤ ਦਾ ਸਮਾਜਕ, ਸਭਿਆਚਾਰਕ, ਆਰਥਿਕ ਤੇ ਰਾਜਨੀਤਿਕ ਢਾਂਚਾ ਉੱਥਲ-ਪੁੱਥਲ ਹੋ ਚੁੱਕਾ ਸੀ। ਧਰਮ ਦੀ ਥਾਂ ਤੇ ਪਾਖੰਡ ਦੀ ਪ੍ਰਧਾਨਤਾ ਸੀ। ਧਰਮ ਦ ਸਰੂਪ ਖ਼ੁਦਗਰਜ ਧਾਰਮਿਕ ਆਗੂਆਂ ਨੇ ਗੁੰਝਲਦਾਰ ਬਣਾਇਆ ਹੋਇਆ ਸੀ। ਭੈੜੀਆਂ ਰਸਮਾਂ ਤੇ ਕੁਰੀਤੀਆਂ ਧਰਮ ਦਾ ਅੰਗ ਬਣ ਚੁੱਕੀਆਂ ਸਨ। ਰਾਜਨੀਤੀ ਤੇ ਧਰਮ ਅਧੀਨ ਸਮਾਜਕ ਸਥਿਤੀ ਬਹੁਤ ਹੀ ਨਾਜ਼ਕ ਤੇ ਜਟੱਲ ਬਣ ਚੁੱਕੀ ਸੀ। ਆਮ ਲੋਕਾਂ ਨੂੰ ਸੰਪ੍ਰਦਾਈ ਧਰਮਾਂ ਨੇ ਆਪਣੇ ਪੰਜੇ ਵਿਚ ਫਸਾਇਆ ਹੋਇਆ ਸੀ। ਲੋਕਾਂ ਦੀ ਆਰਥਿਕ ਅਵਸਥਾ ਡਾਵਾਂ ਡੋਲ ਸੀ। ਕਿਸੇ ਦੀ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਨਹੀਂ ਸੀ। ਹਾਕਮ ਸ਼੍ਰੇਣੀ ਲੋਕਾਂ ਉਤੇ ਅੰਨ੍ਹੇਵਾਹ ਜ਼ੁਲਮ ਢਾਹ ਰਹੀ ਸੀ। ਹਿੰਦੂਆਂ ਦੀ ਹਾਲਤ ਬਹੁਤ ਹੀ ਤਰਸਯੋਗ ਸੀ। ਉਹ ਸੈਂਕੜੇ ਵਰ੍ਹਿਆਂ ਦੀ ਪ੍ਰਾਧੀਨਤਾ ਕਾਰਣ ਨਿਰਬਲ ਅਤੇ ਨਿਰਾਸਰਾ ਬਣ ਚੁੱਕੇ ਸਨ। ਮੁਸਲਮਾਨ ਹਾਕਮ ਉਹਨਾਂ ਦੇ ਘਰ ਬਾਰ ਲੁੱਟ ਲੈਂਦੇ, ਇਸਤ੍ਰੀਆਂ ਨੂੰ ਜਬਰਨ ਚੁੱਕ ਕੇ ਲੈ ਜਾਂਦੇ ਅਤੇ ਉਹਨਾਂ ਦੇ ਮੰਦਰਾਂ ਨੂੰ ਢਾਹ ਦੇਂਦੇ ਸਨ। ਇਹਨਾਂ ਅਤਿਆਚਾਰਾਂ ਨਾਲ ਪੀੜਿਤ ਹਿੰਦੂ ਜਾਤੀ ਕਿਸੇ ਵੀ ਤਰ੍ਹਾਂ ਉਹਨਾਂ ਦਾ ਸਾਮ੍ਹਣਾ ਕਰਨ ਤੋਂ ਅਸਮਰਥ ਹੋ ਚੁੱਕੀ ਸੀ। ਚਾਰੇ ਪਾਸੇ ਹਾਹਾਕਾਰ ਮੱਚੀ ਹੋਈ ਸੀ। ਇੰਞ ਪ੍ਰਤੀਤ ਹੁੰਦਾ ਸੀ ਕਿ ਸੰਸਾਰ ਕਿਸੇ ਪ੍ਰਚੰਡ ਅਗਨੀ ਵਿਚ ਸੜ ਭੁਜ ਰਿਹਾ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਇਸ ਦਾ ਬੜਾ ਸੁਹਣਾ ਚਿਤ੍ਰ ਖਿੱਚਿਆ ਹੈ :

ਰਾਜੇ ਸ਼ੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਕਰ ਨਹ ਦਾ ਪਾਇਨਿ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਜਿਥੈ ਜੀਆਂ ਹੋਸੀ ਸਾਰ ॥
ਨਕੀ ਵਢੀ ਲਾਇਤਬਾਰ ॥

[ਵਾਰ ਮਲਾਰ, ਮਹਲਾ ੧

ਇਸ ਨਾਜ਼ਕ ਦੌਰ ਵਿਚ ਗੁਰੂ ਨਾਨਕ ਸਾਹਿਬ ਨੇ ਪੂਰੀ ਸੁਹਿਰਦਤਾ ਨਾਲ ਭਾਰਤੀ ਜਨਤਾ ਨੂੰ ਆਤਮਕ ਤੌਰ ਤੇ ਜਾਗ੍ਰਿਤ ਕੀਤਾ ਅਤੇ ਉਹਨਾਂ ਨੂੰ ਇਸ ਜ਼ੁਲਮ ਦਾ ਡੱਟ ਕੇ ਟਾਕਰਾ ਕਰਨ ਦੀ ਪ੍ਰੇਰਨਾ ਦਿੱਤੀ। ਇਸ ਨਾਲ ਭਾਰਤੀ ਲੋਕ-ਜੀਵਨ ਵਿਚ ਇਕ ਨਵਾਂ ਉਤਸ਼ਾਹ ਤੇ ਉਮੰਗ ਪੈਦਾ ਹੋਈ। ਉਹਨਾਂ ਨੇ ਸਮਾਜ ਨੂੰ ਸਮਾਜਕ ਤੇ ਸਭਿਆਚਾਰਕ ਅਧੋਗਤੀ ਤੋਂ ਬਚਾਇਆ। ਧਾਰਮਿਕ ਤੇ ਸਮਾਜਕ ਜੀਵਨ ਵਿਚ ਪ੍ਰਚਲਤ ਹੋ ਚੁੱਕੀਆਂ ਫੋਕੀਆਂ ਰਸਮਾਂ ਤੇ ਕਰਮ ਕਾਂਡਾਂ ਨੂੰ ਦੂਰ ਕਰਨ ਲਈ ਪੂਰੇ ਜਤਨਸ਼ੀਲ ਹੋਏ। ਧਾਰਮਿਕ ਤੇ ਸਮਾਜਕ ਜਾਗ੍ਰਿਤੀ ਲਿਆਉਣ ਤੋਂ ਬਿਨਾਂ ਉਹਨਾਂ ਨੇ ਲੋਕਾਂ ਵਿਚ ਰਾਜਨੀਤਿਕ ਚੇਤੰਨਤਾ ਵੀ ਪੈਦਾ ਕੀਤੀ। ਇਸ ਮਹਾਨ ਸ਼ਖ਼ਸੀਅਤ ਨੇ ਭਾਰਤ ਦੀ ਹੋਣੀ ਬਦਲ ਕੇ ਰੱਖ ਦਿਤੀ ਅਤੇ ਸਦੀਆਂ ਤੋਂ ਸੁਤੀ ਹੋਈ ਕੌਮ ਨੂੰ ਜਗਾ ਦਿਤਾ। ਗੁਰੂ ਜੀ ਨੇ ਜਨਤਾ ਨੂੰ ਗਿਆਨ ਸੱਚ ਅਤੇ ਨੇਕੀ ਦਾ ਰਾਹ ਦਸ ਕੇ ਅਗਵਾਈ ਕੀਤੀ। ਉਹਨਾਂ ਆਪਣੀ ਅੰਮ੍ਰਿਤ ਰਸ ਭਿੰਨੀ ਬਾਣੀ ਨਾਲ ਜਨਤਾ ਨੂੰ ਅਮਰਤਾ ਦਾ ਸੰਦੇਸ਼ ਦਿੱਤਾ। ਇਸ ਸੰਬੰਧੀ ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਇਉਂ ਸੰਕੇਤ ਕਰਦੇ ਹਨ :

ਸੁਣੀ ਪੁਕਾਰ ਦਾਤਾਰ ਪ੍ਰਭੂ ਗੁਰੂ ਨਾਨਕ ਜਗ ਮਾਹਿ ਪਠਾਇਆ ॥
ਚਰਨ ਧੋਇ ਰਹਿਰਾਸਿ ਕਰ ਚਰਣਾਮ੍ਰਿਤੁ ਸਿੱਖਾਂ ਪੀ ਲਾਇਆ ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਦਿਆ ॥
ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ ॥
ਰਾਣਾ ਰੰਕ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ ॥
ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸੁ ਨਿਵਾਇਆ ॥
ਕਲਿਜੁਗੁ ਬਾਬੇ ਤਾਰਿਆ, 'ਸਤਿਨਾਮੁ' ਪੜਿ ਮੰਤ੍ਰ ਸੁਣਾਇਆ ॥
ਕਲਿ ਤਾਰਣਿ ਗੁਰੂ ਨਾਨਕ ਆਇਆ ॥੨੩॥

ਗੁਰੂ ਨਾਨਕ ਦਾ ਜਨਮ ਪਿਤਾ ਸ੍ਰੀ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਜੀ ਦੀ ਕੁਖੋਂ ਵਿਸਾਖ ਸੁਦੀ 3, ਸੰਮਤ 1526 ਬਿ: ਅਰਥਾਤ 15 ਅਪ੍ਰੈਲ 1469ਈ. ਨੂੰ ਜ਼ਿਲਾ ਸ਼ੇਖੂ-ਪੁਰਾ ਦੇ ਨਗਰ ਰਾਇ ਭੋਇ ਦੀ ਤਲਵੰਡੀ ਵਿਚ (ਜੋ ਹੁਣ ਨਾਨਕਿਆਣਾ ਸਾਹਿਬ ਨਾਂ ਨਾਲ ਪ੍ਰਸਿੱਧ ਹੈ ਤੇ ਪਾਕਿਸਤਾਨ ਵਿਚ ਹੈ) ਹੋਇਆ।[1] ਇਹ ਨਗਰ ਲਾਹੌਰ ਤੋਂ ਲਗਭਗ 40 ਮੀਲ ਦੀ ਵਿੱਥ ਉਤੇ ਸਥਿਤ ਹੈ। ਸਿੱਖ ਕੌਮ ਗੁਰੂ ਜੀ ਦਾ ਜਨਮ ਦਿਨ ਹਰ ਸਾਲ ਕਤਕ ਦੀ ਪੂਰਨਮਾਸ਼ੀ ਨੂੰ ਬੜੀ ਧੂਮ ਨਾਲ ਮਨਾਉਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਿਤਾ ਕਾਲੂ ਤਲਵੰਡੀ ਦੇ ਜਾਗੀਰਦਾਰ ਰਾਇ ਬੁਲਾਰ ਭੱਟੀ ਕੋਲ ਮੁਲਾਜ਼ਮ[2] ਸਨ। ਉਹ ਇਕ ਨੇਕ ਦਿਲ ਅਤੇ ਧਾਰਮਿਕ ਵਿਅਕਤੀ ਸਨ। ਇਲਾਕੇ ਤੇ ਭਾਈ ਚਾਰੇ ਵਿਚ ਉਹਨਾਂ ਦਾ ਚੰਗਾ ਆਦਰ ਮਾਣ ਸੀ। ਗੁਰੂ ਨਾਨਕ ਸਾਹਿਬ ਮਹਿਤਾ ਕਾਲੂ ਦੇ ਘਰ ਇਕਲੌਤੇ ਪੁੱਤਰ ਸਨ। ਗੁਰੂ ਜੀ ਦੀ ਇਕੋ ਇਕ ਭੈਣ ਬੇਬੇ ਨਾਨਕੀ ਸੀ ਜੋ ਆਪ ਤੋਂ ਉਮਰ ਵਿਚ ਪੰਜ ਸਾਲ ਵੱਡੀ ਸੀ। ਇਕਲੌਤੇ ਪੁੱਤਰ ਹੋਣ ਕਰਕੇ ਸਾਰੇ ਪਰਿਵਾਰ ਵਲੋਂ ਆਪ ਨੂੰ ਲਾਡ ਪਿਆਰ ਬਹੁਤ ਮਿਲਿਆ ਅਤੇ ਆਪ ਦੀ ਵਿਦਿਆ ਲਈ ਹਰ ਪ੍ਰਕਾਰ ਦਾ ਪ੍ਰਬੰਧ ਕੀਤਾ ਗਿਅ। 1475 ਈ. ਵਿਚ ਗੋਪਾਲ ਪੰਡਿਤ ਪਾਸ ਹਿੰਦੀ, 1478 ਈ. ਵਿਚ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਅਤੇ 1482 ਈ, ਵਿਚ ਮੌਲਵੀ ਕੁਤਬਦੀਨ ਪਾਸ ਫ਼ਾਰਸੀ ਪੜ੍ਹਨ ਬਿਠਾਏ ਗਏ ਪਰੰਤੂ ਆਪ ਇਹਨਾਂ ਤਿੰਨਾ ਉਸਤਾਦਾਂ ਤੋਂ ਪੜ੍ਹਨ ਦੀ ਥਾਂ ਉਹਨਾਂ ਨੂੰ ਪੜ੍ਹਾਉਣ ਲਗ ਗਏ। ਗੁਰੂ ਜੀ ਨੇ ਉਹਨਾਂ ਨੂੰ ਵਿਦਿਆ ਦਾ ਅਸਲ ਮਹੱਤਵ ਦੱਸ ਕੇ ਆਪਣੀ ਅਦੁੱਤੀ ਪ੍ਰਤਿਭਾ ਦੁਆਰਾ ਹੈਰਾਨ ਕਰ ਦਿੱਤਾ। ਗੁਰੂ ਜੀ ਨੇ ਕਿਹਾ ਕਿ ਵਿਦਿਆ ਦੇ ਸਹੀ ਤੱਤ ਜਾਣੇ ਬਿਨਾ ਪੜ੍ਹਿਆ ਹੋਇਆ ਵੀ ਮੂਰਖ ਹੈ। ਆਪ ਦੇ ਅਧਿਆਤਮਕ ਗਿਆਨ ਅਗੇ ਤਿੰਨਾਂ ਵਿਚੋਂ ਕੋਈ ਨਾ ਠਹਿਰ ਸਕਿਆ।

ਇਸੇ ਸਾਲ ਮਾਪਿਆਂ ਨੇ ਭਾਈਚਾਰੇ ਤੇ ਆਪਣੀ ਕੁਲ ਦੀ ਮਰਯਾਦਾ ਮੁਤਾਬਕ ਗੁਰੂ ਜੀ ਨੂੰ ਜਨੇਊ ਪਹਿਨਾਉਣ ਲਈ ਕੁਲਪ੍ਰੋਹਿਤ ਪੰਡਿਤ ਹਰਦਿਆਲ ਸੱਦਿਆ। ਜਦ ਪ੍ਰੋਹਿਤ ਮੰਤਰਾਂ ਦੇ ਉਚਾਰਣ ਉਪਰੰਤ ਗੁਰੂ ਜੀ ਦੇ ਗਲ ਵਿਚ ਜਨੇਊ ਪਾਉਣ ਲਗਾ ਤਾਂ ਆਪ ਨੇ ਉਸ ਦਾ ਹੱਥ ਫੜ ਲਿਆ ਅਤੇ ਜਨੇਊ ਨੂੰ ਜਾਤਿ ਬੰਧਨ ਕਹਿਕੇ ਪਹਿਨਣ ਤੋਂ ਇਨਕਾਰ ਕਰ ਦਿੱਤਾ। ਆਪ ਨੇ ਪੰਡਿਤ ਨੂੰ ਜੀਵਨ-ਅੰਮ੍ਰਿਤ ਪ੍ਰਦਾਨ ਕਰਨ ਵਾਲਾ ਜਨੇਊ ਪਾਉਣ ਲਈ ਕਿਹਾ :

> ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ ॥
> ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
>
> [ਸਲੋਕ ਆਸਾ ਦੀ ਵਾਰ, ਮਹਲਾ ੧

ਛੋਟੀ ਉਮਰੇ ਧਾਰਮਿਕ ਰਹੁ-ਰੀਤਾਂ ਅਤੇ ਕਰਮ-ਕਾਂਡਾਂ ਵਿਰੁਧ ਭਰੀ ਬਰਾਦਰੀ ਸਾਮ੍ਹਣੇ ਗੁਰੂ ਜੀ ਦਾ ਇਹ ਪਹਿਲਾ ਵਿਦਰੋਹ ਸੀ। ਗੁਰੂ ਜੀ ਨੇ ਸਪਸ਼ਟ ਸ਼ਬਦਾਂ ਵਿਚ ਧਾਗੇ ਦੇ ਜਨੇਊ ਦੀ ਥਾਂ ਅਜੇਹੇ ਜਨੇਊ ਦੀ ਲੋੜ ਉਤੇ ਬਲ ਦਿੱਤਾ ਜੋ ਦਇਆ, ਸੰਤੋਖ ਤੇ ਜਤ ਸਤ ਦੀ ਸ਼ਕਤੀ ਦੇ ਸਕੇ।

ਗੁਰੂ ਸਾਹਿਬ ਦਾ ਮਨ ਸਦਾ ਕਰਤਾਰ ਦੇ ਚਿੰਤਨ ਵਿਚ ਲੀਨ ਰਹਿੰਦਾ ਅਤੇ ਆਪ ਸੰਸਾਰਕ ਵਿਹਾਰਾਂ ਵਲ ਧਿਆਨ ਨਹੀਂ ਦਿੰਦੇ ਸਨ। ਆਪ ਸਾਧਾਂ ਸੰਤਾਂ ਤੇ ਫਕੀਰਾਂ ਦੀ ਸੰਗਤ ਕਰਕੇ ਖੁਸ਼ ਰਹਿੰਦੇ ਅਤੇ ਜਦੋਂ ਵੀ ਕਿਤੇ ਇਕੱਲ ਹੁੰਦੇ ਤਾਂ ਆਪਣੇ ਆਪ ਵਿਚ ਮਸਤ ਰਹਿੰਦੇ। ਮਾਪਿਆਂ ਦੀ ਇਹ ਵੱਡੀ ਇੱਛਾ ਸੀ ਕਿ ਉਹ ਘਰ ਦੇ ਕਾਰੋਬਾਰ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੱਗਣ । ਮਾਪੇ ਗੁਰੂ ਜੀ ਦੀ ਇਸ ਉਦਾਸੀ ਤੇ ਉਪਰਾਮਤਾ ਦੇ ਰਵੱਈਏ ਨੂੰ ਵੇਖ ਕੇ ਬਹੁਤ ਫਿਕਰਮੰਦ ਹੋਏ । ਸੰਸਾਰੀ ਕਾਰ ਵਿਹਾਰ ਵਿਚ ਲਾਉਣ ਲਈ ਉਹਨਾਂ ਗੁਰੂ ਨਾਨਕ ਨੂੰ ਮੱਝਾਂ ਚਾਰਨ ਲਈ ਖੇਤਾਂ ਵਲ ਭੇਜਿਆ; ਪਰ ਆਪ ਦੀ ਉਥੇ ਵੀ ਪ੍ਰਭੂ ਨਾਲ ਲਿਵ ਜੁੜ ਜਾਂਦੀ ਤੇ ਮੱਝਾਂ ਕਿਸੇ ਦਾ ਖੇਤ ਚਰ ਜਾਂਦੀਆਂ । ਉਲ੍ਹਾਮੇ ਆਉਣ ਲਗੇ । ਕਿਸੇ ਨੇ ਰਾਇ ਬੁਲਾਰ ਕੋਲ ਜਾ ਸ਼ਕਾਇਤ ਕੀਤੀ । ਪਰ ਜਦ ਰਾਇ ਬੁਲਾਰ ਮੌਕੇ ਤੇ ਪੁੱਜ ਕੇ ਖੇਤ ਦਾ ਹੋਇਆ ਨੁਕਸਾਨ ਵੇਖਣ ਗਿਆ ਤਾਂ ਉਥੇ ਕੁਝ ਵੀ ਬਰਬਾਦ ਨਹੀਂ ਹੋਇਆ ਸੀ। ਗੁਰੂ ਜੀ ਉਸ ਸਮੇਂ ਪ੍ਰਭੂ ਰੰਗ ਵਿਚ ਰੰਗੇ ਹੋਏ ਭਗਤੀ ਵਿਚ ਲੀਨ ਸਨ । ਆਖਿਰ ਮਾਪਿਆਂ ਨੇ ਇਹ ਕੰਮ ਛੁਡਵਾਇਆ । ਉਪਰੰਤ ਹੱਟੀ ਪਾ ਕੇ ਵਪਾਰ ਵਿਚ ਲਾਉਣ ਦੀ ਸਲਾਹ ਬਣਾਈ । ਹੱਟੀ ਲਈ ਨੇੜੇ ਸ਼ਹਿਰ ਚੂਹੜਕਾਣੇ ਤੋਂ ਸੌਦਾ ਖਰੀਦ ਕੇ ਲਿਆਉਣ ਲਈ 20 ਰੁਪਏ ਦਿੱਤੇ । ਪਰੰਤੂ ਆਪ ਨੇ ਉਹ 20 ਰੁਪਏ ਰਸਤੇ ਵਿਚ ਹੀ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣ ਤੇ ਲਾ ਦਿਤੇ ਅਤੇ ਖਾਲੀ ਹੱਥ ਘਰ ਆ ਗਏ । ਪਤਾ ਲੱਗਣ ਉਤੇ ਮਾਪੇ ਨਾਰਾਜ਼ ਹੋਏ ਤੇ ਪਿਤਾ ਨੇ ਸਖਤ ਝਾੜ ਪਾਈ । ਸੌਦਾ ਨਾ ਖਰੀਦ ਕੇ ਲਿਆਉਣ ਬਾਰੇ ਪੁੱਛਣ ਉਤੇ ਆਪ ਨੇ ਸਹਿਜੇ ਹੀ ਕਹਿ ਦਿਤਾ : "ਤੁਸੀਂ ਸੱਚਾ ਸੌਦਾ ਕਰਨ ਲਈ ਕਿਹਾ ਸੀ, ਕੀ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣਾ ਸੱਚਾ ਸੌਦਾ ਨਹੀਂ ?"

ਗੁਰੂ ਜੀ ਜਿਉਂ ਜਿਉਂ ਵੱਡੇ ਹੁੰਦੇ ਗਏ, ਉਨ੍ਹਾਂ ਦੇ ਸੁਭਾ ਵਿਚ ਗੰਭੀਰਤਾ ਤੇ ਉਪਰਾਮਤਾ ਦਾ ਵਾਧਾ ਹੁੰਦਾ ਗਿਆ । ਪਿਤਾ ਨੇ ਕਦੇ ਖੇਤੀ, ਕਦੇ ਦੁਕਾਨਦਾਰੀ ਤੇ ਕਦੇ ਘੋੜਿਆਂ ਦੀ ਸੌਦਾਗਰੀ ਕਰਨ ਦੀ ਸਲਾਹ ਦਿੱਤੀ, ਮਾਂ ਵੀ ਸਮਝਾਉਣ ਦਾ ਜਤਨ ਕਰਦੀ ਪਰੰਤੂ ਸਭ ਬੇ-ਅਸਰ । ਗੁਰੂ ਜੀ ਨੇ ਖਾਣਾ ਪੀਣਾ ਵੀ ਭੁਲਾ ਦਿੱਤਾ । ਮਾਪਿਆਂ ਨੇ ਗ੍ਰਿਹਸਥ ਵਿਚ ਪਾਉਣ ਦਾ ਆਖਰੀ ਹਥਿਆਰ ਵਰਤਣ ਦੀ ਸਲਾਹ ਬਣਾਈ । ਉਨ੍ਹਾਂ ਸੋਚਿਆ ਸ਼ਾਇਦ ਗ੍ਰਿਹਸਥ ਵਿਚ ਪੈ ਕੇ ਸੰਸਾਰੀ ਕਾਰ ਵਿਹਾਰ ਚਲਾਉਣ ਨਾਲ ਇਨ੍ਹਾਂ ਦੀ ਤਬੀਅਤ ਵਿਚ ਕੋਈ ਤਬਦੀਲੀ ਆ ਸਕੇ । ਆਪ ਅਠਾਰਾਂ ਕੁ ਸਾਲ ਦੇ ਹੋਏ ਤਾਂ ਆਪ ਦੀ ਸ਼ਾਦੀ ਬਟਾਲਾ (ਜਿਲਾ ਗੁਰਦਾਸ ਪੁਰ) ਨਿਵਾਸੀ ਭਾਈ ਮੂਲ ਚੰਦ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ 1487 ਈ. ਵਿਚ ਕਰ ਦਿੱਤੀ ਗਈ । ਇਨ੍ਹਾਂ ਦੀ ਸ਼ਾਦੀ ਗੁਰੂ ਪ੍ਰਥਾ ਅਨੁਸਾਰ ਹੋਈ ਅਤੇ ਇਸ ਨੂੰ ਵੇਖ ਕੇ ਇਹਨਾਂ ਦੀ ਸੱਸ ਚੰਦੋ ਰਾਣੀ (ਸਭਰਾਣੀ) ਨੂੰ ਅਪਾਰ ਖੁਸ਼ੀ ਹੋਈ । ਗੁਰੂ ਜੀ ਨੇ ਪਾਖੰਡਵਾਦੀ ਵਿਵਾਹਕ ਰਸਮਾਂ ਨੂੰ ਸਵੀਕਾਰ ਨਹੀਂ ਕੀਤਾ । ਇਨ੍ਹਾਂ ਦੇ ਦੋ ਸਪੁੱਤਰ ਸ੍ਰੀ ਚੰਦ ਤੇ ਲਖਮੀ ਚੰਦ ਪੈਦਾ ਹੋਏ । ਇਸ ਤਰ੍ਹਾਂ ਆਪ ਦੀ ਜ਼ਿੰਮੇਵਾਰੀ ਜ਼ਰੂਰ ਵਧ ਗਈ, ਪਰ ਆਪ ਸੰਸਾਰੀ ਕੰਮਾਂ ਵਿਚ ਵਧੇਰੇ ਖ਼ਚਤ ਨਾ ਹੋ ਸਕੇ । ਆਪ ਦੀ ਨਿੱਤ ਵਧ ਰਹੀ ਵੈਰਾਗਮਈ ਅਵਸਥਾ ਨੂੰ ਨਾ ਸਮਝਦਿਆਂ ਹੋਇਆਂ ਵੈਦਾਂ ਨੇ ਦੁਆ ਦਾਰੂ ਦੁਆਰਾ ਆਪਣਾ ਟਿੱਲ ਲਾਇਆ. ਪਰ ਰੋਗ ਆਤਮਿਕ ਸੀ, ਸਰੀਰਕ ਹੁੰਦਾ ਤਾਂ ਦਵਾਈ ਕਾਟ ਕਰਦੀ । ਗੁਰੂ ਜੀ ਕਹਿਣ ਲਗੇ :

ਵੈਦ ਬੁਲਾਇ ਵੈਦਗੀ ਪਕੜਿ ਢੰਢੋਲੇ ਬਾਂਹ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭੁੋਲਾ ਵੈਦੁ ਨਾ ਜਾਣਈ ਕਰਕ ਕਲੇਜੇ ਮਾਹਿ ॥

[ਸਲੋਕ ਮਲਾਰ ਕੀ ਵਾਰ, ਮਹਲਾ ੧

ਇਨ੍ਹਾਂ ਦੇ ਪਿਤਾ ਮਹਿਤਾ ਕਾਲੂ ਨੇ ਇਨ੍ਹਾਂ ਦੇ ਵੈਰਾਗਮਈ ਸੁਭਾ ਨੂੰ ਵੇਖ ਕੇ ਇਹ ਸੋਚਿਆ ਕਿ ਇਨ੍ਹਾਂ ਦਾ ਦਿਲ ਇਥੇ ਨਹੀਂ ਲਗਦਾ ਇਸ ਲਈ ਇਨ੍ਹਾਂ ਨੂੰ ਵੱਡੀ ਭੈਣ ਨਾਨਕੀ ਪਾਸ ਸੁਲਤਾਨਪੁਰ ਭੇਜ ਦਿੱਤਾ ਜਾਏ। ਉਥੇ ਕਿਸੇ ਕੰਮ ਕਾਜ ਵਿਚ ਲਗ ਕੇ ਸ਼ਾਇਦ ਇਨ੍ਹਾਂ ਦਾ ਮਨ ਲਗ ਜਾਏ। ਬੀਬੀ ਨਾਨਕੀ ਦਾ ਪਤੀ ਜੈਰਾਮ ਉਸ ਸਮੇਂ ਸੁਲਤਾਨਪੁਰ ਲੋਧੀ ਵਿਖੇ ਦੌਲਤ ਖਾਂ ਲੋਧੀ ਪਾਸ ਨੌਕਰੀ ਕਰਦਾ ਸੀ। ਉਸ ਨੇ ਆਪਣੇ ਰਸੂਖ਼ ਨਾਲ ਗੁਰੂ ਨਾਨਕ ਦੇਵ ਜੀ ਨੂੰ ਮੋਦੀ ਖਾਨੇ ਵਿਚ ਨੌਕਰੀ ਉਤੇ ਲੁਆ ਦਿੱਤਾ। ਸਾਰੇ ਪਰਿਵਾਰ ਨੂੰ ਖੁਸ਼ੀ ਹੋਈ ਗੁਰੂ ਨਾਨਕ ਜੀ ਨੇ ਆਪਣਾ ਸਾਰਾ ਪਰਿਵਾਰ ਆਪਣੇ ਕੋਲ ਬੁਲਾ ਲਿਆ। ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਦਾ ਦੌਰ ਚਲਾਇਆ। ਭਾਈ ਮਰਦਾਨਾ ਜੋ ਤਲਵੰਡੀ ਦਾ ਹੀ ਰਹਿਣ ਵਾਲਾ, ਆਪ ਦਾ ਪੱਕਾ ਸ਼ਰਧਾਲੂ ਤੇ ਇਕ ਚੰਗਾ ਰਬਾਬੀ ਸੀ, ਉਹ ਵੀ ਗੁਰੂ ਸਾਹਿਬ ਕੋਲ ਸੁਲਤਾਨਪੁਰ ਲੋਧੀ ਆ ਟਿਕਿਆ। ਗੁਰੂ ਜੀ ਇਥੇ ਕੋਈ ਲਗਭਗ 10 ਸਾਲ ਰਹੇ। ਇਥੇ ਰਹਿੰਦਿਆਂ ਗੁਰੂ ਜੀ ਨੇ ਬੜੀ ਸਿਆਣਪ ਈਮਾਨਦਾਰੀ ਤੇ ਤਨਦੇਹੀ ਨਾਲ ਕੰਮ ਕੀਤਾ ਅਤੇ ਹਜ਼ਾਰਾਂ ਦਾ ਲਾਭ ਹੋਣ ਲੱਗਾ। ਗੁਰੂ ਜੀ ਨੇ ਇਸ ਦੇ ਨਾਲ ਪ੍ਰਭੂ-ਚਿੰਤਨ ਦਾ ਕਾਰਜ ਵੀ ਜਾਰੀ ਰਖਿਆ। ਆਪ ਨੂੰ ਜਦੋਂ ਵੀ ਵਿਹਲ ਮਿਲਦੀ ਭਾਈ ਮਰਦਾਨੇ ਨਾਲ ਰਲ ਕੇ ਪ੍ਰਭੂ ਦੇ ਨਾਮ ਦਾ ਕੀਰਤਨ ਕਰਦੇ। ਹਰ ਰੋਜ ਅੰਮ੍ਰਿਤ ਵੇਲੇ ਉੱਠ ਕੇ ਵੇਈਂ ਨਦੀ ਤੇ ਇਸ਼ਨਾਨ ਕਰਨ ਜਾਂਦੇ। ਵੇਈਂ ਨਦੀ ਦੇ ਕੰਢੇ ਇਕਾਂਤ ਵਿਚ ਕਿੱਨਾ ਕਿੱਨਾ ਚਿਰ ਪ੍ਰਭੂ ਨਾਲ ਲਿਵ ਜੋੜ ਕੇ ਭਜਨ ਬੰਦਗੀ ਕਰਦੇ। ਆਪਣੀ ਕਮਾਈ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਦੇ। ਇਸੇ ਦੌਰਾਨ ਗੁਰੂ ਜੀ ਨੇ ਗਰੀਬਾਂ, ਸੰਤਾਂ ਤੇ ਮਹਾਂ ਪੁਰਸ਼ਾਂ ਲਈ ਲੰਗਰ ਜਾਰੀ ਕਰ ਦਿਤਾ। ਗੁਰੂ ਜੀ ਦੀ ਵਡਿਆਈ ਚਾਰ ਚੁਫੇਰੇ ਹੋਣ ਲਗੀ। ਕਈ ਲੋਕ ਆਪ ਦੇ ਸ਼ਰਧਾਲੂ ਤੇ ਸਤਿਸੰਗੀ ਬਣ ਗਏ। ਆਪ ਸਚੇ ਅਰਥਾਂ ਵਿਚ ਦੀਨ ਦੁਖੀ ਲੋਕਾਂ ਦੇ ਦਿਲਾਂ ਦੇ ਬਾਦਸ਼ਾਹ ਬਣ ਗਏ। ਦੌਲਤ ਖਾਨ ਵੀ ਗੁਰੂ ਜੀ ਦੇ ਕੰਮ ਤੋਂ ਬਹੁਤ ਖੁਸ਼ ਹੋਇਆ।

ਗੁਰੂ ਦੀ ਦਿਨੋ ਦਿਨ ਵਧ ਰਹੀ ਸ਼ੋਭਾ ਨੂੰ ਵੇਖ ਕੇ ਕੁਝ ਲੋਕ ਉਹਨਾਂ ਨਾਲ ਖਾਰ ਖਾਣ ਲਗੇ। ਇਕ ਦਿਨ ਆਪ ਜਿਨਸ ਤੋਲਦੇ ਤੋਲਦੇ, ਜਦ ਤੇਰਾਂ ਦੀ ਧਾਰਨ ਤੇ ਪੁੱਜੇ ਤਾਂ ਆਪ ਦੀ ਸੁਰਤੀ "ਤੇਰਾ, ਤੇਰਾ" ਕਰਨ ਲਗ ਪਈ। ਇਸ ਤਰ੍ਹਾਂ ਆਪ ਨੇ ਕਈ ਇਕ ਧਾਰਨਾਂ ਤੋਲ ਛੱਡੀਆਂ। ਦੋਖੀਆਂ ਵਿਚੋਂ ਕਿਸੇ ਇਕ ਨੇ ਨਵਾਬ ਪਾਸ ਜਾ ਚੁਗਲੀ ਕੀਤੀ ਕਿ ਗੁਰੂ ਨਾਨਕ ਮੋਦੀ ਖਾਨਾ ਲੁਟਾਈ ਜਾ ਰਿਹਾ ਹੈ। ਉਹ ਆਪ ਨੂੰ ਪੂਰਾ ਨਫਾ ਕਮਾ ਕੇ ਨਹੀਂ ਦਿੰਦਾ ਅਤੇ ਕਈ ਵੇਰੀ ਤਾਂ ਅਨਾਜ ਆਦਿ ਤੋਲਦਿਆਂ 'ਤੇਰਾ ਤੇਰਾ ਕਹਿ ਕੇ ਜ਼ਰੂਰਤਮੰਦਾਂ ਨੂੰ ਕਾਫੀ ਤੋਂ ਵੱਧ ਦੇ ਦਿੰਦਾ ਹੈ। ਬੇਅੰਤ ਅੰਨ-ਦਾਨਾ ਵੰਡੀ ਜਾ ਰਿਹਾ ਹੈ। ਇਹਨਾਂ ਸ਼ਿਕਾਇਤਾਂ ਦੀ ਗੁਰੂ ਜੀ ਪਰਵਾਹ ਨਹੀਂ ਕਰਦੇ ਹਨ ਅਤੇ ਅਨਾਥਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਮੱਦਦ ਕਰਦੇ ਰਹਿੰਦੇ ਸਨ। ਰੋਜ ਦੀਆਂ ਸ਼ਿਕਾਇਤਾਂ ਨੂੰ ਸੁਣ ਕੇ ਆਖਰ ਇਕ ਦਿਨ ਨਵਾਬ ਨੇ ਉਹਨਾਂ ਦੇ ਮੋਦੀ ਖਾਨੇ ਦੀ ਜਾਂਚ-ਪੜਤਾਲ ਕਰਨ ਦਾ ਹੁਕਮ ਦਿੱਤਾ। ਮੋਦੀ ਖਾਨੇ ਦੇ ਹਿਸਾਬ ਕਿਤਾਬ ਤੇ ਉਸ ਵਿਚ ਪਏ ਮਾਲ ਦੀ ਪੜਤਾਲ ਹੋਈ ਜੋ ਸਭ ਠੀਕ ਨਿਕਲਿਆ। ਇਹ ਵੇਖ ਕੇ ਨਵਾਬ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਝੂਠੀਆਂ ਸਾਬਤ ਹੋਈਆਂ।

ਨਿੱਤ ਦੇ ਨੇਮ ਅਨੁਸਾਰ ਗੁਰੂ ਜੀ ਇਕ ਦਿਨ ਤੜਕਸਾਰ ਆਪਣੇ ਇਕ ਸੇਵਕ ਨਾਲ ਵੇਈਂ ਨਦੀ ਤੇ ਇਸ਼ਨਾਨ ਕਰਨ ਲਈ ਗਏ, ਟੁਬੀ ਮਾਰੀ ਪਰ ਵਾਪਸ ਨਾ ਪਰਤੇ। ਲੋਕਾਂ ਵਿਚ ਚਹੁੰ ਪਾਸੀਂ ਇਹ ਗਲ ਧੁੰਮ ਗਈ ਕਿ ਨਾਨਕ ਡੁੱਬ ਗਿਆ ਹੈ। ਹਰ ਪਾਸੇ ਹਾਹਾਕਾਰ ਮੱਚ ਗਈ। ਇਸ ਗਲ ਦਾ ਜਦ ਉਹਨਾਂ ਦੀ ਭੈਣ ਨਾਨਕੀ ਨੂੰ ਪਤਾ ਲਗਾ ਤਾਂ ਉਹਨਾਂ ਨੂੰ ਗੁਰੂ ਨਾਨਕ ਦੇ ਡੁੱਬਣ ਦਾ ਬਿਲਕੁਲ ਯਕੀਨ ਨਾ ਆਇਆ। ਗੁਰੂ ਜੀ ਅਸਲ ਵਿਚ ਡੁੱਬੇ ਨਹੀਂ ਸਨ ਉਹ ਤਾਂ ਉਸ ਸਮੇਂ ਆਤਮਲੀਨ ਹੋ ਕੇ 'ਸਚਖੰਡ' ਵਿਚ ਜਾ ਪੁੱਜੇ ਅਤੇ ਉਥੇ ਜਾ ਕੇ ਅਕਾਲ ਪੁਰਖ ਤੋਂ ਅੰਮ੍ਰਿਤਪਾਨ ਕੀਤਾ। ਪੁਰਾਤਨ ਜਨਮ ਸਾਖੀ ਦਾ ਕਰਤਾ ਲਿਖਦਾ ਹੈ ਕਿ ਗੁਰੂ ਜੀ ਦੇ ਵੇਈਂ ਨਦੀ ਵਿਚ ਚੁੰਭੀ ਮਾਰਨ ਸਮੇਂ ਪ੍ਰਭੂ ਦੇ ਸੇਵਕ ਉਹਨਾਂ ਨੂੰ ਪ੍ਰਭੂ ਦੀ ਦਰਗਾਹ ਵਿਚ ਲੈ ਗਏ। ਉਥੇ ਪਰਮਾਤਮਾ ਨੇ ਗੁਰੂ ਜੀ ਨੂੰ ਜੋ ਉਪਦੇਸ਼ ਦਿਤਾ, ਜਨਮ ਸਾਖੀ ਅਨੁਸਾਰ ਉਹ ਇਸ ਪ੍ਰਕਾਰ ਹੈ :

> ਨਾਨਕ ਮੈਂ ਤੇਰੇ ਨਾਲ ਹਾਂ। ਮੈਂ ਤੇਰੇ ਤਾਈਂ ਨਿਹਾਲ ਕੀਆ ਹੈ, ਅਰੁ ਜੋ ਤੇਰਾ ਨਾਉ ਲਵੇਗਾ ਸੋ ਸਭ ਮੈਂ ਨਿਹਾਲ ਕੀਤੇ ਹੈਨਿ। ਤੂੰ ਜਾਇ ਕਰਿ ਮੇਰਾ ਨਾਮੁ ਜਪਿ, ਅਹੁ ਲੋਕਾਂ ਥੀਂ ਭੀ ਜਪਾਇ। ਅਰੁ ਸੰਸਾਰਿ ਥੀ ਨਿਰਲੇਪੁ ਰਹੁ, ਨਾਮੁ, ਦਾਨੁ, ਇਸ਼ਨਾਨੁ, ਸੇਵਾ ਸਿਮਰਨ ਵਿਚ ਰਹੁ, ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ। ਤੂੰ ਏਹਾ ਕਿਰਤਿ ਕਰਿ।[3]

ਇਸ ਘਟਨਾ ਉਪਰੰਤ ਗੁਰੂ ਸਾਹਿਬ ਨੇ ਮੋਦੀ ਖਾਨੇ ਦੀ ਨੌਕਰੀ ਛੱਡ ਦਿੱਤੀ ਤੇ ਸੰਸਾਰ ਰਟਨ, ਨਾਮ ਜਪਾਉਣ ਤੇ ਸੰਸਾਰ ਦਾ ਉਦਾਰ ਕਰਨ ਦਾ ਪ੍ਰੋਗਰਾਮ ਬਣਾ ਲਿਆ। ਇਸ ਤਰ੍ਹਾਂ ਇਹ ਵਾਕਿਆ ਗੁਰੂ ਸਾਹਿਬ ਦੇ ਜੀਵਨ ਵਿਚ ਇਕ ਮਹਾਨ ਮੋੜ ਸਾਬਤ ਹੋਇਆ। ਸੱਚਖੰਡ ਤੋਂ ਪ੍ਰਾਪਤ ਕੀਤੇ ਅੰਮ੍ਰਿਤ ਨੂੰ ਸਾਰੇ ਸੰਸਾਰ ਵਿਚ ਵੰਡਣ ਦੀ ਯੋਜਨਾ ਬਣਾਈ। ਸੰਸਾਰ ਉਧਾਰ ਲਈ ਉਹਨਾਂ ਕਰਮਯੋਗ ਤੇ ਨਾਮ ਮਾਰਗ ਉਤੇ ਚਲਣ ਲਈ ਜੋਰ ਦਿੱਤਾ। ਗੁਰੂ ਜੀ ਨੇ ਤਤਕਾਲੀਨ ਮਾਹੌਲ ਵਿਚ ਲੋਕਾਂ ਦੇ ਦੁੱਖਾਂ ਤਕਲੀਫਾਂ ਅਤੇ ਹਾਕਮ ਸ੍ਰੇਣੀਆਂ ਦੀ ਲੁਟ-ਘਸੁਟ ਨੂੰ ਦੂਰ ਕਰਨ ਲਈ ਇਹ ਜ਼ਰੂਰੀ ਸਮਝਿਆ ਕਿ ਲੋਕਾਂ ਨੂੰ ਆਤਮਿਕ ਤੌਰ ਤੇ ਜਾਗ੍ਰਿਤ ਕੀਤਾ ਜਾਵੇ। ਅਤੇ ਇਹੋ ਮਾਨਵ ਜਾਤੀ ਦੀ ਠੀਕ ਅਗਵਾਈ ਹੈ। ਗੁਰੂ ਜੀ ਨੇ ਵਿਚਾਰਿਆ ਕਿ ਘਰ ਬੈਠ ਕੇ ਉਪਦੇਸ਼ ਕਰਨ ਨਾਲ ਸੰਸਾਰ 'ਤੇ ਪੂਰਨ ਉਪਕਾਰ ਨਹੀਂ ਹੋ ਸਕਦਾ, ਇਸ ਦ੍ਰਿਸ਼ਟੀ ਨਾਲ ਹੀ ਉਹਨਾਂ ਫੁਟ, ਈਰਖਾ ਤੇ ਵੈਰ ਨਾਲ ਸੜਦੀ ਹੋਈ ਲੁਕਾਈ ਨੂੰ ਅੰਮ੍ਰਿਤ ਦਾ ਛੱਟਾ ਦੇਣ ਵਾਸਤੇ ਆਪਣੀਆਂ ਯਾਤਰਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਪ੍ਰੋਗਰਾਮ ਉਲੀਕਿਆ। ਗੁਰੂ ਜੀ ਨੇ ਲੋਕ ਭਲਿਆਈ ਲਈ ਆਪਣਾ ਸੁਖ-ਆਰਾਮ ਤੇ ਪਰਿਵਾਰਕ ਮੋਹ ਪਿਆਰ ਤਿਆਗ ਦਿੱਤਾ ਅਤੇ ਪੈਦਲ ਹੀ ਲੱਖਾਂ ਮੁਸੀਬਤਾਂ ਤੇ ਸਫਰ ਦੇ ਦੁੱਖਾਂ ਨੂੰ ਖਿੜੇ ਮੱਥੇ ਸਹਾਰਦੇ ਹੋਏ ਸਾਰੇ ਭਾਰਤ ਦਾ ਰਟਣ ਲਾਇਆ।

ਗੁਰੂ ਜੀ ਦੇ ਸੰਸਾਰ ਰਟਨ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਗੁਰੂ ਜੀ ਨੇ ਚਾਰ ਵੱਡੀਆਂ ਉਦਾਸੀਆਂ (ਯਾਤਰਾਵਾਂ) ਕੀਤੀਆਂ। ਇਨ੍ਹਾਂ ਦਾ ਸਮਾਂ 1499 ਤੋਂ 1521 ਈ. ਤਕ ਹੈ। ਪਹਿਲੀ ਉਦਾਸੀ 1499 ਤੋਂ 1509 ਈ. ਤਕ ਉੱਤਰੀ ਤੇ ਪੂਰਬੀ ਭਾਰਤ ਦੀ ਕੀਤੀ।

ਇਹ ਉਦਾਸੀ ਆਪ ਨੇ ਸੁਲਤਾਨ ਪੁਰ ਤੋਂ ਆਰੰਭ ਕੀਤੀ ਅਤੇ ਤਲਵੰਡੀ ਵਿਚ ਆਪਣੇ ਮਾਪਿਆਂ ਨੂੰ ਮਿਲ ਕੇ ਅੱਗੇ ਤੁਰੇ। ਯਾਤਰਾ ਸਮੇਂ ਭਾਈ ਮਰਦਾਨਾ ਤੇ ਭਾਈ ਬਾਲਾ ਉਨ੍ਹਾਂ ਦੇ ਸਾਥੀ ਬਣ ਗਏ। ਇਸ ਉਦਾਸੀ ਦੌਰਾਨ ਉਨ੍ਹਾਂ ਨੇ ਕੁਰੂਕਸ਼ੇਤਰ, ਪਾਨੀਪਤ, ਹਰਿਦੁਆਰ, ਦਿੱਲੀ, ਮੱਥਰਾ, ਬਿੰਦਰਾਬਨ, ਅਯੁਧਿਆ, ਬਨਾਰਸ, ਕਾਂਸ਼ੀ, ਪ੍ਰਯਾਗ, ਪਟਨਾ ਕਲਕੱਤਾ, ਗਯਾ, ਭਾਗਲਪੁਰ, ਬਰਦਵਾਨ, ਮਨੀਪੁਰ, ਆਸਾਮ, ਜਗਨ ਨਾਥ ਪੁਰੀ, ਗੋਰਖ ਮਤਾ, ਰਾਮੇਸ਼ਵਰ, ਉਜੈਨ, ਸੋਮਨਾਥ, ਦੁਆਰਕਾ, ਆਦਿ ਥਾਵਾਂ ਦੀ ਯਾਤਰਾ ਕੀਤੀ। ਆਪ ਜਿਥੇ ਵੀ ਗਏ ਉਥੇ ਹੀ ਲੋਕਾਂ ਨੂੰ ਝੂਠੀਆਂ ਰਹੁ-ਰੀਤਾਂ, ਕਰਮ ਕਾਂਡਾਂ, ਪਿਤਰ-ਪੂਜਾ ਅਤੇ ਵਿਖਾਵੇ ਦੇ ਭੇਖਾਂ ਨੂੰ ਤਿਆਗ ਕੇ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਕਾਰਜ ਕਰਦੇ ਹੋਏ ਸੱਚਾ ਤੇ ਸੁੱਚਾ ਜੀਵਨ ਬਤੀਤ ਕਰਨ ਉਤੇ ਜ਼ੋਰ ਦਿਤਾ।

ਦੂਜੀ ਉਦਾਸੀ, 1510 ਤੋਂ 1515 ਈ. ਮੁੜ ਪੰਜਾਬ ਤੋਂ ਆਰੰਭ ਹੋਈ। ਇਸ ਉਦਾਸੀ ਦੇ ਦੌਰਾਨ ਗੁਰੂ ਜੀ ਦੱਖਣ ਵਲ ਸਮੁੰਦਰੀ ਕਿਨਾਰੇ ਦੇ ਨਾਲ ਨਾਲ ਵੱਖ ਵੱਖ ਥਾਵਾਂ ਤੇ ਹੁੰਦੇ ਹੋਏ ਲੰਕਾ ਤਕ ਪੁੱਜੇ ਤੇ ਮੁੜਦੇ ਮੱਧ ਪ੍ਰਦੇਸ਼ਾਂ ਵਿਚੋਂ ਦੀ ਲੰਘਦੇ ਆਏ ਅਤੇ ਥਾਂ ਥਾਂ ਪ੍ਰਭੂ ਦੀ ਮਹਿਮਾ ਦਾ ਉਪਦੇਸ਼ ਦਿੱਤਾ। ਜੈਨੀਆਂ ਦੇ ਧਾਰਮਿਕ ਅਸਥਾਨਾਂ ਉਤੇ ਜਾ ਕੇ ਉਹਨਾਂ ਦੇ ਭਰਮ ਨਿਵਿਰਤ ਕੀਤੇ। ਇਸ ਤਰ੍ਹਾਂ ਇਹਨਾਂ ਦੋਹਾਂ ਉਦਾਸੀਆਂ ਵਿਚ ਆਪ ਨੇ ਲਗ ਭਗ ਸਾਰੇ ਮਹਾਨ ਹਿੰਦੂ ਤੀਰਥਾਂ ਦੀ ਯਾਤਰਾ ਕੀਤੀ ਤੇ ਉਥੋਂ ਦਾ ਸਾਰਾ ਜੀਵਨ ਚੰਗੀ ਤਰ੍ਹਾਂ ਵੇਖਿਆ।

ਤੀਜੀ ਉਦਾਸੀ 1515 ਤੋਂ 1517 ਈ: ਤਕ ਕਸ਼ਮੀਰ ਤੇ ਹਿਮਾਲਾ ਪਰਬਤ ਵਿਚ ਕੀਤੀ। ਆਪ ਕਸ਼ਮੀਰੀ ਪੰਡਿਤਾਂ ਤੇ ਸਿੱਧਾਂ ਜੋਗੀਆਂ ਦੇ ਪ੍ਰਸਿੱਧ ਸਥਾਨਾਂ ਉਤੇ ਗਏ ਫੇਰ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਕੇ ਉਹਨਾਂ ਦੀਆਂ ਅੱਖਾਂ ਖੋਲ੍ਹੀਆਂ। ਗੁਰੂ ਜੀ ਨੇ ਕਿਹਾ ਕਿ ਵਾਸਤਵਿਕ ਜੀਵਨ ਤੋਂ ਦੌੜ ਕੇ ਜੰਗਲਾਂ ਪਹਾੜਾਂ ਉਤੇ ਨਿਵਾਸ ਕਰਨ ਦਾ ਕੋਈ ਲਾਭ ਨਹੀਂ। ਮਹਾਂ ਪੁਰਖਾਂ ਨੂੰ ਗ੍ਰਿਹਸਤੀ ਜੀਵਨ ਵਿਚ ਰਹਿ ਕਿ ਵਰਤਮਾਨ ਸਮੱਸਿਆਵਾਂ ਨਾਲ ਦੋ ਚਾਰ ਹੋਣਾ ਚਾਹੀਦਾ ਹੈ ਤੇ ਭੁੱਲੇ ਹੋਏ ਲੋਕਾਂ ਨੂੰ ਸੱਚ ਦਾ ਮਾਰਗ ਦਸਣਾ ਚਾਹੀਦਾ ਹੈ।

ਚੌਥੀ ਉਦਾਸੀ ਵਿਚ 1517 ਤੋਂ 1521 ਈ. ਤਕ ਆਪ ਨੇ ਮੁਸਲਮਾਨੀ ਦੇਸ਼ਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਰਮਣ ਕੀਤਾ, ਇਸ ਸਮੇਂ ਆਪ ਨੇ ਪੱਛਮ ਦਿਸ਼ਾ ਵਲ ਪਾਕਪਟਨ, ਮੱਕੇ, ਤੁਰਕੀ, ਬਗਦਾਦ ਬਲਖ, ਬੁਖਾਰਾ, ਕਾਬਲ, ਪਿਸ਼ਾਵਰ, ਹਸਨ ਅਬਦਾਲ, ਐਮਨਾਬਾਦ ਆਦਿ ਥਾਵਾਂ ਤੇ ਜਾ ਕੇ ਉਪਦੇਸ਼ ਦਿਤਾ। ਗੁਰੂ ਜੀ ਨੇ ਉਥੇ ਮੁਸਲਮਾਨ ਹਾਜੀਆਂ ਅਤੇ ਮੁਲਾਣਿਆਂ ਦੇ ਸ਼ੰਕੇ ਨਿਵਿਰਤ ਕੀਤੇ। ਉਹਨਾਂ ਦੇ ਸਚੇ ਹਾਜੀ ਤੇ ਸਚੇ ਮੁਸਲਮਾਨ ਦੇ ਗੁਣਾਂ ਨੂੰ ਪ੍ਰਗਟ ਕਰਦੇ ਹੋਏ ਇਨਸਾਨਾਂ ਲਈ ਸ਼ੁਭ ਅਮਲ ਕਰਨ ਉਤੇ ਬਲ ਦਿੱਤਾ।

ਚਹੁ ਦਿਸ਼ਾਵਾਂ ਦੀ ਇਸ ਵਿਸ਼ਾਲ ਯਾਤਰਾ ਨਾਲ ਆਪ ਦਾ ਜੀਵਨ ਅਨੁਭਵ ਹਰ ਪੱਖ ਤੋਂ ਵਧਿਆ। ਗੁਰੂ ਜੀ ਨੇ ਭਾਰਤ ਦੇ ਧਾਰਮਿਕ ਆਗੂਆਂ ਦੀਆਂ ਕਮਜ਼ੋਰੀਆਂ ਵੇਖੀਆਂ, ਆਮ ਜਨਤਾ ਦੀ ਨਬਜ਼ ਨੂੰ ਪਹਿਚਾਣਿਆ, ਉਨ੍ਹਾਂ ਦੀਆਂ ਆਸਾਂ ਤੇ ਇਰਾਦੇ ਸਮਝਣ ਦਾ ਜਤਨ ਕੀਤਾ। ਭਿਖਾਰੀਆਂ, ਚੋਰਾਂ, ਡਾਕੂਆਂ, ਲੁਟੇਰਿਆਂ, ਅਮੀਰਾਂ ਤੇ ਰਾਜੇ ਰਾਣਿਆਂ ਦੇ ਵਾਸਤਵਿਕ ਜੀਵਨ ਦਾ ਅਧਿਐਨ ਕੀਤਾ। ਹਜ਼ਾਰਾਂ ਲੋਕਾ ਨਾਲ ਵਿਚਾਰ-ਵਟਾਂਦਰਾ ਤੇ ਦਲੀਲ ਬਾਜ਼ੀ ਕੀਤੀ ਅਤੇ ਅਨੇਕਾਂ ਦੇ ਵਿਚਾਰ ਸੁਣੇ।

1521 ਈ. ਵਿਚ ਆਪ ਦੀਆਂ ਉਦਾਸੀਆ ਸਮਾਪਤ ਹੋਈਆਂ। ਉਪਰੰਤ ਆਪ ਆਪਣੀ ਪਤਨੀ ਤੇ ਬੱਚਿਆਂ ਸਮੇਤ ਕਰਤਾਰਪੁਰ ਵਿਚ ਟਿਕ ਗਏ। ਇਸ ਵੇਲੇ ਆਪ ਦੀ ਆਯੂ ਭਾਵੇਂ ਪੰਜਾਹ ਸਾਲਾਂ ਤੋਂ ਉਪਰ ਟੱਪ ਚੁੱਕੀ ਸੀ, ਪਰ ਫਿਰ ਵੀ ਆਪ ਆਪਣੇ ਹੱਥੀਂ, ਖੇਤੀ ਕਰਦੇ ਤੇ ਕਿਰਸਾਣੀ ਦੀ ਆਮਦਨ ਵਿਚੋਂ ਲੋਕਾਂ ਲਈ ਲੰਗਰ ਦਾ ਪ੍ਰਬੰਧ ਕਰਦੇ। ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਦੌਰ ਜ਼ੋਰ ਨਾਲ ਚਲਿਆ। ਇਥੋਂ 1521 ਤੇ 1526 ਈ. ਵਿਚ ਕੁਝ ਸਮੇਂ ਲਈ ਆਪ ਸੈਦਪਰ (ਏਮਨਾ ਬਾਦ) ਗਏ। ਜਦੋਂ ਬਾਬਰ ਨੇ ਹਮਲਾ ਕਰ ਕੇ ਇਸ ਸ਼ਹਿਰ ਨੂੰ ਤਬਾਹ ਕੀਤਾ। ਆਪਣੀ ਆਯੂ ਦੇ ਅੰਤਲੇ ਦਿਨੀ 1538 ਈ: ਵਿਚ ਆਪ ਇਕ ਵਾਰ ਅਚਲ-ਵਟਾਲੇ ਗਏ, ਜਿੱਥੇ ਸਿੱਧਾਂ ਨਾਲ ਆਪ ਦੀ ਇਕ ਇਤਿਹਾਸਕ ਗੋਸ਼ਟੀ ਹੋਈ। ਗੁਰੂ ਜੀ ਨੇ ਆਪਣੇ ਜੀਵਨ ਕਾਲ ਵਿਚ ਹੀ ਭਾਈ ਲਹਿਣਾ ਜੀ ਨੂੰ ਜਿਨ੍ਹਾਂ ਦਾ ਨਾਮ ਬਾਅਦ ਵਿਚ ਗੁਰੂ ਅੰਗਦ ਦੇਵ ਜੀ ਹੋਇਆ, ਗੁਰ-ਗੱਦੀ ਸੌਂਪ ਦਿਤੀ :

> ਥਾਪਿਆ ਲਹਿਣਾ ਜੀਂਵਦੇ
> ਗੁਰਿਆਈ ਸਿਰਿ ਛਤ੍ਰ ਫਿਰਾਇਆ ॥
>
> [ਵਾਰਾਂ ਭਾਈ ਗੁਰਦਾਸ

ਆਪ 70 ਸਾਲ, 4 ਮਹੀਨੇ ਅਤੇ 3 ਦਿਨਾਂ ਦੀ ਕੁਲ ਆਯੂ ਭੋਗ ਕੇ ਮਿਤੀ 23 ਅੱਸੂ, ਸੰਮਤ 1596 ਬਿ. ਅਰਥਾਤ 22 ਸਤੰਬਰ 1539 ਈ. ਨੂੰ ਕਰਤਾਰਪੁਰ ਵਿਖੇ ਜੋਤੀ ਜੋਤ ਸਮਾਏ। ਇਸ ਤਰ੍ਹਾਂ ਗੁਰੂ ਜੀ ਦੇ ਪ੍ਰੌੜ ਜੀਵਨ ਦੇ ਇਹ 18 ਸਾਲ ਟਿਕਾਅ ਦਾ ਸਮਾ ਸੀ। ਜਾਪਦਾ ਹੈ ਕਿ ਆਪ ਦੀਆਂ 'ਆਸਾ ਦੀ ਵਾਰ' ਸਮੇਤ ਸਾਰੀਆਂ ਲੰਮੀਆਂ ਬਾਣੀਆਂ ਦੀ ਰਚਨਾ ਇਸ ਕਾਲ ਵਿਚ ਹੋਈ। ਨਿਰਸੰਦੇਹ ਲੰਮੀ ਬਾਣੀ ਦੀ ਰਚਨਾ ਲਈ ਨਾ ਕੇਵਲ ਵਿਸ਼ਾਲ ਅਧਿਐਨ ਦੇ ਤਜਰਬੇ ਦੀ ਲੋੜ ਹੁੰਦੀ ਹੈ, ਸਗੋਂ ਜੀਵਨ ਵਿਚ ਟਿਕਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਤੇ ਲਿਖਣ ਲਈ ਖੁਲ੍ਹੇ ਸਮੇਂ ਦੀ ਵੀ ਲੋੜ ਹੁੰਦੀ ਹੈ। ਗੁਰੂ ਜੀ ਦੀਆਂ ਇਨ੍ਹਾਂ ਬਾਣੀਆਂ ਵਿਚੋਂ ਆਪ ਦੇ ਅਮੀਰ ਜੀਵਨ ਤਜ਼ਰਬੇ ਦੇ ਪ੍ਰਤੱਖ ਪ੍ਰਮਾਣ ਮਿਲਦੇ ਹਨ।

ਗੁਰੂ ਜੀ ਇਕ ਮਹਾਨ ਧਾਰਮਿਕ ਨੇਤਾ ਅਤੇ ਨਿਪੁੰਨ ਕਵੀ ਸਨ। ਆਪ ਦੀ ਸਾਰੀ ਰਚਨਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸ਼ਾਮਿਲ ਹੈ। ਗੁਰੂ ਜੀ ਨੇ 19 ਰਾਗਾਂ ਵਿਚ ਆਪਣੀ ਬਾਣੀ ਰਚੀ ਹੈ। 'ਗੁਰੂ ਗ੍ਰੰਥ ਸਾਹਿਬ' ਵਿਚ ਆਪ ਦੀਆਂ ਇਹ ਬਾਣੀਆਂ ਸ਼ਾਮਿਲ ਹਨ: ਜਪੁ, ਪੱਟੀ, ਰਾਗ ਆਸਾ, ਸਿਧ ਗੋਸਟਿ, ਰਾਮਕਲੀ, ਦੱਖਣੀ ਓਅੰਕਾਰ, ਬਾਰਹਮਾਹ ਤੁਖਾਰੀ, ਆਰਤੀ, ਕੁਚੱਜੀ, ਸੁਚੱਜੀ, ਤਿਥੀ, ਆਸਾ ਦੀ ਵਾਰ, ਮਾਝ ਦੀ ਵਾਰ, ਮਲਾਰ ਦੀ ਵਾਰ, ਅਲਾਹੁਣੀਆਂ, ਪਹਰੇ, ਸੋਦਰ, ਅਸ਼ਟਪਦੀਆਂ, ਛੰਤ, ਪਦੇ, ਸੋਹਲੇ ਅਤੇ ਸਲੋਕ।

ਇਸ ਤੋਂ ਬਿਨਾ ਵਿਦਵਾਨਾਂ ਵਲੋਂ ਹੋਰ ਬਹੁਤ ਸਾਰੀ ਰਚਨਾ ਨੂੰ ਵੀ ਗੁਰੂ ਜੀ ਦੇ ਨਾਂ ਨਾਲ ਜੋੜਿਆ ਜਾਂਦਾ ਹੈ, ਪਰੰਤੂ ਉਸ ਰਚਨਾ ਦੀ ਪ੍ਰਮਾਣਿਕਤਾ ਅਜੇ ਤਕ ਸਥਾਪਿਤ ਨਹੀਂ ਹੋ ਸਕੀ। ਉਹ ਰਚਨਾਵਾਂ ਵਿਚਾਰ ਤੇ ਸ਼ੈਲੀ ਤੋਂ ਆਪ ਦੀਆਂ ਸਿਧ ਨਹੀਂ ਹੁੰਦੀਆਂ, ਬੇਸ਼ਕ ਉਨ੍ਹਾਂ ਰਚਨਾਵਾਂ ਦੇ ਕਰਤਾ ਵੀ ਯੋਗਤਾ ਵਿਚ ਉੱਚੇ ਪੱਧਰ ਦੇ ਜਾਪਦੇ ਹਨ ਪਰ ਬਹੁਤ ਥਾਵਾਂ ਤੇ ਗੁਰੂ ਸਾਹਿਬ ਦੇ ਵਿਚਾਰਾਂ ਤੇ ਸ਼ੈਲੀ ਦਾ ਉਨ੍ਹਾਂ ਰਚਨਾਵਾਂ ਨਾਲੋਂ ਫ਼ਰਕ ਦਿਸ ਪੈਂਦਾ ਹੈ। ਉਸ ਰਚਨਾ ਵਿਚਲੇ ਹਵਾਲਿਆਂ ਤੋਂ ਵੀ ਉਹ ਗੁਰੂ ਸਾਹਿਬ ਦੁਆਰਾ ਉਚਾਰੀ ਹੋਈ ਪ੍ਰਤੀਤ ਨਹੀਂ ਹੁੰਦੀ; ਉਹ ਸ਼ਰਧਾਲੂਆਂ ਦੀ ਕਲਮ ਤੋਂ ਲਿਖੀ ਹੋਈ ਜਾਪਦੀ ਹੈ। ਗੁਰੂ ਸਾਹਿਬ ਦੀ ਕਾਵਿਕ ਮਹਾਨਤਾ ਤੇ ਪ੍ਰਸਿੱਧਤਾ ਤੋਂ ਸੁਆਰਥੀ ਲੋਕਾਂ ਨੇ ਇਹ ਲਾਭ ਉਠਾਣ ਲਈ ਕਿ ਉਨ੍ਹਾਂ ਦੀ ਬਾਣੀ ਸਾਡੇ ਪਾਸ ਹੈ ਤੇ ਉਸ ਦੀ ਪੂਜਾ ਕੀਤੀ ਜਾਵੇ, ਆਪ ਬਾਣੀ ਰਚ ਲਈ ਤੇ ਆਪਣੀਆਂ ਗੱਦੀਆਂ ਕਾਇਮ ਕਰ ਲਈਆਂ, ਅਜੇਹੀ ਰਚਨਾ ਨੂੰ "ਕੱਚੀ ਬਾਣੀ" ਦਾ ਨਾਂ ਦਿੱਤਾ ਗਿਆ ਹੈ। ਇਸ ਬਾਣੀ ਵਿਚੋਂ ਬਹੁਤ ਸਾਰੀ ਰਚਨਾ ਵੱਖ ਵੱਖ ਜਨਮ ਸਾਖੀਆਂ ਵਿਚ ਪ੍ਰਸੰਗ ਅਨੁਸਾਰ ਦਰਜ ਕੀਤੀ ਮਿਲਦੀ ਹੈ।

ਹਵਾਲੇ ਅਤੇ ਟਿੱਪਣੀਆਂ

1. ਭਾਈ ਬਾਲੇ ਵਾਲੀ ਜਨਮ ਸਾਖੀ ਅਤੇ ਗੁਰੂ ਨਾਨਕ ਪ੍ਰਕਾਸ਼ ਵਿਚ ਜਨਮ ਕੱਤਕ ਸੁਦੀ 15 ਦਾ ਲਿਖਿਆ ਹੈ। ਪੁਰਾਣੀਆਂ ਜਿਤਨੀਆਂ ਲਿਖਤਾਂ ਦੀਆਂ ਸਾਖੀਆਂ ਹਨ। ਉਹਨਾਂ ਵਿਚ ਵਿਸਾਖ ਸੁਦੀ 3 ਹੈ : ਜਿਵੇਂ ਪੁਰਾਤਨ ਜਨਮ ਸਾਖੀ, ਮਹਿਮਾ ਪ੍ਰਕਾਸ਼, ਜਨਮ ਸਾਖੀ ਭਾਈ ਮਨੀ ਸਿੰਘ, ਮਿਹਰਬਾਨਵਾਲੀ ਜਨਮ ਸਾਖੀ, ਹਾਫ਼ਜ਼ਾ-

CC-0. In Public Domain. Gurukul Kangri Collection, Haridwar
Free of Cost, and with the Compliments of Deptt. of Education,

Digitized by Arya Samaj Foundation Chennai and eGangotri

ਬਾਦ ਵਾਲੀ ਜਨਮ ਸਾਖੀ। ਪ੍ਰਸਿਧ ਇਤਿਹਾਸ-ਖੋਜੀ ਮੈਕਾਲਿਫ ਤੇ ਭਾਈ ਕਰਮ ਸਿੰਘ ਵੀ ਇਹਨਾਂ ਲਿਖਤਾਂ ਨਾਲ ਸਹਿਮਤ ਹਨ।

2. ਕੁਝ ਵਿਦਵਾਨ ਮਹਿਤਾ ਕਾਲੂ ਨੂੰ ਪਟਵਾਰੀ, ਕੁਝ ਤਸਿਲਦਾਰ ਅਤੇ ਕੁਝ ਤੋਲਾ ਜਾਂ ਹਿਸਾਬ ਕਿਤਾਬ ਰੱਖਣ ਵਾਲਾ ਕਾਰਿੰਦਾ ਲਿਖਦੇ ਹਨ।

3. ਪੁਰਾਤਨ ਜਨਮ ਸਾਖੀ, ਪੰਨਾ 16.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ ਦਾ ਮੂਲ ਉਦੇਸ਼

ਪ੍ਰਿੰਸੀਪਲ ਤੇਜਾ ਸਿੰਘ 'ਆਸਾ ਦੀ ਵਾਰ' ਦਾ ਸਮੁੱਚਾ ਭਾਵ ਪ੍ਰਗਟ ਕਰਦਾ ਹੋਇਆ ਮਿਲਦਾ ਹੈ : ''ਵਾਰ ਵਿਚ ਕਿਸੇ ਇਕ ਮਨੁੱਖ ਦੇ ਜੀਵਨ ਨੂੰ ਲਿਆ ਹੁੰਦਾ ਹੈ। ਆਸਾ ਦੀ ਵਾਰ ਵਿੱਚ ਵੀ ਇਕ ਮਨੁੱਖ ਦੇ ਜੀਵਨ ਨੂੰ ਲਿਆ ਹੈ, ਜੋ ਗੁਰੂ ਜੀ ਦੇ ਪਾਸ ਆਉਂਦਾ ਹੈ ਤੇ ਗੁਰੂ ਜੀ ਉਸ ਨੂੰ ਮਨੁੱਖ ਤੋਂ ਦੇਵਤਾ ਬਣਾ ਦਿੰਦੇ ਹਨ। ਮਾਨੋ ਆਸਾ ਦੀ ਵਾਰ ਵਿਚ ਉਸ ਅਮਲੀ ਵਿਧੀ ਦਾ ਵਿਸਥਾਰ ਦਿੱਤਾ ਹੋਇਆ ਹੈ, ਜਿਸ ਦੁਆਰਾ ਇਕ ਸਾਧਾਰਨ ਮਨੁੱਖ ਆਪਣੇ ਆਚਰਨ ਦੀ ਉਸਾਰੀ ਕਰਦਾ ਹੋਇਆ ਮਨੁੱਖੀ ਜੀਵਨ ਦੇ ਸਿਖਰ ਉਤੇ ਜਾ ਪੁੱਜਦਾ ਹੈ। ਵਾਰ ਦੇ ਸ਼ੁਰੂ ਵਿਚ ਤਾਂ ਕਹਿੰਦੇ ਹਨ ਕਿ ਉਹ ਦੇਵਤਾ ਬਣ ਜਾਂਦਾ ਹੈ, ਪਰ ਅੰਤ ਵਿਚ ਜੋ ਇਸ ਦੇਵਤੇ ਦਾ ਸਰੂਪ ਦੇਂਦੇ ਹਨ, ਉਹ ਖੰਭਾਂ ਵਾਲੇ ਫਰਿਸ਼ਤੇ ਜਾਂ ਮੋਰ-ਮੁਕਟ ਵਾਲੇ ਇੰਦਰ-ਗਣ ਦਾ ਨਹੀਂ, ਸਗੋਂ ਇਕ ਸਿਧੇ ਸਾਦੇ ਪਰ ਕਾਮਿਲ ਹੁਕਮੀ ਜੀਊੜੇ ਦਾ ਹੈ, ਜਿਸ ਨੂੰ ਸਿੱਖ ਇਸਤਲਾਹ ਵਿਚ 'ਸੇਵਕ' ਕਹਿੰਦੇ ਹਨ।'[1] ਉਹ ਅਜੇਹਾ ਗੁਰਮੁਖ ਹੈ ਜੋ ਪ੍ਰਭੂ ਦੇ ਹੁਕਮ ਤੇ ਉਸ ਦੀ ਰਜ਼ਾ ਵਿਚ ਰਹਿ ਕੇ ਉਸਦਾ ਨਾਮ ਸਿਮਰਨ ਕਰਦਾ ਰਹਿੰਦਾ ਹੈ। ਪ੍ਰਚਲਤ ਪਰੰਪਰਾ ਅਨੁਸਾਰ ਗੁਰੂ ਨਾਨਕ ਜੀ ਦੀ 'ਆਸਾ ਦੀ ਵਾਰ' ਹਰ ਰੋਜ਼ ਅੰਮ੍ਰਿਤ ਵੇਲੇ ਦੇ ਸਿੱਖ ਦੀਵਾਨਾਂ ਅਤੇ ਹੋਰ ਮਾਂਗਲਿਕ ਅਵਸਰਾਂ ਸਮੇਂ ਕੀਰਤਨ ਲਈ ਨਿਸਚਿਤ ਹੋਈ ਹੈ, ਜਿਸ ਸਦਕਾ ਇਸ ਸਾਹਿਤਿਕ ਕ੍ਰਿਤ ਦੀ ਮਹਾਨਤਾ ਹੋਰ ਵਧ ਗਈ ਹੈ। ਇਸ ਰਚਨਾ ਦੇ ਰੋਜ਼ਾਨਾ ਸੁਬ੍ਹਾ ਸਵੇਰੇ ਕੀਰਤਨ ਲਈ ਨਿਸਚਿਤ ਕਰਨ ਦਾ ਇਕ ਕਾਰਣ ਇਹ ਵੀ ਹੈ ਕਿ ਇਸ ਵਾਰ ਵਿਚ ਗੁਰੂ ਜੀ ਨੇ ਮਨੁੱਖੀ-ਜੀਵਨ-ਆਦਰਸ਼ ਦੇ ਸਾਰੇ ਦਾਰਸ਼ਨਕ, ਅਧਿਆਤਮਿਕ, ਨੈਤਿਕ, ਧਾਰਮਿਕ, ਸਮਾਜਕ, ਸੁਧਾਰਕ ਤੇ ਰਾਜਨੈਤਿਕ ਪੱਖਾਂ ਉਤੇ ਭਰਪੂਰ ਵਿਚਾਰ ਪ੍ਰਗਟ ਕੀਤੇ ਹਨ। ਇਸ ਤਰ੍ਹਾਂ ਹਰ ਰੋਜ਼ ਅੰਮ੍ਰਿਤ ਵੇਲੇ ਕੀਰਤਨ ਕਰਨ ਨਾਲ ਸੰਗਤਾਂ ਨੂੰ ਗੁਰੂ ਜੀ ਦੇ ਸਿੱਖੀ-ਜੀਵਨ-ਆਦਰਸ਼ਾਂ ਦੀ ਸਪੱਸ਼ਟ ਭਾਂਤ ਸੇਧ ਤੇ ਪ੍ਰੇਰਨਾ ਮਿਲਦੀ ਹੈ, ਤੇ ਉਹ ਇਹਨਾਂ ਆਦਰਸ਼ਾਂ ਉਤੇ ਚਲ ਕੇ ਆਪਣਾ ਅਮੋਲਕ ਜੀਵਨ ਸਫਲ ਕਰ ਸਕਦੇ ਹਨ।

'ਆਸਾ ਦੀ ਵਾਰ' ਸੁਧਾਰਕ ਤੇ ਇਨਕਲਾਬੀ ਰਚਨਾ ਹੈ। ਇਸ ਰਚਨਾ ਵਿਚ ਗੁਰੂ ਨਾਨਕ ਸਾਹਿਬ ਦੇ ਦਾਰਸ਼ਨਕ ਤੇ ਧਾਰਮਿਕ ਵਿਚਾਰ ਤਾਂ ਲਗ ਭਗ ਉਹ ਹੀ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜੋ ਉਹਨਾਂ ਦੀਆਂ ਬਾਕੀ ਰਚਨਾਵਾਂ ਵਿਚ ਪੇਸ਼ ਕੀਤੇ ਗਏ ਹਨ ਪਰੰਤੂ ਰਾਜਨੀਤਿਕ ਤੇ ਸਭਿਆਚਾਰਕ ਗਿਰਾਵਟ, ਖਾਸ ਕਰਕੇ ਰਸਮਾਂ ਤੇ ਕਰਮ ਕਾਂਡਾਂ ਬਾਰੇ ਉਹਨਾਂ ਦੇ ਵਿਚਾਰ ਇਥੇ ਵਧੇਰੇ ਵਿਸਥਾਰ ਤੇ ਬਝਵੇਂ ਰੂਪ ਵਿਚ ਪ੍ਰਗਟ ਹੋਏ ਹਨ ਜੋ ਇਕ ਪੂਰਨ ਇਨਕਲਾਬ ਦੀ ਪ੍ਰੇਰਨਾ ਦੇਂਦੇ ਹਨ। ਇਸ ਤੋਂ ਬਿਨਾਂ ਹਉਮੈ, ਕੁਦਰਤ ਪਿਆਰ ਤੇ ਕੁਦਰਤ ਚਿਤ੍ਰਣ, ਰੱਬੀ ਨਿਆਂ ਤੇ ਈਸ਼ਵਰੀ ਵਿਧਾਨ, ਪਰਮਾਤਮਾ ਦੀ ਏਕਤਾ ਤੇ ਉਸ '੧ਓ' ਦੀ ਉਪਾਸ਼ਨਾ, ਗੁਰੂ ਮਹਿਮਾ, ਗੁਰੂ-ਵਿਸ਼ਵਾਸ਼ ਤੇ ਗੁਰੂ ਦੀ ਸ਼ਰਨ ਵਿਚ ਜਾਣ ਦਾ ਉਪਦੇਸ਼ ਪੂਰੀ ਦ੍ਰਿੜਤਾ ਨਾਲ ਦਿੱਤਾ ਗਿਆ ਹੈ।

ਡਾ: ਤਾਰਨ ਸਿੰਘ ਅਨੁਸਾਰ 'ਆਸਾ ਦੀ ਵਾਰ' ਦੇ ਕੇਂਦਰੀ ਆਸ਼ੇ ਨੂੰ ਇਸ ਸਲੋਕ ਵਿਚੋਂ ਲਭਿਆ ਜਾ ਸਕਦਾ ਹੈ। ਜਿਵੇਂ 'ਜਪੁ' ਦੇ ਨੂੰ "ਕਿਵ ਸਚਿਆਰਾ ਹੋਈਐ' ਵਿਚੋਂ ਲਭਿਆ ਜਾ ਸਕਦਾ ਹੈ। ਸਲੋਕ ਇਹ ਹੈ :

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ॥
ਜਿਨ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਗੀ ਵਾਰ ॥

ਭਾਵ, ਮਨੁੱਖ ਨੇ ਮਾਣਸ ਤੋਂ ਦੇਵਤੇ ਦੇ ਦਰਜੇ ਤੀਕ ਪੁੱਜਣਾ ਹੈ। ਇਹ ਪ੍ਰਾਪਤੀ ਗੁਰੂ ਦੀ ਕਿਰਪਾ ਨਾਲ "ਗਿਆਨ" ਦੁਆਰਾ ਹੋ ਸਕਦੀ ਹੈ। ਗਿਆਨਵਾਨ ਪੁਰਸ਼ (ਬ੍ਰਹਮ ਗਿਆਨੀ) ਦੈਵੀ ਪੁਰਸ਼ ਹੈ। ਉਸ 'ਦੈਵੀ ਪੁਰਸ਼' ਦਾ ਸਰੂਪ ਹਰ ਪਉੜੀ ਤੇ ਉਸਦੇ ਨਾਲ ਦਿੱਤੇ ਸਲੋਕਾਂ ਵਿਚ ਦਸਿਆ ਹੈ। ਇਹੋ ਵਾਰ ਦਾ ਅਸਲ ਭਾਵ ਹੈ।"[2]

ਹੁਣ ਅਸੀਂ 'ਆਸਾ ਦੀ ਵਾਰ' ਦੇ ਮੂਲ ਉਦੇਸ਼ ਨੂੰ ਸਪੱਸ਼ਟ ਕਰਨ ਲਈ ਹਰ ਇਕ ਪਉੜੀ ਤੇ ਉਸ ਨਾਲ ਸੰਬੰਧਤ ਸਲੋਕਾਂ ਨੂੰ ਇਕਾਈ ਮੰਨ ਕੇ ਇਸ ਸਾਰੀ ਰਚਨਾ ਦਾ ਸਾਰ ਦੇਂਦੇ ਹਾਂ।

ਪ੍ਰਭੂ ਨੇ ਇਹ ਸ੍ਰਿਸ਼ਟੀ ਆਪਣੇ ਆਪ ਤੋਂ ਰਚੀ ਹੈ। ਉਹ ਇਸ ਸ੍ਰਿਸ਼ਟੀ ਵਿਚ ਬੈਠ ਕੇ ਜਗਤ ਤਮਾਸ਼ਾ ਵੇਖ ਰਿਹਾ ਹੈ। ਉਸ ਨੂੰ ਕੇਵਲ ਗੁਰੂ ਦੀ ਮੱਦਦ ਨਾਲ ਹੀ ਪਾਇਆ ਜਾ ਸਕਦਾ ਹੈ। ਗੁਰੂ ਦੁਆਰਾ ਗਿਆਨ ਪ੍ਰਾਪਤ ਹੋਣ ਉਤੇ ਮਨੁੱਖ ਗਿਆਨਵਾਨ ਹੋ ਸਕਦਾ ਹੈ। ਅਸਲ 'ਚ ਇਹ ਗਿਆਨ ਹੀ ਮਨੁੱਖ ਨੂੰ ਦੇਵਤਾ ਬਣਾ ਦੇਂਦਾ ਹੈ। ਗੁਰੂ ਤੋਂ ਪ੍ਰਾਪਤ ਹੋਏ ਨਾਮ ਰਾਹੀਂ ਮਨੁੱਖ ਗਿਆਨੀ ਬਣਦਾ ਹੈ ਅਤੇ ਇਸ ਨਾਮ ਨਾਲ ਮਨੁੱਖ ਦਾ ਵਤੀਰਾ ਆਦਰਸ਼ਕ ਹੁੰਦਾ ਹੈ। ਸਤਿਗੁਰਾਂ ਤੋਂ ਬਿਨਾਂ ਸਾਰਾ ਸੰਸਾਰ ਅੰਧੇਰੇ ਦੀ ਨਿਆਈਂ ਹੈ। ਸੰਸਾਰਕ ਖੁਸ਼ਹਾਲੀ ਤੇ ਖ਼ੁਸ਼ੀਆਂ ਮਨੁੱਖੀ ਮਹਾਨਤਾ ਦਾ ਕੋਈ ਪੈਮਾਨਾ ਨਹੀਂ ਕਿਉਂਕਿ ਇਹਨਾਂ ਸਭ ਵਸਤੂਆਂ ਨੇ ਸੁਆਹ ਹੋ ਜਾਣਾ ਹੈ। ਇਸ ਤਰ੍ਹਾਂ ਸਭ ਤੋਂ ਪਹਿਲਾਂ ਮਨੁੱਖ ਦਾ ਧਿਆਨ ਇਕ ਅਕਾਲ ਪੁਰਖ ਵੱਲ ਦੁਆਇਆ ਹੈ। ਜੋ ਸਭ ਸੰਸਾਰ ਦਾ ਅਧਾਰ ਹੈ। (1)

ਅਸਲ ਵਿਚ ਝੂਠ ਸੱਚ ਦੇ ਨਬੇੜੇ ਲਈ ਪ੍ਰਭੂ ਨੇ ਆਪਣੀ ਹਸਤੀ ਮਨੁੱਖ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਦਰ ਹੀ ਬਣਾ ਕੇ ਰੱਖੀ ਹੈ। [illegible] ਸੱਚਾ ਹੈ ਅਤੇ ਉਸ ਦੀ ਸਾਰੀ ਰਚਨਾ ਸੱਚੀ ਹੈ। ਪ੍ਰਭੂ ਦੀ ਵਡਿਆਈ ਕਰਨਾ ਅਰਥਾਤ ਨਾਮ ਜਪਣਾ ਹੀ ਸੰਤੂ ਦਾ ਧਿਆਉਣਾ ਹੈ। ਰੱਬ ਦਾ ਸੰਸਾਰ ਵਿਚ ਹੀ ਵਾਸਾ ਹੈ। ਝੂਠ ਸੱਚ ਦੇ ਨਬੇੜੇ ਲਈ ਉਸ ਨੇ ਧਰਮ ਰਾਜ ਬਹਾਇਆ ਹੈ ਤੇ ਆਪ ਇਕ ਪਾਸੇ ਹੋ ਕੇ ਸਭ ਕੁਝ ਵੇਖ ਰਿਹਾ ਹੈ। (2)

ਉਸ ਨੇ ਆਪਣੀ ਹੋਂਦ ਸਦਕਾ ਸ੍ਰਿਸ਼ਟੀ ਦੀਆਂ ਸਾਰੀਆਂ ਵਸਤੂਆਂ ਨੂੰ ਵਿਸਮਾਦੀ ਰੰਗ ਦਿੱਤਾ ਹੈ। ਇਥੇ ਸਭ ਕੁਝ ਕੁਦਰਤੀ ਨੇਮਾਂ ਨਾਲ ਵਰਤ ਰਿਹਾ ਹੈ। ਇਸ ਲਈ ਉਸ ਦੀ ਸਾਰੀ ਸ੍ਰਿਸ਼ਟੀ ਅਸ਼ਚਰਜ ਜਨਕ ਹੈ। ਕੁਦਰਤ ਵੀ ਉਸ ਦਾ ਹੀ ਰੂਪ ਹੈ ਤੇ. ਪ੍ਰਭੂ ਕੁਦਰਤ ਰਾਹੀਂ ਜਾਣਿਆ ਜਾ ਸਕਦਾ ਹੈ। ਮਨੁੱਖ ਅਗਿਆਨਤਾ ਕਾਰਣ ਹੀ ਜਨਮ ਗਵਾ ਲੈਂਦਾ। ਗਿਆਨ ਇਹ ਹੈ ਕਿ ਉਹ ਸੰਭਲ ਕੇ ਕਰਮ ਕਰੇ। ਇਨਸਾਨ ਦਾ ਫ਼ਰਜ਼ ਹੈ ਕਿ ਉਹ ਸੱਚ ਨੂੰ ਗ੍ਰਹਿਣ ਕਰੇ ਤੇ ਚੰਗੇ ਕਰਮ ਕਰੇ। ਮਾੜੇ ਕੰਮਾਂ ਵਾਲੇ ਨੂੰ ਅਖੀਰ ਪਛਤਾਉਣਾ ਪੈਂਦਾ ਹੈ, ਤੇ ਉਸ ਦਾ ਅੰਤ ਬਹੁਤ ਮੰਦਾ ਹੁੰਦਾ ਹੈ। (3)

ਸਾਰਾ ਸੰਸਾਰ ਉਸ ਦੇ ਭੈ ਤੇ ਜ਼ਬਤ ਵਿਚ ਹੈ। ਕੇਵਲ ਪਰਮਾਤਮਾ ਹੀ ਭੈ ਰਹਿਤ ਹੈ। ਪ੍ਰਭੂ ਤੋਂ ਬਿਨਾਂ ਸਭ ਸੰਸਾਰਕ ਵਸਤਾਂ ਫ਼ਜ਼ੂਲ ਹਨ। ਅਗਿਆਨ ਵਸ ਮਨੁੱਖੀ ਜੀਵਨ ਨਾਸ਼ ਹੋ ਜਾਂਦਾ ਹੈ। ਗੁਰੂ ਹੀ ਗਿਆਨ ਦਾ ਸਰੂਪ ਹੈ। ਗਿਆਨ ਗੁਰੂ ਰਾਹੀਂ ਹੀ ਆ ਸਕਦਾ ਹੈ ਤੇ ਗੁਰੂ ਪ੍ਰਭੂ ਦੀ ਮਿਹਰ ਸਕਦਾ ਮਿਲਦਾ ਹੈ। ਸੱਚ ਬੁਝਣਾ ਤੇ ਹਉਮੈ ਦੀ ਪਛਾਣ ਕਰਨਾ ਹੀ ਗਿਆਨ ਹੈ। ਹਉਮੈ ਦਾ ਨਾਸ਼ ਹੋਣਾ ਚਾਹੀਦਾ ਹੈ। ਇਥੋਂ ਗੁਰੂ ਜੀ ਸਾਧਕ ਦੇ ਆਚਰਨ ਦੀ ਘਾੜਤ ਆਰੰਭ ਕਰ ਦੇਂਦੇ ਹਨ। ਉਹ ਕਹਿੰਦੇ ਹਨ ਚੰਗਾ ਆਚਰਨ ਹਉਮੈ ਦੇ ਨਾਸ਼ ਅਤੇ ਆਪਣੇ ਵਿਚ ਚੰਗਿਆਈਆਂ ਪੈਦਾ ਕਰਕੇ ਉਤਪਨ ਕੀਤਾ ਜਾ ਸਕਦਾ ਹੈ। ਇਸ ਲਈ ਸੱਚ ਦੀ ਪਛਾਣ ਕਰਨੀ ਚਾਹੀਦੀ ਹੈ। (4)

ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਨਾਮ ਜਪਣ ਵਾਲੇ ਨਰਕਾਂ ਵਿਚ ਨਹੀਂ ਜਾਂਦੇ। ਪ੍ਰਭੂ ਦੇ ਭੈ ਨਾਲ ਹੀ ਪ੍ਰਭੂ ਪ੍ਰਤਿ ਪ੍ਰੇਮ ਪੈਦਾ ਹੁੰਦਾ ਹੈ। ਆਪਾ ਭਾਵ ਗਵਾ ਕੇ ਗੁਰੂ ਦਾ ਉਪਦੇਸ਼ ਸੁਣਨਾ ਤੇ ਪ੍ਰਭੂ ਦੇ ਨਾਮ ਸਿਮਰਨ ਨਾਲ ਸਾਰੇ ਦੁਖ ਕਲੇਸ਼ ਦੂਰ ਹੋ ਸਕਦੇ ਹਨ। ਕਰਮ ਕਾਂਡ ਤੇ ਵਿਖਾਵਾ ਗਿਆਨ ਨਹੀਂ। ਗਿਆਨਵਾਨ ਉਹ ਹੈ ਜਿਸ ਦੇ ਹਿਰਦੇ ਵਿਚ ਪ੍ਰਭੂ ਪ੍ਰੇਮ ਹੈ। ਮਨ ਵਿਚ ਭਉ ਤੇ ਭਾਉ ਪੈਦਾ ਕਰਕੇ ਤੇ ਚੰਗੇ ਕਰਮ ਕਰਦਿਆਂ ਹੋਇਆਂ ਪ੍ਰਭੂ ਦੀ ਮਿਹਰ ਦੀ ਆਸ ਲਈ ਅਰਦਾਸ ਕਰਨੀ ਚਾਹੀਦੀ ਹੈ। ਹਉਮੈ ਵਿਚ ਕਦੇ ਨਹੀਂ ਪੈਣਾ ਚਾਹੀਦਾ, ਪੁੰਨ ਕਰਦੇ ਵਕਤ ਵੀ ਆਪਣੇ ਆਪ ਨੂੰ ਨੀਚ ਸਦਾਣਾ ਉੱਤਮ ਹੈ। (5)

773

ਗੁਰੂ ਤੋਂ ਬਿਨਾਂ ਪ੍ਰਭੂ ਦੀ ਦਾਤ ਮਿਲਣੀ ਅਥਵਾ ਗਿਆਨ ਪ੍ਰਾਪਤੀ ਅਸੰਭਵ ਹੈ। ਉਸ ਦੀ ਅੱਖ ਹੀ ਪ੍ਰਭੂ ਦੇ ਦਰਸ਼ਨ ਕਰਵਾ ਸਕਦੀ ਹੈ। ਇਸ ਲਈ ਭਗਤੀ ਬਹੁਤ ਉਤਮ ਵਸਤੂ ਹੈ। ਮੁਸਲਮਾਨਾਂ ਤੇ ਹਿੰਦੂਆਂ ਦੇ ਸ਼ਰ੍ਹਾ ਦੇ ਸਿਧਾਂਤ ਫ਼ਜ਼ੂਲ ਹਨ। ਇਸ ਤਰ੍ਹਾਂ ਮਨੁੱਖ ਅੰਦਰ ਧਾਰਮਿਕ ਹਉਮੈ ਪੈਦਾ ਹੋ ਜਾਂਦੀ ਹੈ, [illegible] ਖਤਰਨਾਕ ਹੈ। ਸਰ੍ਹਾ ਦੇ ਸਿਧਾਂਤ

गुरुकुल कांगड़ी विश्वविद्यालय

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫ਼ਜ਼ੂਲ ਹਨ ਤੇ ਇਨ੍ਹਾਂ ਨਾਲ ਪ੍ਰਭੂ ਦੀ ਸੋਝੀ ਨਹੀਂ ਹੋ ਸਕਦੀ। ਨਾਮ ਦੀ ਪ੍ਰਾਪਤੀ ਲਈ ਸਤਿਗੁਰੂ ਦੀ ਆਵੱਸ਼ਕਤਾ ਹੈ, ਪਰੰਤੂ ਉਸ ਤੋਂ ਪਹਿਲਾਂ ਆਪਣੇ ਅੰਦਰੋਂ ਧਾਰਮਿਕ ਹਉਮੈ ਕੱਢ ਲੈਣੀ ਚਾਹੀਦੀ ਹੈ। ਭਾਵੇਂ ਉਹ ਮਨੁੱਖਾਂ ਅੰਦਰੋਂ ਬਹੁਤ ਔਖੀ ਨਿਕਲਦੀ ਹੈ, ਤੇ ਉਹ ਸਭ ਤੋਂ ਹਾਨੀਕਾਰਕ ਹੈ। (6)

ਸੰਸਾਰ ਵਿਚ ਹਉਮੈ ਦਾ ਬੋਲਬਾਲਾ ਹੈ, ਜਿਸ ਸਦਕਾ ਸੁੱਖ ਦੀ ਪ੍ਰਾਪਤੀ ਅਸੰਭਵ ਹੈ। ਪਰੰਤੂ ਇਸ ਦੀ ਦਾਰੂ ਵੀ ਇਸੇ ਵਿਚ ਹੀ ਹੈ। ਉਸ ਦਾ ਇਲਾਜ ਪ੍ਰਭੂ ਦਾ ਨਾਮ ਜਪਣਾ ਹੈ। ਜੋ ਮਨ ਲਾ ਕੇ ਪਰਮਾਤਮਾ ਦੇ ਨਾਮ ਦਾ ਜਾਪ ਕਰਦੇ ਹਨ, ਉਹ ਉਸ ਨੂੰ ਪ੍ਰਾਪਤ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਸੇਵਾ ਨੂੰ ਫਲ ਲੱਗ ਜਾਂਦਾ ਹੈ। ਸਪੱਸ਼ਟ ਹੈ ਕਿ ਹਉਮੈ ਨੂੰ ਪਹਿਚਾਨਣਾ ਹੀ ਗਿਆਨ ਦਾ ਸਰੂਪ ਹੈ। ਹਉਮੈ ਨੂੰ ਸਮਝਣ ਲਈ ਪ੍ਰਭੂ ਦੀ ਵਡਿਆਈ ਦੀ ਸੂਝ ਹੋਣੀ ਚਾਹੀਦੀ ਹੈ ਜੋ ਉਸ ਦਾ ਸੇਵਕ ਬਣ ਕੇ ਹੀ ਆ ਸਕਦੀ ਹੈ। ਇਸ ਲਈ ਸਾਨੂੰ ਆਪਣੀ ਨਿੱਕੀ ਜਿਹੀ ਰਜ਼ਾ ਨੂੰ ਵਾਹਿਗੁਰੂ ਦੀ ਬੇਅੰਤ ਰਜ਼ਾ ਦੇ ਅਧੀਨ ਕਰਨਾ ਚਾਹੀਦਾ ਹੈ। ਇਹ ਤਦ ਹੀ ਹੋਵੇਗਾ ਜੇ ਅਸੀਂ ਸੰਤੋਖ, ਸੰਜਮ, ਨਿਰਲੇਪਤਾ, ਸੇਵਾ ਤੇ ਸਿਫਤ ਵਾਲਾ ਜੀਵਨ ਬਣਾ ਲਵਾਂਗੇ। (7)

ਸੰਸਾਰ ਨੂੰ ਪੈਦਾ ਕਰਨ ਵਾਲਾ ਤੇ ਉਸ ਨੂੰ ਅੱਗੇ ਤੋਰਨ ਵਾਲਾ ਪ੍ਰਭੂ ਆਪ ਹੀ ਤਾਂ ਹੈ। ਸੱਚ ਦੀ ਪ੍ਰਾਪਤੀ ਸਤਿਗੁਰੂ ਦੇ ਮੇਲ ਨਾਲ ਹੋ ਸਕਦੀ ਹੈ, ਨਾ ਕਿ ਕਰਮ ਕਾਂਡਾਂ ਰਾਹੀਂ। ਗਿਆਨਵਾਨ ਉਹ ਹੈ ਜੋ ਕੇਵਲ ਸੱਚ ਜਾਣਦਾ ਹੀ ਨਹੀਂ ਸਗੋਂ ਸੱਚ ਕਮਾਉਂਦਾ ਵੀ ਹੈ। ਗੁਰੂ ਦੀ ਕਿਰਪਾ ਨਾਲ ਗੁਰਮੁਖ ਜਾਂ ਸੇਵਕ ਭਵ ਸਾਗਰ ਨੂੰ ਪਾਰ ਕਰ ਲੈਂਦਾ ਹੈ, ਜਿਥੇ ਮਨਮੁਖ ਆਪਣਾ ਅਮੋਲਕ ਜੀਵਨ ਵਿਅਰਥ ਗਵਾ ਲੈਂਦਾ ਹੈ। ਇਸ ਤੋਂ ਉਪਰੰਤ ਵੱਖ ਵੱਖ ਤਰ੍ਹਾਂ ਦੀ ਹਉਮੈ ਦਾ ਜ਼ਿਕਰ ਗੁਰੂ ਜੀ ਕਰਦੇ ਹਨ। ਸਭ ਤੋਂ ਪਹਿਲਾਂ ਇੱਥੇ ਇਖਲਾਕੀ ਹਉਮੈ ਨੂੰ ਉਨ੍ਹਾਂ ਨੇ ਰੱਦਿਆ ਹੈ। (8)

ਗੁਰੂ ਨਾਨਕ ਨੇ ਪ੍ਰਗਟ ਕੀਤਾ ਹੈ ਕਿ ਪ੍ਰਭੂ ਸਿਮਰਨ ਤੋਂ ਬਿਨਾਂ ਹੋਰ ਕਿਤਾਬਾਂ ਜਾਂ ਗ੍ਰੰਥਾਂ ਦੇ ਥੱਬੇ ਅਧਿਐਨ ਕਰਨ ਦਾ ਕੋਈ ਲਾਭ ਨਹੀਂ ਹੈ। ਭਗਤੀ ਤੋਂ ਬਿਨਾਂ ਧਾਰਮਿਕ ਗ੍ਰੰਥਾਂ ਨੂੰ ਵਾਚਣ ਤੇ ਕਰਮ ਕਾਂਡਾਂ ਨਾਲ ਵੀ ਹਉਮੈ ਪੈਦਾ ਹੁੰਦੀ ਹੈ। ਪ੍ਰਭੂ ਨੂੰ ਤਾਂ ਉਸ ਦ ਭਗਤ ਹੀ ਚੰਗੇ ਲੱਗਦੇ ਹਨ। ਪਰ ਭਗਤੀ ਉਸ ਦੀ ਕਿਰਪਾ ਤੋਂ ਬਿਨਾਂ ਨਹੀਂ ਹੋ ਸਕਦੀ। ਵਿੱਦਿਆ ਦੀ ਹਉਮੈ ਤੇ ਭੇਖ ਦੀ ਹਉਮੈ ਦੇ ਤਿਆਗ ਉੱਤੇ ਗੁਰੂ ਜੀ ਨੇ ਜ਼ੋਰ ਦਿੱਤਾ ਹੈ। ਚੰਗਾ ਭਗਤ ਜਾਂ ਪ੍ਰਭੂ ਪ੍ਰੇਮੀ ਉਹ ਹੈ ਜੋ ਆਪਣੇ ਆਪ ਨੂੰ ਸਮਝਦਾ ਹੋਇਆ ਨਿਮ੍ਰਤਾ ਧਾਰਣ ਕਰਕੇ ਹਉਮੈ ਦਾ ਤਿਆਗ ਕਰਦਾ ਹੈ। ਇਸ ਤਰ੍ਹਾਂ ਉਨ੍ਹਾਂ ਨੇ ਹਉਮੈ ਬਾਰੇ ਵਿਸਥਾਰ ਸਹਿਤ ਲਿਖਿਆ ਹੈ। (9)

ਆਪਣੀ ਬੀਜੀ ਹੋਈ ਖੇਤ ਹੀ ਇਨਸਾਨ ਕੱਟਦਾ ਹੈ। ਜਿਹੋ ਜਿਹਾ ਕੋਈ ਕਰਮ ਕਰਦਾ ਹੈ, ਉਹੋ ਜਿਹਾ ਹੀ ਉਸ ਨੂੰ ਫਲ ਪ੍ਰਾਪਤ ਹੋ ਜਾਂਦਾ ਹੈ। ਪ੍ਰਭੂ ਭਗਤੀ ਤੋਂ ਬਿਨਾਂ ਸਭ ਸੰਸਾਰਕ ਵਸਤਾਂ ਫ਼ਜ਼ੂਲ ਹਨ। ਥੋੜੀ ਮੱਤ ਵਾਲਾ ਮਨੁੱਖ ਗਿਆਨੀ ਨਹੀਂ ਹੋ ਸਕਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਨਿਮ੍ਰਤਾ ਧਾਰਨ ਕਰਨ ਤੇ ਲਾਲਚ ਛੱਡਣ ਜਹੇ ਉਚੇਰੇ ਗੁਣਾਂ ਨੂੰ ਨਹੀਂ ਸਮਝ ਸਕਦਾ। ਗੁਰੂ ਜੀ ਦਾ ਮੱਤ ਹੈ ਕਿ ਮਨੁੱਖ ਨੂੰ ਝੂਠ ਦਾ ਖਹਿੜਾ ਛੱਡ ਕੇ ਪ੍ਰਭੂ ਨੂੰ ਯਾਦ ਕਰਨਾ ਚਾਹੀਦਾ ਹੈ। ਸੱਚ ਉਹੋ ਹੀ ਪਾ ਸਕਦਾ ਹੈ, ਜਿਸ ਦੇ ਅੰਦਰ ਸੱਚਾ ਧਨੀ ਪ੍ਰਭੂ ਵਸਦਾ ਹੋਵੇ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਤਰ੍ਹਾਂ ਤਰ੍ਹਾਂ ਦੀ ਹਉਮੈ ਦਾ ਜ਼ਿਕਰ ਕਰਦੇ ਹੋਏ 'ਦੌਲਤ' ਤੇ 'ਰੂਪ' ਦੀ ਹਉਮੈ ਦੇ ਨੁਕਸਾਨ ਦਸਦੇ ਹਨ। ਗੁਰੂ ਜੀ ਨੇ ਹਰ ਤਰ੍ਹਾਂ ਦੀ ਹਉਮੈ ਨੂੰ ਧੋ ਕੇ ਕੱਢ ਦੇਣ ਲਈ ਵੱਖ ਵੱਖ ਤਰ੍ਹਾਂ ਦੇ 'ਸੱਚ' ਦੱਸੇ ਹਨ। (10)

ਗੁਰੂ ਨਾਨਕ ਨੇ ਸਪੱਸ਼ਟ ਕੀਤਾ ਹੈ ਕਿ ਇਸ ਜ਼ਮਾਨੇ ਵਿਚ ਅਗਿਆਨਤਾ, ਝੂਠ ਤੇ ਪਾਖੰਡਾਂ ਦੇ ਵਾਧੇ ਨਾਲ ਬੁਰਾਈਆਂ ਵੱਧ ਗਈਆਂ ਹਨ ਤੇ ਸੱਚ ਅਲੋਪ ਹੋ ਗਿਆ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਝੂਠ ਤੇ ਬੁਰਾਈ ਕਿਤੇ ਵੀ ਕੱਜੀ ਨਹੀਂ ਰਹਿ ਸਕਦੀ। ਉਹ ਆਖਰ ਨੰਗੀ ਹੋ ਹੀ ਜਾਂਦੀ ਹੈ। ਕੇਵਲ ਪ੍ਰਭੂ ਦੀ ਮਿਹਰ ਨਾਲ ਮਨੁੱਖ ਅੰਦਰੋਂ ਝੂਠ ਨਿਕਲ ਸਕਦਾ ਹੈ ਤੇ ਸੱਚ ਵਸ ਸਕਦਾ ਹੈ। 'ਗਿਆਨੀ' ਉਹੋ ਹੀ ਹੋ ਸਕਦਾ ਹੈ ਜਿਸ ਨੇ 'ਖਸਮੁ ਧਿਆਇਆ ਹੈ ਤੇ ਸਹਜੇ ਹੀ ਸਚਿ ਸਮਾਇਆ' ਹੈ ਤੇ ਉਸ ਵਿਚ ਕੂੜ ਦੀ ਲੇਸ ਉੱਕਾ ਨਹੀਂ ਰਹਿੰਦੀ। (11)

ਪ੍ਰਭੂ ਦੀ ਸੱਚੀ ਦਰਗਾਹ ਵਿਚ ਸਭ ਚੰਗਿਆਈਆਂ ਬੁਰਿਆਈਆਂ ਦਾ ਨਬੇੜਾ ਹੁੰਦਾ ਹੈ ਤੇ ਉਹਨਾਂ ਅਨੁਸਾਰ ਫਲ ਮਿਲਦਾ ਹੈ। ਸੋ ਬੁਰੇ ਕੰਮਾਂ ਤੋਂ ਲਾਂਭੇ ਰਹਿਣਾ ਚਾਹੀਦਾ ਹੈ। ਪੜ੍ਹਿਆ ਲਿਖਿਆ ਜਾਂ ਗਿਆਨੀ ਉਹ ਹੈ ਜੋ ਮੂੰਹ ਜ਼ੋਰ ਹੋ ਕੇ ਨਹੀਂ, ਸਗੋਂ ਰੱਬੀ ਹੁਕਮ ਅਧੀਨ ਤੁਰਦਾ ਹੈ। ਇਹ ਗਿਆਨ ਕੇਵਲ ਗੁਰੂ ਰਾਹੀਂ ਹੀ ਪ੍ਰਾਪਤ ਹੋ ਸਕਦਾ ਹੈ। ਨਾਮ ਸਿਮਰਨ ਨਾਲ ਸੁੱਖ ਪਾਇਆ ਜਾ ਸਕਦਾ ਹੈ। ਉਸ ਦੇ ਜਾਪ ਤੋਂ ਬਿਨਾਂ ਸੰਸਾਰ ਵਿਚ ਦੁੱਖ ਹੀ ਦੁੱਖ ਹਨ। ਇਥੇ ਗੁਰੂ ਜੀ ਨੇ ਜਾਤ-ਪਾਤ ਦੀ ਹਉਮੈ ਵਲ ਵੀ ਧਿਆਨ ਦੁਆਇਆ ਹੈ। ਉਹ ਕਹਿੰਦੇ ਹਨ ਕਿ ਜਾਤ ਸਦਕਾ ਕੋਈ ਉੱਚਾ ਨੀਵਾਂ ਨਹੀਂ ਹੈ। ਚੰਗਾ ਉਹ ਹੈ ਜਿਸਦੀ ਘਾਲ ਚੰਗੀ ਹੈ ਨਾ ਕਿ ਜਿਸਦੀ ਜਾਤ ਜਾਂ ਵਿਦਿਆ ਚੰਗੀ ਹੈ। ਜੇ ਪੜ੍ਹਿਆ ਲਿਖਿਆ ਬ੍ਰਾਹਮਣ ਪਾਪ ਕਰਦਾ ਹੈ ਤਾਂ ਉਸ ਦੀ ਥਾਂ ਅਨਪੜ੍ਹ ਸ਼ੂਦਰ ਨੂੰ ਮਾਰ ਨਹੀਂ ਪੈਣੀ। ਪਾਪਾਂ ਦਾ ਫਲ ਪਾਪ ਕਰਨ ਵਾਲੇ ਨੂੰ ਹੀ ਮਿਲਦਾ ਹੈ। (12)

ਸਤਿਗੁਰੂ ਹੀ ਸਾਧਕ ਨੂੰ ਤਾਰ ਸਕਦਾ ਹੈ। ਗੁਰੂ ਰਾਹੀਂ ਹੀ ਮਨੁੱਖ ਨੂੰ ਸੰਸਾਰ ਦੀ ਅਸਲੀਅਤ ਦੀ ਸੂਝ ਪੈਦਾ ਹੁੰਦੀ ਹੈ। ਮਨੁੱਖ ਸਮਝ ਲੈਂਦਾ ਹੈ :

"ਖਸਮੁ ਛੋਡਿ ਦੂਜੇ ਲਗੇ, ਡੁਬੇ ਸੇ ਵਣਜਾਰਿਆ"

ਅਰਥਾਤ ਰੱਬ ਤੋਂ ਬੇਮੁਖ ਹੋਏ ਸਫਲ ਨਹੀਂ ਹੋ ਸਕਦੇ। ਇਸ ਤਰ੍ਹਾਂ ਜਦ ਵੀ ਕਿਸੇ ਨੂੰ ਮੁਕਤੀ ਪ੍ਰਾਪਤ ਹੋਣੀ ਹੈ ਉਹ 'ਭਾਉ ਭਗਤੀ' ਕਰਨ ਅਤੇ ਨੀਵਾਂ ਸਦਵਾਉਣ ਨਾਲ ਹੀ ਹੋਣੀ ਹੈ। ਭਾਵੇਂ ਇਨਸਾਨ ਕਿਸੇ ਵੀ ਜਾਤੀ ਨਾਲ ਸੰਬੰਧ ਕਿਉਂ ਨਾ ਰੱਖਦਾ ਹੋਵੇ। ਇਥੇ ਪੁਰਾਤਨ ਧਾਰਮਿਕ ਪੁਸਤਕਾਂ ਦੀਆਂ ਕਈ ਕਥਾਵਾਂ ਵਲ ਵੀ ਸੰਕੇਤ ਕੀਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਏ ਹਨ। (13)

ਮਿਠਤ ਤੇ ਨਿਮ੍ਰਤਾ ਉੱਤਮ ਹੈ। ਹਉਮੈ ਬੁਰੀ ਹੈ। ਆਪਣੇ ਕਰਮਾਂ ਦਾ ਫਲ ਹਰ ਇਕ ਨੂੰ ਭੋਗਣਾ ਪੈਂਦਾ ਹੈ।

"ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆਂ ਅੰਦਰ ਜਾਵਣਾ ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥"

ਸਤਿਗੁਰੂ ਤੋਂ ਬਿਨਾ ਮੁਕਤੀ ਨਹੀਂ ਪਾਈ ਜਾ ਸਕਦੀ। ਗੁਰੂ ਜੀ ਨੇ ਕਿਸੇ ਧਾਰਮਿਕ ਰਹੁ ਰੀਤ ਵਿਚ ਵਿਸ਼ਵਾਸ ਨਾ ਰੱਖਦੇ ਹੋਏ ਸਭ ਤੋਂ ਉੱਤਮ "ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ' ਦੇ ਸਿਧਾਂਤ ਨੂੰ ਮੰਨਿਆ ਹੈ (14)।

ਗੁਰੂ ਨਾਨਕ ਜਨੇਊ ਨੂੰ ਨਿੰਦਦੇ ਹਨ। ਇਸ ਨੂੰ ਵਿਅਰਥ ਦਸਦੇ ਹੋਏ ਉਹ ਕਹਿੰਦੇ ਹਨ, ਪ੍ਰਭੂ ਨੂੰ ਜੋ ਭਾਉਂਦਾ ਹੈ, ਉਹ ਹੀ ਕਰਦਾ ਹੈ। ਪ੍ਰਭੂ ਕਿਰਪਾ ਨਾਲ ਵਿਰਲਾ ਹੀ ਗਿਆਨੀ ਬਣਦਾ ਹੈ। ਅਸਲ ਵਿਚ ਆਚਰਨ ਤੇ ਸੰਜਮ ਹੀ ਗਿਆਨੀ ਪੁਰਸ਼ਾਂ ਦਾ 'ਤਗੁ' ਹੈ। ਸੋ ਪੰਜਾਂ ਇੰਦਰੀਆਂ ਉਤੇ ਪੂਰਣ ਕਾਬੂ ਪਾ ਕੇ ਦਇਆ, ਸੰਤੋਖ, ਜਤੁ ਤੇ ਸਤੁ ਪੈਦਾ ਕਰਨਾ ਚਾਹੀਦਾ ਹੈ। (15)

ਸਭ ਕੁਝ ਪ੍ਰਭੂ ਦੀ ਕਿਰਪਾ ਨਾਲ ਹੀ ਹੁੰਦਾ ਹੈ। ਗਿਆਨੀ ਹੋਣ ਦੀ ਵਡਿਆਈ ਪ੍ਰਭੂ ਆਪ ਹੀ ਕਿਸੇ ਨੂੰ ਬਖਸ਼ਦਾ ਹੈ :

"ਆਪੇ ਦੇ ਵਡਿਆਈਆ, ਆਪੇ ਹੀ ਕਰਮ ਕਰਾਇਦਾ"।

ਬ੍ਰਾਹਮਣਾਂ ਦੇ ਸਾਰੇ ਪਾਖੰਡ ਫੋਕੇ ਹਨ। ਜੋ ਕੁਝ ਪ੍ਰਭੂ ਕਰਦਾ ਹੈ ਉਹ ਆਪਣੀ ਮਰਜ਼ੀ ਅਨੁਸਾਰ ਹੀ ਕਰਦਾ ਹੈ। ਗਿਆਨੀ ਲੋਕ ਝੂਠ ਤੇ ਪਾਖੰਡ ਤੋਂ ਦੂਰ ਰਹਿੰਦੇ ਹਨ। ਉਹਨਾਂ ਦਾ ਜੀਵਨ ਸੁਚਾ ਤੇ ਸੱਚਾ ਹੁੰਦਾ :

"ਸੁਚਿ ਹੋਵੈ ਤਾ ਸਚੁ ਪਾਈਐ।"

ਸੋ ਇਨਸਾਨ ਨੂੰ ਵਹਿਮਾਂ ਭਰਮਾਂ ਤੇ ਪਾਖੰਡਾਂ ਤੋਂ ਨਿਰਲੇਪ ਰਹਿ ਕੇ ਨੇਕੀ ਦੇ ਮਾਰਗ ਉਤੇ ਚਲਣਾ ਚਾਹੀਦਾ ਹੈ। (16)

ਮਨ ਵਿਚ ਸੁੱਚਮਤਾ ਪ੍ਰਭੂ ਦੇ ਵਾਸੇ ਨਾਲ ਆ ਸਕਦੀ ਹੈ। ਸ਼ਰਾਧ ਵਗੈਰਾ ਸਭ ਭਰਮ ਹਨ। ਸਾਧਕ ਨੂੰ ਨੇਕ ਕਮਾਈ ਕਰਕੇ ਅਸਲੀ ਸੁੱਚਮ ਪੈਦਾ ਕਰਨੀ ਚਾਹੀਦੀ ਹੈ ਤਾਂ ਕਿ ਜੀਵਨ ਸਫਲਾ ਹੋ ਸਕੇ।

"ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।"

ਅਤੇ ਬੁਰੇ ਲੋਕਾਂ ਦਾ ਇਹ ਹਾਲ ਹੁੰਦਾ ਹੈ :

"ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ।"

ਜੰਮਣਾ ਮਰਨਾ ਸਭ ਪ੍ਰਭੂ ਦਾ ਹੁਕਮ ਹੈ। ਇਹ ਸੂਤਕ ਮੰਨਣਾ ਕਿਸੇ ਵਹਿਮ ਤੋਂ ਵਧ ਨਹੀਂ ਹੈ। ਰੱਬ ਦੀ ਕਿਰਪਾ ਨਾਲ ਐਬ ਖ਼ਤਮ ਹੋ ਜਾਂਦੇ ਹਨ ਤੇ ਖੂਬੀਆਂ ਪੈਦਾ ਹੋ ਜਾਂਦੀਆਂ ਹਨ। ਗੁਰੂ ਗਿਆਨੀ ਵਿਚੋਂ ਬੁਰਾਈਆਂ ਕੱਢ ਦਿੰਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਿ ਹੁਕਮੁ ਮਸਤਕਿ ਹਥੁ ਧਰਿ,
ਵਿਚਹੁ ਮਾਰਿ ਕਢੀਆਂ ਬੁਰਿਆਈਆਂ।

ਗਿਆਨ ਨਾਲ ਹੀ ਸੂਤਕੁ ਲਹਿ ਸਕਦਾ ਹੈ :

ਨਾਨਕ ਸੂਤਕੁ ਏਵ ਨ ਉਤਰੈ, ਗਿਆਨੁ ਉਤਾਰੇ ਧੋਇ।

ਗੁਰੂ ਨਾਨਕ ਸਾਹਿਬ ਜਨੇਊ, ਤਿਲਕ, ਸਰਾਧ, ਸੂਤਕ, ਪੂਜਾ, ਚੌਂਕਾ, ਆਦਿ ਦੀ ਥਾਂ ਉਤੇ ਦਇਆ, ਸੰਤੋਖ, ਸਚੁ, ਆਦਿ ਗੁਣਾਂ ਨੂੰ ਪੈਦਾ ਕਰਨਾ ਆਵਸ਼ਕ ਸਮਝਦੇ ਹਨ। (18)

ਊਚ, ਨੀਚ ਜਾਂ ਸੁੱਚ ਭਿੱਟ ਸਭ ਫਜ਼ੂਲ ਹਨ। ਨਾਮ ਦਾ ਸਿਮਰਨ ਨਾ ਕਰਨ ਵਾਲੇ ਅੰਤ ਧਰਕਾਰੇ ਜਾਂਦੇ ਹਨ। ਇਸਤ੍ਰੀ ਦੀ ਨਿੰਦਾ ਕਰਨੀ ਜਾਂ ਉਸਨੂੰ ਬੁਰਾ ਕਹਿਣਾ ਭੈੜੀ ਗੱਲ ਹੈ। ਉਹ ਸਤਿਕਾਰ ਦੀ ਹੱਕਦਾਰ ਹੈ। ਇਸਤ੍ਰੀ ਹੋਵੇ ਭਾਵੇਂ ਪੁਰਸ਼ ਹੋਵੇ, ਇਨਸਾਨ ਭਗਤੀ ਨਾਲ ਉਚਾ ਹੁੰਦਾ ਹੈ। ਮੂਰਖਾਂ ਨਾਲ ਝਗੜਨ ਦਾ ਵੀ ਕੋਈ ਅਰਥ ਨਹੀਂ ਹੈ। ਕਿਸੇ ਨੂੰ ਮੰਦਾ ਨਹੀਂ ਕਹਿਣਾ ਚਾਹੀਦਾ। ਗੁਰੂ ਜੀ ਨੇ ਸਪੱਸ਼ਟ ਕੀਤਾ ਹੈ ਕਿ ਜਿਸ ਇਸਤ੍ਰੀ-ਜਾਤੀ ਨੇ ਸਾਰੇ ਰਾਜੇ ਮਹਾਰਾਜੇ ਤੇ ਪੀਰ ਪੈਗੰਬਰ ਪੈਦਾ ਕੀਤੇ ਹਨ, ਉਹ ਕਿਵੇਂ ਨੀਵੀਂ ਕਹਿ ਕੇ ਭੰਡੀ ਜਾ ਸਕਦੀ ਹੈ ? ਪ੍ਰਭੂ ਅੱਗੇ ਇਸਤ੍ਰੀਆਂ, ਮਰਦਾਂ ਦੇ ਬਰਾਬਰ ਹਨ ਅਤੇ ਉਹਨਾਂ ਨੇ ਵੀ ਆਪਣੇ ਚੰਗੇ ਮਾੜੇ ਕੰਮਾਂ ਦਾ ਨਬੇੜਾ ਮਰਦਾਂ ਵਾਂਗ ਆਪ ਹੀ ਪ੍ਰਭੂ ਦੇ ਦਰਬਾਰ ਵਿਚ ਕਰਨਾ ਹੈ। ਇਸ ਲਈ ਉਹ ਸਤਿਕਾਰ ਦੀ ਪਾਤਰ ਹੈ। (19)

ਮਨੁੱਖ ਨੂੰ ਅੰਦਰੋਂ ਸੁੱਚਾ ਹੋਣਾ ਚਾਹੀਦਾ ਹੈ। ਬਾਹਰੀ ਸੁੱਚਮਤਾ ਅਰਥਹੀਨ ਹੈ। ਜੇ ਅੰਦਰ ਸੁੱਚਮਤਾ ਹੈ ਤਾਂ ਮਨੁੱਖ ਵਡੇਰਾ ਹੈ। ਫਿੱਕਾ ਬੋਲਨ ਨਾਲ ਤਨ ਮਨ ਫਿੱਕਾ ਹੋ ਜਾਂਦਾ ਹੈ। ਗੁਰੂ ਜੀ ਨੇ ਕਿਰਤ ਕਰਨ ਉੱਤੇ ਜ਼ੋਰ ਦਿੱਤਾ ਹੈ। ਗੁਰੂ ਜੀ ਪ੍ਰਗਟ ਕਰਦੇ ਹਨ ਕਿ ਹੋਰਨਾਂ ਦੇ ਗੁਣਾਂ ਔਗੁਣਾਂ ਦੀ ਪੜਤਾਲ ਕਰਨੀ ਮਨੁੱਖ ਦਾ ਕੰਮ ਨਹੀਂ। ਉਹ ਪ੍ਰਭੂ ਦਾ ਕੰਮ ਹੈ। ਮਨੁੱਖ ਨੂੰ ਕੇਵਲ ਆਪਣੀ ਹੀ ਨਿਬੇੜਨੀ ਚਾਹੀਦੀ ਹੈ। ਗਿਆਨੀ ਉਹ ਹੈ ਜੋ ਰਬੀ ਨਿਆਂ ਵਿਚ ਵਿਸ਼ਵਾਸ ਰੱਖਦਾ ਹੈ। ਮਨੁੱਖ ਦੀ ਭਲਾਈ ਇਸੇ ਵਿਚ ਹੈ ਕਿ ਉਹ ਫ਼ਿਕਾ ਨਾ ਬੋਲੇ, ਅੰਦਰੋਂ ਖੋਟਾ ਤੇ ਬਾਹਰੋਂ ਪਾਖੰਡੀ ਨਾ ਹੋਵੇ ਅਤੇ ਪ੍ਰਭੂ ਪ੍ਰੇਮ ਵਿਚ ਲਗਾ ਰਹੇ। ਇਸ ਤਰ੍ਹਾਂ ਮਨੁੱਖੀ ਆਚਰਨ ਦੀ ਉਸਾਰੀ ਕਰਕੇ ਗੁਰੂ ਜੀ ਉਸ ਨੂੰ ਸੇਵਕ ਦੀ ਪਦਵੀ ਦਿੰਦੇ ਹਨ (20)।

ਗੁਰਮੁਖ ਜਾਂ ਆਸ਼ਕ ਲਗਾਤਾਰ ਆਪਣੇ ਮਾਲਕ ਨਾਲ ਪਿਆਰ ਕਰਕੇ ਹੀ ਕਾਮਯਾਬ ਹੋ ਸਕਦਾ ਹੈ। ਲਾਭ ਹਾਨ ਦੇ ਗੇੜ ਵਿਚ ਜਾਂ ਦਲੀਲ ਬਾਜ਼ੀ ਦੇ ਚੱਕਰ ਵਿਚ ਸਫ਼ਲਤਾ ਨਹੀਂ ਮਿਲਦੀ। ਉਸ ਨੂੰ ਮਾਲਕ ਵੱਲੋਂ ਜੋ ਕੁਝ ਮਿਲਦਾ ਹੈ ਉਸ ਨੂੰ ਚੰਗਾ ਕਰਕੇ ਮੰਨਣਾ ਚਾਹੀਦਾ ਹੈ। ਭਾਵ ਉਸ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ। ਗੁਰਮੁਖ "ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥" ਉਤੇ ਵਿਸ਼ਵਾਸ ਰੱਖਦੇ ਹਨ। (21)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਧਕ ਨੂੰ ਪ੍ਰਭੂ ਦਾ ਭਾਣਾ ਮੰਨਣਾ ਤੇ ਉਸ ਦਾ ਚਾਕਰ ਬਣ ਕੇ ਰਹਿਣਾ ਚਾਹੀਦਾ ਹੈ। ਬੱਚੇ ਜਾਂ ਆਪ ਤੋਂ ਵਡੇਰੇ ਨਾਲ ਮਿੱਤਰਤਾ ਸਿਰੇ ਨਹੀਂ ਚੜ੍ਹਦੀ। ਮਾਲਕ ਅੱਗੇ ਅਰਦਾਸ ਕੀਤੀ ਜਾ ਸਕਦੀ ਹੈ, ਹੁਕਮ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਉਸ ਦੀ ਬਰਾਬਰੀ ਕਰਨੀ ਯੋਗ ਹੈ :

ਨਾਨਕ ਹੁਕਮੁ ਨਾ ਚਲਾਈ ਨਾਲਿ ਖਸਮ ਚਲੈ ਅਰਦਾਸਿ ॥

ਸੱਤ ਬਚਨ ਕਹਿ ਕੇ, ਅਰਦਾਸਾਂ ਕਰਕੇ, ਨੀਵਾਂ ਪੈ ਕੇ ਸੇਵਾ ਕਰਨੀ ਉਪਯੋਗੀ ਹੈ। (22)

ਗੁਰੂ ਨਾਕ ਅਨੁਸਾਰ ਪ੍ਰਭੂ ਦਾ ਅੰਤ ਪਾਉਣਾ ਅਸੰਭਵ ਹੈ। ਉਹ ਹੀ ਸਭ ਕੁਝ ਕਰਨ ਕਰਾਵਣ ਵਾਲਾਂ ਹੈ। ਸਭ ਮਿਹਰਾਂ ਜਾਂ ਦਾਤਾਂ ਉਸ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀਆਂ ਹਨ ਤੇ ਉਹ ਸਭਨਾਂ ਦੀ ਸਾਰ ਲੈਂਦਾ ਹੈ। ਸੋ ਜੋ ਕੁਝ ਵੀ ਉਸ ਵਲੋਂ ਮਿਲੇ ਉਸ ਨੂੰ ਆਪਣੀ ਸੇਵਾ ਦਾ ਸਿੱਟਾ ਜਾਣ ਕੇ ਨਹੀਂ ਲੈਣਾ ਚਾਹੀਦਾ, ਸਗੋਂ ਉਸ ਦੀ ਦਾਤ ਸਮਝ ਕੇ ਲੈਣਾ ਚਾਹੀਦਾ ਹੈ। (23)

ਸਾਰੀ ਸ੍ਰਿਸ਼ਟੀ ਨੂੰ ਉਹ ਚਲਾਉਣ ਵਾਲਾ ਹੈ ਤੇ ਸਭ ਦਾ ਮਾਲਕ ਵੀ ਉਹੀ ਹੈ। ਉਸ ਦੀ ਮਰਜੀ ਜਾਂ ਭਾਣੇ ਅਨੁਸਾਰ ਸਭ ਕੁਝ ਵਾਪਰਦਾ ਹੈ। ਸਭ ਚੰਗੇ ਮੰਦੇ ਮਨੁੱਖ ਉਸ ਦੇ ਹੀ ਬਣਾਏ ਹੋਏ ਹਨ ਇਸ ਲਈ ਕਿਸੇ ਨਾਲ ਘਿਰਣਾ ਲਹੀਂ ਕਰਨੀ ਚਾਹੀਦੀ। ਉਹ ਮਹਾਨ ਹੈ ਤੇ ਉਸ ਨੂੰ ਭੁਲਾਉਣਾ ਔਖਾ ਹੈ। ਸਪੱਸ਼ਟ ਹੈ ਕਿ ਇਨਸਾਨ ਦੀ ਜਾਂ ਸਾਧਕ ਦੀ ਸੇਵਾ ਦਾ ਸੋਮਾ ਕੇਵਲ ਪ੍ਰਭੂ ਹੀ ਹੈ। ਉਹ ਹੀ ਇਨਸਾਨ ਤੋਂ ਸਭ ਕੁਝ ਕਰਵਾਉਂਦਾ ਹੈ। ਭਾਵ ਉਹ ਆਪ ਹੀ ਕਰਨ ਕਰਾਵਨ ਵਾਲਾ ਹੈ ਤੇ ਉਸ ਦੀ ਮਰਜੀ ਨਾਲ ਹੀ ਸਭ ਕੁਝ ਵਾਪਰਦਾ ਹੈ। (24)

ਹਵਾਲੇ ਅਤੇ ਟਿੱਪਣੀਆਂ

1. ਆਸਾ ਦੀ ਵਾਰ ਸਟੀਕ, ਪੰਨਾ 9.
2. ਗੁਰੂ ਨਾਨਕ ਚਿੰਤਨਤ ਕਲਾ, ਪੰਨੇ 124-25.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ ਵਿਚ
ਪਉੜੀਆਂ ਤੇ ਸਲੋਕਾਂ ਦਾ ਸੰਬੰਧ

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸੱਤੇ ਬਲਵੰਡ ਦੀ ਵਾਰ ਤੋਂ ਬਿਨਾ ਬਾਕੀ ਸਾਰੀਆਂ ਵਾਰਾਂ ਵਿਚ ਪਉੜੀਆਂ ਦੇ ਨਾਲ ਸਲੋਕ ਸ਼ਾਮਿਲ ਕੀਤੇ ਗਏ ਹਨ। ਵਾਰ ਦੀ ਮੁੱਢਲੀ ਇਕਾਈ ਪਉੜੀ ਹੁੰਦੀ ਹੈ, ਇਸ ਕਰਕੇ ਵਾਰ ਦੇ ਕਾਵਿ ਰੂਪ ਵਿਚ ਪਉੜੀ ਦੀ ਵਰਤੋਂ ਇਕ ਅਵੱਸ਼ਕ ਤਕਨੀਕੀ ਲੋੜ ਹੈ। ਪਰੰਤੂ ਸਲੋਕ ਦਾ ਵਾਰ ਦੀ ਤਕਨੀਕ ਨਾਲ ਕੋਈ ਸੰਬੰਧ ਨਹੀਂ ਹੁੰਦਾ। ਵਾਰ ਵਿਚ ਪਉੜੀਆਂ ਦੇ ਨਾਲ ਸਲੋਕਾਂ ਨੂੰ ਸ਼ਾਮਿਲ ਕਰਨ ਦਾ ਮੁੱਢ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ 1604 ਈ. ਵਿਚ ਬੰਨ੍ਹਿਆ। ਉਹਨਾਂ ਨੇ ਵਾਰਾਂ ਵਿਚ ਹਰੇਕ ਪਉੜੀ ਤੋਂ ਪਹਿਲਾਂ ਇਕ ਜਾਂ ਇਕ ਤੋਂ ਵਧੀਕ ਸਲੋਕ ਸ਼ਾਮਿਲ ਕੀਤੇ ਹਨ। ਪਰ 'ਆਸਾ ਜੀ ਵਾਰ' ਵਿਚ ਸਲੋਕ ਵੀ ਪਹਿਲੇ ਮਹਲੇ ਦੇ ਹੀ ਵਧਾਏ ਗਏ ਹਨ :

ਆਸਾ ਮਹਲਾ ੧
ਵਾਰ ਸਲੋਕਾਂ ਨਾਲਿ ਸਲੋਕ ਭੀ ਮਹਲੇ
ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ॥

ਗੁਰੂ ਅਰਜਨ ਸਾਹਿਬ ਦੁਆਰਾ ਵਾਰਾਂ ਵਿਚ ਪਉੜੀਆਂ ਤੋਂ ਪਹਿਲਾਂ ਸਲੋਕ ਦੇਣ ਦਾ ਮੁੱਖ ਮਨੋਰਥ ਇਹ ਸੀ ਕਿ ਹਰੇਕ ਪਉੜੀ ਦੇ ਭਾਵ ਨੂੰ ਸਲੋਕ ਦੁਆਰਾ ਸਪੱਸ਼ਟ ਕੀਤਾ ਜਾਵੇ। ਇਸ ਤਰ੍ਹਾਂ ਸਲੋਕ ਸੰਬੰਧਿਤ ਪਉੜੀ ਦੀ ਵਿਆਖਿਆ ਜਾਂ ਭੂਮਿਕਾ ਦਾ ਕੰਮ ਦਿੰਦੇ ਹਨ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਆਪਣੀਆਂ, ਪਹਿਲੇ, ਤੀਜੇ ਅਤੇ ਚੌਥੇ ਗੁਰੂ ਸਾਹਿਬਾਨ ਦੀਆਂ ਵਾਰਾਂ ਵਿਚ ਹਰੇਕ ਵਾਰ ਦੀ ਹਰ ਪਉੜੀ ਤੋਂ ਪਹਿਲਾਂ ਉਸੇ ਗੁਰੂ ਸਾਹਿਬ ਜਾਂ ਦੂਸਰੇ ਗੁਰੂ ਸਾਹਿਬਾਨ ਦੁਆਰਾ ਵੱਖ ਵੱਖ ਸਮਿਆਂ ਤੇ ਅਵਸਰਾਂ, ਵੱਖ ਵੱਖ ਪ੍ਰਸੰਗਾਂ ਤੇ ਸਥਿਤੀਆਂ ਵਿਚ ਰਚੇ ਗਏ ਸਲੋਕਾਂ ਵਿਚੋਂ ਸੰਬੰਧਿਤ ਪਉੜੀ ਦੇ ਭਾਵ ਨੂੰ ਪ੍ਰਗਟ ਕਰਨ ਵਾਲੇ ਇਕ ਜਾਂ ਇਕ ਤੋਂ ਵਧ ਸਲੋਕ ਵਧਾ ਦਿਤੇ ਹਨ। ਸੰਬੰਧਤ ਗੁਰੂ–

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਅਕਤੀ ਦੀ ਪਛਾਣ ਲਈ ਹਰੇਕ ਸਲੋਕ ਦੇ ਆਰੰਭ ਵਿਚ ਮਹਲਾ ੧, ਮਹਲਾ ੨, ਆਦਿ ਲਿਖ ਦਿੱਤਾ। ਸਲੋਕਾਂ ਵਿਚ ਕਿਉਂਕਿ ਵਿਕੋਲਿਤਰੇ ਤੇ ਵਿਸਤ੍ਰਿਤ ਵਿਸ਼ੇ ਦਿਤੇ ਗਏ ਹਨ ਅਤੇ ਉਹ ਪਉੜੀਆਂ ਵਾਂਗ ਇਕ ਲੜੀ ਵਿਚ ਪਰੋਤੇ ਵਿਚਾਰ ਨਹੀਂ ਪੇਸ਼ ਕਰਦੇ, ਇਸ ਲਈ ਸਲੋਕਾਂ ਦਾ ਕ੍ਰਮ ਅੰਕ ਨਹੀਂ ਦਿੱਤਾ ਗਿਆ ਜਦੋਂ ਕਿ ਪਉੜੀਆਂ ਦੀ ਗਿਣਤੀ ਕ੍ਰਮਵਾਰ ਦੇ ਦਿੱਤੀ ਗਈ ਹੈ।

'ਆਸਾ ਦੀ ਵਾਰ' ਦੀਆਂ 24 ਪਉੜੀਆਂ ਤੇ 44 ਸਲੋਕ ਸਨ ਜੋ ਗੁਰੂ ਨਾਨਕ ਸਾਹਿਬ ਦੇ ਰਚੇ ਹੋਏ ਸਨ। ਗੁਰੂ ਅਰਜਨ ਸਾਹਿਬ ਨੇ ਇਸ ਵਾਰ ਵਿਚ 15 ਹੋਰ ਸਲੋਕ ਗੁਰੂ ਅੰਗਦ ਦੇਵ ਜੀ ਦੇ ਥਾਂ ਤੇ ਭਾਵ ਦੀ ਅਨੁਕੂਲਤਾ ਅਨੁਸਾਰ ਸ਼ਾਮਿਲ ਕਰ ਦਿੱਤੇ।

ਇਹ ਸਲੋਕ ਤੇ ਪਉੜੀਆਂ ਵਿਕੋਲਿਤਰੇ ਟੋਟਕੇ ਨਹੀਂ, ਸਗੋਂ ਇਕ ਭਾਵ ਦੀ ਲੜੀ ਵਿਚ ਪਰੋਤੇ ਹੋਏ ਹਨ। ਪਉੜੀਆਂ ਦੀ ਕ੍ਰਮਵਾਰ ਗਿਣਤੀ ਇਹ ਸਪੱਸ਼ਟ ਕਰਦੀ ਹੈ ਕਿ ਵਾਰ ਦੀ ਅਸਲੀ ਵਸਤੂ ਪਉੜੀ ਹੀ ਹੈ ਅਤੇ ਸਾਰੀ ਵਾਰ ਇਕ ਨਿਸ਼ਚਿਤ ਉਦੇਸ਼ ਨੂੰ ਪ੍ਰਗਟ ਕਰਨ ਲਈ ਲਿਖੀ ਹੋਈ ਹੈ। ਉਸ ਦਾ ਵਿਸ਼ਾ ਅਧਿਆਤਮਕ ਉਪਦੇਸ਼ ਜਾਂ ਅਗਵਾਈ ਕਰਨਾ ਹੈ। ਇਸ ਵਿਸ਼ੇ ਦੀ ਪੇਸ਼ਕਾਰੀ ਲਈ ਗੁਰੂ ਜੀ ਨੇ ਪਉੜੀਆਂ ਦੀ ਸਿਰਜਣਾ ਇਕੋ ਵਕਤ, ਇਕੋ ਅਨੁਭਵ ਤੇ ਪਰਸਾਰ ਦੇ ਨੁਕਤੇ ਉਤੇ ਕੇਂਦ੍ਰਿਤ ਹੋ ਕੇ ਕੀਤੀ। ਇਸ ਲਈ ਸਾਰੀਆਂ ਪਉੜੀਆਂ ਇਸ ਅਧਿਆਤਮਕ ਵਿਸ਼ੇ ਦਾ ਨਿਸ਼ਚਿਤ ਰੂਪ ਵਿਚ ਵਿਕਾਸ ਕਰਦੀਆਂ ਦਿਸਦੀਆਂ ਹਨ ਜਦੋਂ ਕਿ ਸਲੋਕਾਂ ਦਾ ਮੁੱਢ ਤੋਂ ਅੰਤ ਤਕ ਕੋਈ ਨਿਸ਼ਚਿਤ ਵਿਕਾਸ ਨਹੀਂ ਦਿਸਦਾ, ਸਲੋਕਾਂ ਦੇ ਵਿਸ਼ੇ ਬਹੁ-ਪੱਖੀ ਹਨ। ਸਲੋਕਾਂ ਵਿਚ ਸੰਬੰਧਤ ਪਉੜੀ ਦੁਆਰਾ ਪ੍ਰਗਟਾਏ ਗਏ ਅਧਿਆਤਮਕ ਅਨੁਭਵ ਦੀ ਵਿਆਖਿਆ ਜਾਂ ਪੁਸ਼ਟੀ ਕੀਤੀ ਜਾਪਦੀ ਹੈ। ਸਲੋਕਾਂ ਵਿਚ ਗੱਲ ਵਿਹਾਰਕ ਪੱਧਰ ਤੇ ਪ੍ਰਗਟ ਕੀਤੀ ਗਈ ਹੈ ਜਿਨ੍ਹਾਂ ਦਾ ਉਦੇਸ਼ ਸਮਾਜਕ, ਧਾਰਮਿਕ ਤੇ ਸਦਾਚਾਰਕ ਅਗਵਾਈ ਕਰਨਾ ਹੈ।

ਹਰੇਕ ਪਉੜੀ ਤੇ ਉਸ ਤੋਂ ਪਹਿਲਾਂ ਦਿਤੇ ਗਏ ਸਲੋਕ, ਵਾਰ ਦੇ ਵਿਸ਼ੇ ਦੀ ਇਕ ਨਿਸ਼ਚਿਤ ਇਕਾਈ ਕਹੀ ਜਾ ਸਕਦੀ ਹੈ। ਅਸਲ ਗੱਲ ਇਹ ਹੈ ਕਿ ਪਉੜੀ ਵਿਚ ਭਾਵ ਜਾਂ ਅਸੂਲ ਨੂੰ ਆਮ ਸ਼ਬਦਾਂ ਵਿਚ ਪੇਸ਼ ਕੀਤਾ ਹੁੰਦਾ ਹੈ ਅਤੇ ਉਸ ਦੇ ਨਾਲ ਸ਼ਾਮਿਲ ਸਲੋਕਾਂ ਵਿਚ ਉਸੇ ਪਉੜੀ ਦੇ ਭਾਵ ਨੂੰ ਉਦਾਹਰਣਾ ਦੇ ਕੇ ਜਾਂ ਰਸਮਾਂ ਰਵਾਜਾਂ ਤੇ ਸਮਾਜਕ ਵਰਤਾਰਿਆਂ ਵਲ ਇਸ਼ਾਰਾ ਕਰ ਕੇ ਸਪੱਸ਼ਟ ਕੀਤਾ ਹੁੰਦਾ ਹੈ। ਹਰੇਕ ਵਾਰ ਦਾ ਆਰੰਭ ਸਲੋਕਾਂ ਨਾਲ ਕੀਤਾ ਗਿਆ ਹੈ, ਉਪਰੰਤ ਪਉੜੀ ਤੇ ਉਸ ਦਾ ਅੰਕ ਦਰਜ ਹੈ। ਇਸ ਅੰਕ ਉਤੇ ਆ ਕੇ ਇਕ ਤਰ੍ਹਾਂ ਨਾਲ ਉਸ ਪਉੜੀ ਦੀ ਇਕਾਈ ਸਮਾਪਤ ਹੋ ਜਾਂਦੀ ਹੈ। ਉਸ ਤੋਂ ਅੱਗੇ ਸਲੋਕਾਂ ਰਾਹੀਂ ਨਵੀ ਇਕਾਈ ਦਾ ਆਰੰਭ ਹੋ ਜਾਂਦਾ ਹੈ ਜੋ ਫਿਰ ਅਗਲੀ ਪਉੜੀ ਦੇ ਨਾਲ ਸਮਾਪਤ ਹੋ ਜਾਂਦਾ ਹੈ। ਸਪੱਸ਼ਟ ਹੈ ਕਿ ਜੇ ਸਲੋਕਾਂ ਅਤੇ ਪਉੜੀਆਂ ਦੇ ਇਸ ਸੰਬੰਧ ਨੂੰ ਸਮਝੇ ਬਿਨਾ ਵਾਰ ਦਾ ਪਾਠ ਕੀਤਾ ਜਾਵੇ ਤਾਂ ਅਰਥਾਂ ਦੇ ਅਨਰਥ ਹੋ ਜਾਣਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਦਾਹਰਣ ਵਜੋਂ ਛੇਵੀ ਪਉੜੀ ਪੇਸ਼ ਹੈ। ਇਸ ਦੇ ਸਲੋਕਾਂ ਵਿਚ ਧਾਰਮਿਕ, ਫਿਰਕੇ ਬੰਦੀ ਤੇ ਮਜ਼ਬ ਦੀ ਹਉਮੈ ਦੇ ਵੱਖ ਵੱਖ ਰੂਪ ਦਿਤੇ ਗਏ ਹਨ। ਉਸ ਨੂੰ ਦੂਰ ਕਰਨ ਦੇ ਸਾਧਨ ਜਾਂ ਮੁਕਾਬਲੇ ਦੀ ਸੱਤਾਈ ਪਉੜੀ ਵਿਚ ਦਿੱਤੀ ਗਈ ਹੈ। ਪਉੜੀ ਵਿਚ ਦਸਿਆ ਗਿਆ ਹੈ ਕਿ ਧਾਰਮਿਕ 'ਮੋਹੁ' ਤੋਂ ਛੁਟਕਾਰਾ ਗੁਰੂ ਹੀ ਦਿਵਾ ਸਕਦਾ ਹੈ, ਜੋ ਵੱਖ ਵੱਖ ਫਿਰਕਿਆਂ ਵਿਚ ਵੰਡੇ ਹੋਏ ਮਨੁੱਖਾਂ ਅੰਦਰ ਇਕੋ ਜਗਤ-ਜੀਵਨ ਪਸਰਿਆ ਹੋਇਆ ਵਿਖਾ ਕੇ ਉਸ ਨਾਲ ਪਿਆਰ ਪੁਆ ਦਿੰਦਾ ਹੈ। ਇਸ ਨਾਲ ਫਿਰਕੇਬੰਦੀ ਤੇ ਧਾਰਮਿਕ ਹਉਮੈ ਮੁੱਕ ਜਾਂਦੀ ਹੈ। ਇਸ ਪਉੜੀ ਦੇ ਸਲੋਕਾਂ ਦਾ ਭਾਵ ਧਿਆਨ ਵਿਚ ਰਖੇ ਬਿਨਾ ਪਉੜੀ ਵਿਚ ਦਿਤੇ 'ਮੋਹੁ' ਅਤੇ 'ਜਗ ਜੀਵਨੁ ਦਾਤਾ' ਦੇ ਅਰਥ ਠੀਕ ਠੀਕ ਸਮਝ ਨਹੀਂ ਆ ਸਕਦੇ। ਇਸੇ ਤਰ੍ਹਾਂ ਬਾਕੀ ਪਉੜੀਆਂ ਦੀ ਸ਼ੁਧ ਵਿਆਖਿਆ ਕਰਨ ਸਮੇਂ ਉਹਨਾਂ ਨਾਲ ਸੰਬੰਧਿਤ ਸਲੋਕਾਂ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ।

ਗੁਰੂ ਅਰਜਨ ਸਾਹਿਬ ਦੁਆਰਾ ਮੂਲ ਵਾਰ ਦੀਆਂ ਪਉੜੀਆਂ ਦੇ ਨਾਲ ਸਲੋਕ ਵਧਾਉਣ ਬਾਰੇ ਡਾ. ਦੀਵਾਨ ਸਿੰਘ ਦੇ ਇਸ ਮੱਤ ਨਾਲ ਅਸੀਂ ਸਹਿਮਤ ਹਾਂ : ਕਿ ਗੁਰੂ ਸਾਹਿਬ ਨੇ ਦੋ ਗੱਲਾਂ ਨੂੰ ਮੁੱਖ ਰੱਖ ਕੇ ਅਜਿਹਾ ਕੀਤਾ ਹੋਵੇਗਾ। ਪਹਿਲੀ ਗੱਲ ਇਹ ਕਿ ਵਾਰਾਂ ਰਚਨ ਦਾ ਮੁੱਢਲਾ ਆਸ਼ਾ ਗੁਰਮਤ ਪਰਚਾਰ ਦਾ ਸੀ। ਇਸ ਲਈ ਪਰਚਾਰ ਜਾਂ ਉਪਦੇਸ਼ ਨੂੰ ਮੁੱਖ ਰੱਖ ਕੇ ਵਾਰਾਂ ਦੀਆਂ ਪਉੜੀਆਂ ਦੇ ਨਾਲ ਸਲੋਕ ਵਧਾਏ ਗਏ ਹੋਣਗੇ ਤਾਂ ਜੋ ਸਿਖ ਸੰਗਤ ਨੂੰ ਉਪਦੇਸ਼ ਵਜੋਂ ਭਰਪੂਰ ਤੇ ਬਹੁ-ਪੱਖੀ ਗੁਰਬਾਣੀ ਰੂਪ ਸਿਖਿਆ ਤੇ ਉਹ ਵੀ ਕੀਰਤਨ ਦੇ ਰੰਗ ਢੰਗ ਵਿਚ ਪ੍ਰਾਪਤ ਹੋ ਜਾਏ। ਦੂਜਾ ਅਨੁਮਾਨ ਇਹ ਹੋ ਸਕਦਾ ਹੈ ਕਿ ਗੁਰੂ ਸਾਹਿਬ ਆਪਣੇ ਜੀਵਨ ਦੇ ਸਾਧਾਰਨ ਤੇ ਵਿਸ਼ੇਸ਼ ਅਵਸਰਾਂ ਤੇ ਪ੍ਰਸੰਗ ਵਜੋਂ 'ਪਰਥਾਇ ਸਾਖੀ ਮਹਾ ਪੁਰਖ ਬੋਲਦੇ' ਅਨੁਸਾਰ ਜੋ ਵਿਚਾਰ ਕਰਦੇ ਸਨ ਉਹ ਸਲੋਕਾਂ ਦੇ ਰੂਪ ਵਿਚ ਹੀ ਹੁੰਦਾ ਸੀ, ਕਿਉਂਕਿ ਸਲੋਕ ਪੁਰਾਤਨ ਸਮਿਆਂ ਤੋਂ ਪ੍ਰਚੱਲਤ ਇਕ ਛੋਟੇ ਆਕਾਰ ਦੀ (ਦੋ ਤੋਂ ਲੈ ਕੇ ਕੁਝ ਤੁੱਕਾਂ ਵਿਚ ਸੀਮਤ) ਕਵਿਤਾ ਹੁੰਦੀ ਸੀ। ਅਜਿਹੇ ਸਲੋਕਾਂ ਦੀ ਬਹੁਤ ਭਾਰੀ ਗਿਣਤੀ ਗੁਰੂ ਸਾਹਿਬਾਨ ਦੇ ਜੀਵਨ ਵਿਚ ਸਹਿਜ ਸੁਭਾ ਹੀ ਰਚੀ ਹੋਈ ਇਕੱਠੀ ਹੋ ਗਈ ਸੀ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਗੁਰੂ ਅਰਜਨ ਸਾਹਿਬ ਨੇ ਇਕ ਥਾਂ ਇਕੱਠੀ ਦਰਜ ਕਰਨ ਦੀ ਥਾਂ ਵਾਰਾਂ ਦੇ ਨਾਲ ਸ਼ਾਮਲ ਕਰ ਦਿੱਤਾ ਅਤੇ ਜੋ ਸਲੋਕ ਵਾਰਾਂ ਤੋਂ ਵਧ ਗਏ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ ਦਰਜ ਕਰ ਦਿਤਾ।[1]

ਨਿਰਸੰਦੇਹ ਪਉੜੀਆਂ ਅਤੇ ਸਲੋਕਾਂ ਦਾ ਪਰਸਪਰ ਸੰਬੰਧ ਬਹੁਤ ਗੂੜ੍ਹਾ ਅਤੇ ਇਹਨਾਂ ਦੇ ਵਿਸ਼ਿਆਂ ਦਾ ਇਕ ਦੂਜੇ ਨਾਲ ਸੁਮੇਲ ਬਹੁਤ ਵਿਆਪਕ ਹੈ। ਗੁਰਬਾਣੀ ਦੇ ਸਾਰੇ ਵਿਸ਼ੇ ਮੂਲ ਰੂਪ ਵਿਚ ਇਕ ਦੂਜੇ ਨਾਲ ਰਲਦੇ ਮਿਲਦੇ ਤੇ ਸੰਜੁਗਤ ਹੁੰਦੇ ਹਨ। ਇਸ ਲਈ ਪਉੜੀਆਂ ਅਤੇ ਸਲੋਕਾਂ ਦਾ ਅਧਿਆਤਮਕ ਰਹੱਸ ਤੇ ਉਪਦੇਸ਼ ਇਕ ਸਮੁੱਚੀ

[1]ਗੁਰੂ ਨਾਨਕ ਦੀ ਸਾਹਿੱਤਕ ਪ੍ਰਤਿਭਾ ਤੇ ਹੋਰ ਲੇਖ, ਪੰਨੇ 83-84

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚਾਰਧਾਰਾ ਦੀ ਲੜੀ ਵਿਚ ਬਝਾ ਹਇਆ ਹੈ। ਇਥੇ ਫ਼ਰਕ ਸਿਰਫ਼ ਪਉੜੀਆਂ ਦੇ ਇਕ ਲੜੀ ਵਿਚ ਪਰੋਏ ਹੋਏ ਵਿਚਾਰਾਂ ਦੇ ਨਾਲ ਸੰਬੰਧਿਤ ਭਿੰਨ ਭਿੰਨ ਉਦੇਸ਼ਾ ਦੇ ਸਲੋਕਾਂ ਦੀ ਵੰਨ-ਸੁਵੰਨਤਾ ਦਾ ਹੈ। ਪਉੜੀਆਂ ਦਾ ਉਦੇਸ਼ ਮੁੱਖ ਤੌਰ ਤੇ ਅਧਿਆਤਮਕ ਹੈ ਅਤੇ ਸਾਰੀਆਂ ਪਉੜੀਆਂ ਇਕੋ ਸੁੰਦਰ ਮਜ਼ਮੂਨ ਵਿਚ ਪਰੋਤੀਆਂ ਹੋਈਆਂ ਹਨ, ਜਦੋਂ ਕਿ ਸਲੋਕਾਂ ਦਾ ਉਦੇਸ਼ ਵਿਸ਼ੇਸ਼ ਤੌਰ ਤੇ ਸਮਾਜਕ, ਨੈਤਿਕ, ਸਦਾਚਾਰਕ ਤੇ ਉਪਦੇਸ਼ਾਤਮਕ ਹੈ ਅਤੇ ਉਹ ਸਬੰਧਿਤ ਪਉੜੀ ਦੇ ਉਦੇਸ਼ ਅਨੁਸਾਰ ਬਦਲ ਜਾਂਦਾ ਹੈ। ਸਲੋਕਾਂ ਵਿਚ ਆਪਣੇ ਉਦੇਸ਼ ਦੀ ਪੂਰਤੀ ਲਈ ਕਾਫ਼ੀ ਹੱਦ ਤਕ ਸਮਾਜਕ ਕੁਰੀਤੀਆਂ ਤੇ ਧਾਰਮਿਕ ਉਕਾਈਆਂ ਨੂੰ ਪ੍ਰਗਟ ਕੀਤਾ ਗਿਆ ਹੈ। ਸਲੋਕਾਂ ਦਾ ਵਾਤਾਵਰਨ ਵਾਦ-ਵਿਵਾਦ ਅਤੇ ਤਰਕ ਵਿਤਟਕ ਦਾ ਹੈ ਜਦੋਂ ਕਿ ਪਉੜੀ ਵਿਚ ਗੁਰੂ ਸਾਹਿਬ ਨੇ ਤਾਤਵਿਕ ਤੇ ਰਹੱਸਵਾਦੀ ਨਿਰਣਾ ਦਿੱਤਾ ਹੁੰਦਾ ਹੈ। ਇਹੋ ਹੀ ਸਿੱਖ ਦਰਸ਼ਨ ਦਾ ਮੂਲ ਉਦੇਸ਼ ਹੈ। ਉਪਦੇਸ਼ ਦੇ ਨਿਸ਼ਾਨੇ ਤੋਂ ਹੀ ਵਾਰ ਦੀਆਂ ਪਉੜੀਆਂ ਦੇ ਮਹੱਤਵ ਪੂਰਣ ਵਿਚਾਰਾਂ ਨੂੰ ਬਾਰ ਬਾਰ ਦੁਹਰਾਇਆ ਗਿਆ ਹੈ। ਮਨੁੱਖ ਨੂੰ ਸਿਖਿਆ ਦੇਣ ਲਈ ਇਸ ਦੁਹਰਾਉ ਦੀ ਬਹੁਤ ਵੱਡੀ ਲੋੜ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ : ਦਾਰਸ਼ਨਿਕ ਚਿੰਤਨ

ਆਸਾ ਦੀ ਵਾਰ ਵਿਚ ਜਿਥੇ ਨਾਮ, ਸਮਾਜਕ ਜੀਵਨ ਦੀ ਉਸਾਰੀ ਲਈ ਅਤੇ ਮਨੁੱਖ ਨੂੰ ਸ੍ਰੇਸ਼ਠ ਮਨੁੱਖ ਬਣਾਉਣ ਲਈ ਵਿਚਾਰ ਦਰਜ ਹਨ, ਉਥੇ ਨਾਲ ਨਾਲ ਹੀ ਅਧਿਆਤਮਕ ਦ੍ਰਿਸ਼ਟੀਕੋਣ ਜਾਂ ਗੁਰਮਤ ਦੇ ਦਾਰਸ਼ਨਿਕ ਤੱਥਾਂ ਅਤੇ ਰਹੱਸਵਾਦੀ ਸੱਤਾ ਦੇ ਸਰੂਪ ਸੰਬੰਧੀ ਵੀ ਜਾਣਕਾਰੀ ਕਰਵਾਈ ਗਈ ਹੈ। ਇਹ ਵਿਚਾਰ ਪਉੜੀਆਂ ਅਤੇ ਸਲੋਕਾਂ ਦੋਹਾਂ ਵਿਚ ਮਿਲਦੇ ਹਨ[1]। ਇਸ ਤਰ੍ਹਾਂ 'ਆਸਾ ਦੀ ਵਾਰ' ਇਕ ਅਧਿਆਤਮਿਕ ਵਾਰ ਹੈ। 'ਇਸ ਵਾਰ ਦਾ ਵਿਸ਼ਾ ਅਧਿਆਤਮਿਕ ਹੈ, ਜਿਸ ਰਾਹੀਂ ਸਤਿਗੁਰ ਮਨੁੱਖ ਨੂੰ ਪਸ਼ੂਤਾ ਤੋਂ ਉਪਰ ਉਠਾ ਕੇ ਮਨੁੱਖਤਾ ਤਕ ਪਹੁੰਚਾ ਕੇ ਅੰਤ ਰਬਤਾ ਨੂੰ ਪ੍ਰਾਪਤ ਕਰਨ ਦੀ ਜ਼ਬਰਦਸਤ ਪ੍ਰੇਰਨਾ ਦੇਂਦੇ ਹਨ।[2] ਗੁਰੂ ਨਾਨਕ ਦਾ ਮੂਲ ਮੰਤਵ ਸਾਧਾਰਨ ਮਨੁੱਖ ਨੂੰ ਗੁਰਮੁਖ ਬਣਾਉਣਾ ਤੇ ਉਸਦਾ ਪ੍ਰਭੂ ਨਾਲ ਸਤਿਗੁਰੂ ਰਾਹੀਂ ਮੇਲ ਕਰਵਾਉਣਾ ਹੈ।

ਇਸ ਵਾਰ ਦਾ ਆਰੰਭ ਹੀ ਪਰਮਾਤਮਾ ਦੇ ਸਰੂਪ ਵਰਣਨ ਨਾਲ ਹੋਇਆ ਹੈ :

> ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
> ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਇਸ ਤਰ੍ਹਾਂ ਆਸਾ ਦੀ ਵਾਰ ਵਿਚ ਪ੍ਰਭੂ ਦਾ ਸਰੂਪ 'ਜਪੁਜੀ' ਵਾਲਾ ਹੀ ਹੈ। ਉਹ ਕੇਵਲ ਇਕੋ ਹਸਤੀ ਹੈ, ਕਰਤਾ ਪੁਰਖ ਹੈ, ਇਸ ਸੰਸਾਰ ਦਾ ਨਿਰਮਾਣ ਕਰਕੇ ਅਗੋਂ ਚਲਾਉਣ ਵਾਲਾ ਹੈ। ਉਹ ਸਭ ਕੁਝ ਆਪਣੀ ਮਰਜ਼ੀ ਮੁਤਾਬਕ ਕਰਦਾ ਹੈ। ਉਹ ਨਿਰਭਉ ਹੈ ਅਰਥਾਤ ਭੈ ਤੋਂ ਰਹਿਤ ਹੈ ਤੇ ਉਸ ਦੇ ਭੈ ਵਿਚ ਹੀ ਸਾਰੀ ਸ੍ਰਿਸ਼ਟੀ ਚਲਦੀ ਹੈ। ਉਹ ਆਪਣੀ ਸ੍ਰਿਸ਼ਟੀ ਵਿਚ ਮੌਜੂਦ ਹੈ। ਉਹ ਬਿਨਾ ਕਿਸੇ ਡਰ ਤੇ ਬਿਨਾਂ ਕਿਸੇ ਵੈਰ ਦੇ ਹੈ। ਉਹ ਸਰਵ ਉੱਚ ਤੇ ਅਟੱਲ ਸ਼ਕਤੀ ਹੈ। ਉਸਦੇ ਭਾਵੇਂ ਅਨੇਕ ਨਾਂ ਹਨ, ਪਰ ਉਹ ਹੈ 'ਇਕੋ :

> ਸਚਾ ਸਾਹਿਬੁ ਏਕ ਤੂੰ ਜਿਨਿ ਸਚੋ ਸਚੁ ਵਰਤਾਇਆ।

ਉਹ ਜਨਮ ਜਨਮਾਂਤਰਾਂ ਜਾਂ ਜਨਮ ਮਰਨ ਤੋਂ ਰਹਿਤ ਹੈ। ਉਸਦਾ ਪ੍ਰਕਾਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਆਪ ਤੋਂ ਹੁੰਦਾ ਹੈ। ਉਸ ਦੀ ਪ੍ਰਾਪਤੀ ਸਤਿਗੁਰੂ ਜਾਂ ਸੱਚੇ ਗੁਰੂ ਦੀ ਕਿਰਪਾ ਨਾਲ ਹੋ ਸਕਦੀ ਹੈ। ਉਹ ਜਾਣੀ ਜਾਣ ਹੈ ਤੇ ਆਪਣੀ ਮਰਜ਼ੀ ਮੁਤਾਬਕ ਹੀ ਸਭ ਕੁਝ ਦਿੰਦਾ ਲੈਂਦਾ ਹੈ। ਉਸ ਨੂੰ ਪਾਉਣ ਲਈ ਗੁਰੂ ਦੀ ਕਿਰਪਾ ਤੋਂ ਉਪਰੰਤ ਉਸ ਦੇ ਨਾਮ ਸਿਮਰਨ ਦੀ ਵੀ ਲੋੜ ਹੈ।

ਜਿਤੁ ਸੇਵੀਐ ਸੁਖੁ ਪਾਈਐ, ਸੋ ਸਾਹਿਬੁ ਸਦਾ ਸੰਮ੍ਾਲੀਐ।

ਇਸ ਤਰ੍ਹਾਂ ਗੁਰੂ ਨਾਨਕ ਨੇ ਅਵਤਾਰਵਾਦ ਦਾ ਖੰਡਨ ਕਰਦੇ ਹੋਏ ਪ੍ਰਭੂ ਦੇ ਏਕੇਸ਼ਵਰਵਾਦੀ ਨੂੰ ਸਰੂਪ ਮੰਨਿਆ ਹੈ ਤੇ ਉਹਨਾਂ ਨੇ ਸਾਰੇ ਧਰਮਾਂ ਵਿਚ ਏਕਤਾ ਲਿਆਉਣ ਦੀ ਕੋਸ਼ਿਸ਼ ਕੀਤੀ ਹੈ।

ਗੁਰੂ ਨਾਨਕ ਸਾਹਿਬ ਨੇ 'ਆਸਾ ਦੀ ਵਾਰ' ਰਾਹੀਂ ਸਤਿਗੁਰੂ ਦੀ ਮਹੱਤਾ ਉਤੇ ਬਹੁਤ ਜ਼ੋਰ ਦਿਤਾ ਹੈ। ਉਹਨਾਂ ਨੇ ਪ੍ਰਗਟ ਕੀਤਾ ਹੈ ਕਿ ਪ੍ਰਭੂ ਦੀ ਪ੍ਰਾਪਤੀ ਕੇਵਲ ਗੁਰੂ ਰਾਹੀਂ ਹੀ ਹੋ ਸਕਦੀ ਹੈ। ਉਹ ਹੀ ਬੇੜੇ ਪਾਰ ਕਰ ਸਕਦਾ ਹੈ। 'ਸਤਿਗੁਰ ਇਕ ਉਹ ਇਲਾਹੀ ਨੂਰ ਹੈ ਜੋ ਖਾਕੀ (ਮਿੱਟੀ ਦਾ ਪੁਤਲਾ) ਨੂੰ ਨਾਰੀ ਤੋਂ ਨੂਰ ਬਣਾ ਦਿੰਦਾ ਹੈ[3]।' ਗੁਰੂ ਨਾਨਕ ਇਹ ਵਿਚਾਰ ਇੰਜ ਪੇਸ਼ ਕਰਦੇ ਹਨ :

ਬਲਿਹਾਰੀ ਗੁਰ ਆਪਣੇ, ਦਿਉਹਾੜੀ ਸਦਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ, ਕਰਤ ਨ ਲਾਗੀ ਵਾਰ।

ਗੁਰੂ ਦੀ ਮਹੱਤਾ ਨੂੰ ਪ੍ਰਗਟਾਂਦੇ ਹੋਏ ਗੁਰੂ ਅੰਗਦ ਦੇਵ ਜੀ ਕਹਿੰਦੇ ਹਨ ਕਿ ਉਸ ਦਾ ਕੋਈ ਵੀ ਸਾਨੀ ਨਹੀਂ ਹੈ :

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਂਦਿਆਂ ਗੁਰ ਬਿਨੁ ਘੋਰ ਅੰਧਾਰ ॥

ਪਰ ਅਜੇਹਾ ਗੁਰੂ ਚੰਗੇ ਭਾਗਾਂ ਵਾਲੇ ਨੂੰ ਹੀ ਮਿਲਦਾ ਹੈ ਤੇ ਅਜੇਹਾ ਗੁਰੂ ਮਿਲ ਜਾਣ ਨਾਲ ਮਨ ਵੀ ਦੁਨਿਆਈ ਵਕਾਰਾਂ ਵਿਚ ਨਹੀਂ ਫਸਦਾ। ਇਸ ਤਰ੍ਹਾਂ ਸਾਧਕ ਦੀ ਸਫਲਤਾ ਯਕੀਨੀ ਹੋ ਜਾਂਦੀ ਹੈ ਕਿਉਂਕਿ ਗੁਰੂ, ਵਿਅਕਤੀ ਦਾ ਮਨ ਸ਼ੁਧ ਕਰ ਦਿੰਦਾ ਹੈ :

ਨਾਨਕੁ ਗੁਰੁ ਨ ਚੇਤਨੀ ਮਨਿ ਆਪਣੈ ਸੁਚੇਤ ॥

ਇਥੇ ਗੁਰੂ ਨਾਨਕ ਸਾਹਿਬ ਨੇ ਸਪੱਸ਼ਟ ਕੀਤਾ ਹੈ ਕਿ ਅਜੇਹਾ ਸੱਚਾ ਗੁਰੂ ਜਨਮਾਂ ਜਨਮਾਂਤਰਾਂ ਦੇ ਚੱਕਰਾਂ ਤੋਂ ਪਿਛੋਂ ਕੇਵਲ ਪ੍ਰਭੂ ਦੀ ਮਿਹਰ ਸਦਕਾ ਹੀ ਮਿਲਦਾ ਹੈ :

ਨਦਰਿ ਕਰਹਿ ਜੇ ਆਪਣੀ, ਤਾ ਨਦਰੀ ਸਤਿਗੁਰੁ ਪਾਇਆ ॥
ਏਹੁ ਜੀਉ ਬਹੁਤੇ ਜਨਮ ਭਰੰਮਿਆ, ਤਾਂ ਸਤਿਗੁਰਿ ਸਬਦੁ ਸੁਣਾਇਆ ॥

ਸਤਿਗੁਰੂ ਵਿਚ ਕਿਉਂਕਿ ਪ੍ਰਭੂ ਜਾਂ ਸੱਚ ਦੀ ਜੋਤਿ ਜਾਗਦੀ ਹੈ। ਇਸ ਲਈ ਸਤਿਗੁਰੂ ਹੀ ਉਸ ਤਕ ਪਹੁੰਚਾਣ ਦਾ ਠੀਕ ਸਾਧਨ ਹੈ। ਸੱਚੇ ਗੁਰੂ ਦੀ ਪ੍ਰਾਪਤੀ ਨਾਲ ਮਨੁੱਖ ਦੇ ਮਨ ਵਿਚ ਸੱਚ ਦੀ ਸਥਾਪਨਾ ਹੋ ਜਾਂਦੀ ਹੈ। ਸੱਚ ਦੀ ਸਥਾਪਨਾ ਨਾਲ ਹੀ ਪ੍ਰਭੂ ਮਿਲ ਸਕਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ, ਕਰਿ ਪਰਗਟੁ ਆਖਿ ਸੁਣਾਇਆ ॥...
ਸਤਿਗੁਰਿ ਮਿਲਿਐ ਸਚੁ ਪਾਇਆ, ਜਿਨ ਹਿਰਦੈ ਸਚੁ ਵਸਾਇਆ ॥

ਡਾ. ਦੀਵਾਨ ਸਿੰਘ ਅਨੁਸਾਰ ਗੁਰੂ ਦੇ ਦਸੇ ਰਸਤੇ ਤੇ ਚਲਣਾ ਸੱਚੇ ਮੁਰੀਦ ਦਾ ਧਰਮ ਹੈ। ਇਹੋ ਜੀਵਨ ਸਫਲਤਾ ਦੀ ਕੁੰਜੀ ਹੈ। ਗੁਰੂ ਹੀ ਸੰਸਾਰ ਦੇ ਰੋਗਾਂ ਨੂੰ ਦੂਰ ਕਰਨ ਦਾ ਉਪਰਾਲਾ ਕਰਦਾ ਹੈ। ਕੁਰਾਹੇ ਜਾਂਦੀ ਦੁਨੀਆਂ ਨੂੰ ਠੀਕ ਰਾਹੇ ਪਾਣਾ ਉਸੇ ਦਾ ਕੰਮ ਹੈ। ਭਾਵੇਂ ਉਹ ਆਪ ਅਰੋਗ ਤੇ ਰੋਗ ਰਹਿਤ ਹੈ ਪਰ ਮਹਾਂ ਪਰਉਪਕਾਰੀ ਤੇ ਪਰਮ-ਦਿਆਲੂ ਹੋਣ ਕਰਕੇ ਦੂਜਿਆਂ ਦਾ ਦੁੱਖ ਵੇਖ ਨਹੀਂ ਸਕਦਾ ਤੇ ਉਹਨਾਂ ਦੇ ਰੋਗ ਹਰਨ ਦਾ ਜਤਨ ਕਰਦਾ ਹੈ। ਗੁਰੂ ਡੁਬਦਿਆਂ ਨੂੰ ਤਾਰਦਾ ਹੈ ਤੇ ਡਿਗਿਆਂ ਢੱਠਿਆਂ ਦੀ ਸਾਰ ਲੈਂਦਾ ਹੈ। ਅਗਿਆਨਤਾ ਦਾ ਹਨੇਰਾ ਮਨੁੱਖ ਨੂੰ ਕੁਝ ਸੁਝਣ ਨਹੀਂ ਦਿੰਦਾ। ਗੁਰੂ ਆਪਣੀ ਕਿਰਪਾ ਨਾਲ ਗਿਆਨ ਦਾ ਸੁਰਮਾ ਦੇ ਕੇ ਮਨ ਦੀਆਂ ਅੱਖਾ ਰੋਸ਼ਨ ਕਰਕੇ ਸਭ ਹਨੇਰੇ ਦੂਰ ਕਰਦਾ ਹੈ। ਗੁਰੂ ਸਾਹਿਬਾਨ ਦੇ ਮਹਾਂ ਵਾਕ ਅਨੁਸਾਰ[4] :

ਗਿਆਨ ਅੰਜਨੁ ਗੁਰਿ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ [ਮਹਲਾ ਮ

ਇਸ ਤਰ੍ਹਾਂ ਸਤਿਗੁਰੂ ਮਨੁੱਖ ਨੂੰ ਜਨਮ-ਮਰਨ ਦੇ ਚੱਕਰ ਤੋਂ ਮੁਕਤ ਕਰਵਾ ਦਿੰਦਾ ਹੈ ਕਿਉਂਕਿ ਗੁਰੂ ਦੀ ਸ਼ਰਣ ਵਿਚ ਜਾਣ ਨਾਲ ਹੀ ਪ੍ਰਭੂ ਦੀ ਯਾਦ ਆਉਂਦੀ ਹੈ, ਗਿਆਨ ਦਾ ਸੁਰਮਾ ਮਿਲਦਾ ਹੈ ਜੋ ਮਨ ਦੀਆਂ ਅੱਖਾਂ ਵਿਚ ਪਾ ਕੇ ਪ੍ਰਭੂ ਦੇ ਦਰਸ਼ਨ ਕੀਤੇ ਜਾਂਦੇ ਹਨ। ਇਸ ਲਈ ਗੁਰੂ ਨਾਨਕ ਸਾਹਿਬ ਅਨੁਸਾਰ ਉਸ ਗੁਰੂ ਦੀ ਜਿਤਨੀ ਵੀ ਉਪਮਾ ਕੀਤੀ ਜਾਵੇ ਥੋੜੀ ਹੈ :

'ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥'
'ਸਤਿਗੁਰੁ ਵਡਾ ਕਰਿ ਸਾਲਾਹਿਐ ਜਿਸੁ ਵਿਚਿ ਵਡੀਆ ਵਡਿਆਈਆ ॥'

ਸਪੱਸ਼ਟ ਹੈ ਕਿ 'ਜੇ ਮਨੁੱਖ ਅਸਲੀ ਜੀਵਨ ਜੀਉਣਾ ਚਾਹੁੰਦਾ ਹੈ ਤਦ ਉਸ ਨੂੰ ਗੁਰੂ ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਬਿਨਾ ਸਤਿਗੁਰ ਦੀ ਸ਼ਰਨ ਗਿਆ ਉਸ ਦੇ ਗਿਆਨ ਧਿਆਨ ਬਹੁਤ ਹੀ ਸੀਮਤ ਰਹਿ ਜਾਦੇ ਹਨ ਤੇ ਉਹ ਮੁਕਤ ਪਦਾਰਥ ਤੋਂ ਵਾਂਜਿਓ ਰਹੇਗਾ[5]।' ਇਸ ਤਰ੍ਹਾਂ ਗੁਰੂ ਨਾਨਕ ਨੇ 'ਸਾਧਾਰਨ ਮਨੁੱਖੀ ਜੀਵਨ ਦੀ ਉਸਾਰੀ ਕਰ ਕੇ ਉਸ ਨੂੰ ਹੁਕਮੀ ਬੰਦਾ, ਸੱਚਾ ਸੇਵਕ ਤੇ ਵਾਹਿਗੁਰੂ ਦੀ ਰਜ਼ਾ ਵਿਚ ਰਲ ਕੇ ਆਵਾਗਾਉਣ ਦੇ ਜਾਲ ਨੂੰ ਕਟਣ ਵਾਲਾ ਜੀਉੜਾ ਬਣਾ ਦਿੱਤਾ ਹੈ[6]।' ਪ੍ਰਭੂ ਦਾ ਭਾਣਾ ਮੰਨਣਾ ਜਾਂ ਉਸ ਦੇ ਹੁਕਮ ਵਿਚ ਰਹਿਣਾ ਹੀ ਸਭ ਤੋਂ ਉੱਤਮ ਜੀਵਨ ਦਰਸ਼ਨ ਹੈ।

ਇਹ ਸ੍ਰਿਸ਼ਟੀ ਕਦੋਂ ਤੇ ਕਿਵੇਂ ਹੋਂਦ ਵਿਚ ਆਈ ? ਇਸ ਗੱਲ ਬਾਰੇ ਅਨੇਕਾਂ ਵਿਦਵਾਨਾਂ ਨੇ ਖੋਜ ਕੀਤੀ ਹੈ। ਜਦੋਂ ਦਾ ਮਨੁੱਖ ਸੰਸਾਰ ਵਿਚ ਆਇਆ ਹੈ ਉਹ ਇਸ ਬੁਝਾਰਤ ਨੂੰ ਸਮਝਣ ਲਈ ਯਤਨ ਕਰ ਰਿਹਾ ਹੈ ਪਰ ਹਾਲੇ ਤਕ ਕਿਸੇ ਇਕ ਅੰਤਮ ਸਿੱਟੇ ਉਤੇ ਨਹੀਂ ਪੁੱਜ ਸਕਿਆ। ਭਾਰਤੀ ਵਿਦਾਂਤ ਅਨੁਸਾਰ ਇਹ ਸ੍ਰਿਸ਼ਟੀ ਹੀ ਪ੍ਰਭੂ ਦਾ ਨਿਵਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਥਾਨ ਹੈ ਤੇ ਉਸ ਨੇ ਆਪਣੇ ਸ਼ੁਗਲ ਲਈ ਇਸ ਨੂੰ ਰਚਿਆ ਹੈ। ਗੁਰੂ ਜੀ ਇਸ ਮੱਤ ਨੂੰ ਮੰਨਦੇ ਹੋਏ ਲਿਖਦੇ ਹਨ :

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥
ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥

ਗੁਰੂ ਨਾਨਕ ਸਾਹਿਬ ਇਸ ਜਗਤ ਵਿਚ ਜੀਵਨ ਬਤੀਤ ਕਰਦੇ ਰਹੇ ਹਨ। ਜਪੁਜੀ ਵਿਚ ਜਿਥੇ ਉਹਨਾਂ ਨੇ ਬ੍ਰਹਮੰਡ ਦੀ ਵਿਸ਼ਾਲਤਾ ਦਾ ਸਿਧਾਂਤ ਪੇਸ਼ ਕੀਤਾ ਹੈ ਉਥੇ 'ਆਸਾ ਦੀ ਵਾਰ' ਵਿਚ ਕੁਦਰਤ ਦੀ ਅਸਲੀਅਤ, ਵਡਿਆਈ, ਸੁੰਦਰਤਾ, ਸਮਰੱਥਾ ਸ਼ਕਤੀ ਤੇ ਪ੍ਰਬੰਧ ਦੇ ਪੱਖ ਨੂੰ ਬੜੇ ਸੁਚੱਜੇ ਢੰਗ ਨਾਲ ਚਿਤ੍ਰਿਆ ਹੈ। ਉਹਨਾਂ ਨੇ ਇਸ ਸ੍ਰਿਸ਼ਟੀ ਨੂੰ ਸੱਚ ਮੰਨਦੇ ਹੋਏ ਕਿਹਾ ਹੈ :

'ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ ॥'
'ਜਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥'

ਸਪੱਸ਼ਟ ਹੈ ਕਿ ਜੋ ਕੁਝ ਦਿਸਦਾ ਹੈ ਉਹ ਕੋਈ ਮਾਇਆ ਜਾਂ ਛਲਾਵਾ ਨਹੀਂ ਹੈ ਸਗੋਂ ਸੱਚ ਹੈ। ਤੇ ਗੁਰੂ ਜੀ ਨੇ ਸ੍ਰਿਸ਼ਟੀ ਨੂੰ ਵਿਸਮਾਦ-ਮਈ ਵੀ ਮੰਨਿਆ ਹੈ :

ਵਿਸਮਾਦੁ ਰੂਪ ਵਿਸਮਾਦੁ ਵੇਦ। ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ। ਵਿਸਮਾਦੁ ਨਾਗੇ ਫਿਰਹਿ ਜੰਗ ॥

ਤੇ ਇਹ ਸਭ ਸੁੰਦਰਤਾ (ਵਿਸਮਾਦੁ) ਪ੍ਰਭੂ ਦੀ ਆਪਣੀ ਹੀ ਤਾਂ ਹੈ। ਗੁਰੂ ਨਾਨਕ ਅਨੁਸਾਰ ਪ੍ਰਭੂ ਇਸ ਰਚਨਾ ਵਿਚ ਵਸਦਾ ਹੈ। ਇਸ ਲਈ ਇਹ ਕੋਈ ਬੇਮੁਲੀ ਜਾਂ ਮਾਮੂਲੀ ਵਸਤੂ ਨਹੀਂ ਹੈ :

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚ ਵਾਸੁ।

ਤੇ ਪ੍ਰਭੂ ਨੇ ਇਸ ਰਚਨਾ ਯੋਗ ਪ੍ਰਬੰਧ ਲਈ ਧਰਮ ਰਾਜ ਦੀ ਸਥਾਪਨਾ ਕੀਤੀ ਹੈ ਜੋ ਕਰਮਾਂ ਅਨੁਸਾਰ ਸੁਖ ਦੁਖ ਦਿੰਦਾ ਹੈ। ਭਾਵ ਝੂਠ ਸੱਚ ਦੀ ਪਛਾਣ ਕਰਕੇ ਸਜ਼ਾ ਦਿੰਦਾ ਹੈ :

ਨਾਨਕ ਜੀਅ ਉਪਾਇਕੈ ਲਿਖਿ ਨਾਵੈ ਧਰਮ ਬਹਾਲਿਆ ॥
ਉਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥

ਅਸਲ ਗੱਲ ਇਹ ਹੈ ਕਿ ਪ੍ਰਭੂ ਖੁਦ ਕੁਦਰਤ, ਸੰਸਾਰ ਜਾਂ ਸ੍ਰਿਸ਼ਟੀ ਵਿਚ ਵਸਦਾ ਹੈ। ਇਹ ਸਾਰੇ ਸੱਚੇ ਹਨ ਜਿਵੇਂ ਪਰਮਾਤਮਾ ਦਾ ਨਾਮ ਸੱਚਾ ਹੈ, ਕਿਉਂਕਿ ਪ੍ਰਭੂ ਅਮਰ ਹੈ ਤੇ ਉਹ ਜਗਤ ਜਾਂ ਕੁਦਰਤ ਵਿਚ ਵਸਦਾ ਹੈ। ਇਸ ਲਈ ਜਗਤ, ਸ੍ਰਿਸ਼ਟੀ ਤੇ ਕੁਦਰਤ ਸਾਰੇ ਸਤਿ ਤੇ ਅਟੱਲ ਹਨ। ਇਸ ਤਰ੍ਹਾਂ ਗੁਰਮਤਿ ਅਨੁਸਾਰ ਜਗਤ ਪ੍ਰਭੂ ਦਾ ਨਿਵਾਸ ਸਥਾਨ ਹੈ। ਇਸ ਲਈ ਇਨਸਾਨ ਉਸ ਦੀ ਰਚਨਾ ਵਿਚ ਹੀ ਉਸ ਦੇ ਦਰਸ਼ਨ ਕਰ ਸਕਦਾ ਹੈ। ਕੁਦਰਤ ਨੂੰ ਉਸ ਨੇ ਆਪਣੇ ਹੁਕਮ ਅਨੁਸਾਰ ਰਖਿਆ ਹੈ ਤੇ ਸਾਰੀ ਕੁਦਰਤ ਵਿਚ ਹੀ ਉਹ ਦਿਸਦਾ ਹੈ :

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਾਰ ਦੀ ਹਰ ਵਸਤੂ ਉਸਦੇ ਡਰ ਵਿਚ ਹੈ। [illegible] ਪੂਰਬਕ ਵੀ ਉਸਦੇ ਅਧੀਨ ਜਾਂ ਭੈ ਵਿਚ ਹੈ। ਸਪੱਸ਼ਟ ਹੈ ਕਿ ਸਾਰਾ ਵਿਸ਼ਾਲ ਬ੍ਰਹਮੰਡ ਉਸਦੇ ਪ੍ਰਬੰਧ ਤੇ ਹੁਕਮ ਵਿਚ ਚਲ ਰਿਹਾ ਹੈ।

ਭੈ ਵਿਚਿ ਪਵਣੁ ਵਹੈ ਸਦ-ਵਾਉ ॥ ਭੈ ਵਿਚਿ ਚਲਹਿ ਲਖ ਦਰਿਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥

ਕੁਦਰਤ ਦਾ ਪਸਾਰਾ ਬੇਅੰਤ ਹੈ ਤੇ ਪ੍ਰਭੂ ਉਸ ਨੂੰ ਸੰਭਾਲਣ ਦੇ ਸਮਰਥ ਹੈ :

ਪੁਰਖਾਂ ਬਿਰਖਾਂ ਤੀਰਥਾਂ ਤਟ ਮਘਾ ਖੇਤਾਂਹ।...
ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਂਹ।

ਇਸ ਲਈ ਪ੍ਰਭੂ ਦਾ ਹੁਕਮ ਮੰਨਣਾ ਚਾਹੀਦਾ ਹੈ। ਭਾਵ ਉਸ ਦਾ ਭਾਣਾ ਮੰਨਣਾ ਚਾਹੀਦਾ ਹੈ, ਉਸ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਜੀਵਨ ਬਿਤਾਉਣਾ ਹੀ ਯੋਗ ਹੈ। ਜਿਹੜਾ ਇਨਸਾਨ ਉਸ ਦੇ ਹੁਕਮ ਨੂੰ ਪਛਾਣ ਲੈਂਦਾ ਹੈ ਤੇ ਉਸ ਦੀ ਰਜ਼ਾ ਵਿਚ ਜੀਵਨ ਬਤੀਤ ਕਰਨ ਲੱਗ ਜਾਂਦਾ ਹੈ, ਉਹ ਆਪਣੇ ਅਸਲੇ ਨੂੰ ਆਸਾਨੀ ਨਾਲ ਜਾਣ ਲੈਂਦਾ ਹੈ :

ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥
ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥

ਗੁਰੂ ਨਾਨਕ ਨੇ ਪ੍ਰਭੂ ਦੀ ਸਚੀ ਚਾਕਰੀ, ਸੇਵਾ ਤੇ ਭਗਤੀ ਦੇ ਪੱਖ ਨੂੰ ਪੇਸ਼ ਕਰਦੇ ਹੋਏ ਕਿਹਾ ਹੈ ਕਿ ਉਸ ਦੀ ਰਜ਼ਾ ਵਿਚ ਰਹਿੰਦੇ ਹੋਏ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਸ ਦੀ ਬਰਾਬਰੀ ਕਰਨੀ ਬਿਲਕੁਲ ਯੋਗ ਨਹੀਂ ਹੈ :

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥
ਹੁਰਮਤਿ ਤਿਸ ਨੋ ਅਗਲੀ, ਓਹੁ ਵਜਹੁ ਭਿ ਦੂਣਾ ਖਾਇ ॥
ਖਸਮੈ ਕਰੇ ਬਰਾਬਰੀ, ਫਿਰਿ ਗੈਰਤਿ ਅੰਦਰਿ ਪਾਇ ॥
ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਖਸਮ ਦੀ ਭਾਵ ਮਾਲਕ ਦੀ ਬਰਾਬਰੀ ਕਰਨ ਨੂੰ ਨਿੰਦਿਆ ਹੈ ਅਤੇ ਮਾਲਕ ਦੀ ਰਜ਼ਾ ਵਿਚ ਚਲਣ ਲਈ ਕਿਹਾ ਹੈ। ਗੁਰੂ ਅੰਗਦ ਦੇਵ ਇਸ ਗੱਲ ਦੀ ਪੁਸ਼ਟੀ ਇੰਜ ਕਰਦੇ ਹਨ :

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥
ਗਲਾ ਕਰੇ ਘਣੇਰੀਆਂ ਖਸਮ ਨਾ ਪਾਏ ਸਾਦੁ ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥

ਉਸ ਦੀ ਇੱਛਾ ਅਨੁਸਾਰ ਸਭ ਕੁਝ ਵਾਪਰਦਾ ਹੈ। ਸਾਰੀ ਸ੍ਰਿਸ਼ਟੀ ਉਸ ਦੇ ਹੁਕਮ ਅਨੁਸਾਰ ਕੰਮ ਕਰ ਰਹੀ ਹੈ। ਇਸ ਲਈ ਮਨੁੱਖ ਵਾਸਤੇ ਉਸ ਦੇ ਗੁੱਝੇ ਭੇਦਾਂ ਨੂੰ ਸਮਝਣਾਂ ਅਸੰਭਵ ਹੈ, ਕੇਵਲ ਕੋਈ ਵਡਭਾਗਾ ਹੀ ਉਸਦੇ ਰਹੱਸ ਨੂੰ ਸਮਝ ਸਕਦਾ ਹੈ :

'ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾਂ, ਅਕਲ ਕਲਾ ਭਰਪੂਰਿ ਰਹਿਆ ॥'
'ਕਹੁ ਨਾਨਕ ਕਰਤੇ ਕੀਆ ਬਾਤਾ, ਜੋ ਕਿਛ ਕਰਣਾ ਸੁ ਕਰ ਰਹਿਆ ॥'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭੂ ਹਰ ਵਕਤ ਮਨੁੱਖ ਦੀ ਆਤਮਾ ਵਿਚ ਮੌਜੂਦ ਰਹਿੰਦਾ ਹੈ। ਇਸ ਲਈ ਇਨਸਾਨ ਆਪਣੀ ਆਤਮਾ ਨੂੰ ਪਛਾਣ ਕੇ ਹੀ ਪ੍ਰਭੂ ਨੂੰ ਜਾਣ ਸਕਦਾ ਹੈ। ਅਖੀਰ ਉਤੇ ਇਹ ਆਤਮਾ ਪਰਮਾਤਮਾ ਨਾਲ ਮਿਲ ਜਾਂਦੀ ਹੈ। ਗੁਰੂ ਨਾਨਕ ਨੇ ਅਫਸੋਸ ਪ੍ਰਗਟ ਕੀਤਾ ਹੈ ਕਿ ਇਨਸਾਨ ਦੁਨੀਆਂ ਵਿਚ ਵੱਡਾ ਦੁਨੀਦਾਰ ਬਣ ਬੈਠਦਾ ਹੈ ਤੇ ਇਥੋਂ ਦੇ ਸੰਸਾਰਕ ਵਿਸ਼ਿਆਂ ਵਿਚ ਗਲਤਾਨ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਆਪਣਾ ਬਹੁਮੁਲਾ ਜਨਮ ਗਵਾ ਬੈਠਦਾ ਹੈ :

'ਆਪਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਧਾਇਆ ॥
ਵਡਾ ਹੋਆ ਦੁਨੀਦਾਰੁ, ਗਲਿ ਸੰਗਲੁ ਘਤਿ ਚਲਾਇਆ ॥...
'ਮਨਿ ਅੰਧੈ ਜਨਮੁ ਗਵਾਇਆ ॥'

ਗੁਰੂ ਜੀ ਫਰਮਾਉਂਦੇ ਹਨ ਕਿ ਕੋਈ ਗਿਆਨ ਵਾਲਾ ਇਨਸਾਨ ਹੀ ਉਸ ਨੂੰ ਸਮਝ ਸਕਦਾ ਹੈ। ਸਰੀਰ ਭੇਸ ਬਦਲਦਾ ਰਹਿੰਦਾ ਹੈ ਤੇ ਪ੍ਰਭੂ ਉਹਨਾਂ ਵਿਚ ਮੌਜੂਦ ਰਹਿੰਦਾ ਹੈ। ਉਹ ਪ੍ਰਭੂ ਹੀ ਇਸ ਸਰੀਰ ਰੂਪੀ ਰਥ ਦਾ ਰਥਵਾਨ ਹੈ :

ਨਾਨਕ ਮੇਰੁ ਸਰੀਰ ਕਾ, ਇਕੁ ਰਥੁ ਇਕੁ ਰਥਾਵਹੁ ॥
ਜੁਗੁ ਜੁਗੁ ਫੇਰਿ ਵਟਾਈਅਹਿ, ਗਿਆਨੀ ਬੁਝਹਿ ਤਾਹਿ ॥

ਅਜਿਹੇ ਗਿਆਨ ਦੀ ਪ੍ਰਾਪਤੀ ਗੁਰੂ ਰਾਹੀਂ ਹੁੰਦੀ ਹੈ। ਤੇ ਗੁਰੂ ਬਿਨਾ ਗਿਆਨ ਅਸੰਭਵ ਹੈ :

ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥

ਸਪੱਸ਼ਟ ਹੈ ਕਿ ਗੁਰੂ ਦੁਆਰਾ ਪ੍ਰਾਪਤ ਗਿਆਨ ਰਾਹੀਂ ਹੀ ਮਨ ਪ੍ਰਭੂ ਦੇ ਚਰਨਾ ਵਿਚ ਲੀਨ ਹੋ ਸਕਦਾ ਹੈ।

ਗੁਰੂ ਨਾਨਕ ਜੀ ਦਾ ਵਿਚਾਰ ਹੈ ਕਿ ਤਿਲਕ, ਮਾਲਾ, ਆਸਨ, ਮੂਰਤੀ ਪੂਜਾ, ਤੇ ਜਨੇਉ ਆਦਿ ਕੁਝ ਨਹੀਂ ਸਾਰ ਸਕਦੇ। ਇਹ ਸਭ ਫੋਕੇ ਭਰਮ ਹਨ। ਇਸ ਘੋਰ ਕਲਜੁਗ ਵਿਚ ਪ੍ਰਭੂ ਨੂੰ ਪਾਉਣ ਦਾ ਕੇਵਲ ਇਕੋ ਇਕ ਸਾਧਨ ਹੈ—ਨਾਮ ਦਾ ਸਿਮਰਨ ਕਰਨਾ। ਉਸ ਦੇ ਜਾਪ ਨਾਲ ਮਨੁੱਖ ਨਰਕਾਂ ਤੋਂ ਬਚ ਸਕਦਾ ਹੈ :

ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥

ਉਸ ਦੇ ਨਾਮ ਬਿਨਾ ਹੋਰ ਕਿਸੇ ਭੇਖ ਦਾ ਕੋਈ ਲਾਭ ਨਹੀਂ ਹੈ :

ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ।

ਤੇ ਨਾਮ ਸਿਮਰਨ ਨਾਲ ਸਾਰੇ ਸੁਖ ਮਿਲ ਸਕਦੇ ਹਨ :

ਜਿਤੁ ਸੇਵਿਐ ਸੁਖੁ ਪਾਈਐ, ਸੋ ਸਾਹਿਬੁ ਸਦਾ ਸੰਮ੍ਹਾਲੀਐ ॥

ਗੁਰਮਤ ਵਿਚ ਭਗਤੀ ਨੂੰ ਵੀ ਵਿਸ਼ੇਸ਼ ਸਥਾਨ ਪ੍ਰਾਪਤ ਹੈ ਪਰ ਉਹ ਪ੍ਰੇਮ ਪ੍ਰਧਾਨ ਹੋਣੀ ਚਾਹੀਦੀ ਹੈ। ਭਗਤੀ ਲਈ ਮਨੁੱਖ ਦੇ ਮਨ ਵਿਚ ਪ੍ਰਭੂ ਦਾ ਭੈ ਹੋਵੇ 'ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ' ਭਾਵ ਗੁਰੂ ਜੀ ਨੇ 'ਭਾਉ ਭਗਤੀ' ਉਤੇ ਜ਼ੋਰ ਦਿੱਤਾ ਹੈ ਤੇ ਇਸ ਖੇਤਰ ਵਿਚ ਨਿਮ੍ਰਤਾ ਨੂੰ ਅਵੱਸ਼ਕ ਮੰਨਿਆ ਹੈ :

ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤੁਰ ਪਾਏ ॥

ਜੇ ਸਾਧਕ ਬਿਨਾ ਕਿਸੇ ਇੱਛਾ ਦੇ ਸੇਵਾ ਕਰੇਗਾ ਤਾਂ ਉਸ ਨੂੰ ਅਵੱਸ਼ ਹੀ ਫਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਿਲੇਗਾ। ਆਪਣੇ ਆਪ ਨੂੰ ਗਵਾ ਕੇ ਹੀ ਮਾਣ ਪ੍ਰਾਪਤ ਕੀਤਾ ਜਾ ਸਕਦਾ ਹੈ :

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥

ਉਪਰੰਤ ਗੁਰੂ ਨਾਨਕ ਨੇ ਪ੍ਰਭੂ ਪ੍ਰਾਪਤੀ ਲਈ ਮਨੁੱਖ ਦੇ ਚੰਗੇ ਆਚਾਰ ਜਾਂ ਵਿਵਹਾਰ ਭਾਵ ਨੈਤਿਕ ਗੁਣਾ ਉਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਹਉਮੈ, ਛਲ, ਕਪਟ ਤੇ ਈਰਖਾ ਨੂੰ ਨਿੰਦਦੇ ਹੋਏ ਸੰਤੋਖ, ਸੇਵਾ, ਹੰਕਾਰ, ਨਿਮ੍ਰਤਾ, ਮੌਤ, ਇਸ਼ਕ, ਸੇਵਕ, ਆਦਿ ਵਿਸ਼ਿਆਂ ਉਤੇ ਸੁਰੱਜਾ ਚਾਨਣਾ ਪਾਇਆ ਹੈ।

ਗੁਰੂ ਨਾਨਕ ਨੇ ਆਪਣੀ ਰਚਨਾ ਵਿਚ 'ਹਉਮੈ' ਦਾ ਜ਼ਿਕਰ ਕਈ ਥਾਵਾਂ ਤੇ ਕੀਤਾ ਹੈ। ਉਹਨਾਂ ਦਾ ਵਿਚਾਰ ਹੈ ਕਿ ਹਉਮੈ ਹੀ ਇਨਸਾਨ ਨੂੰ ਪ੍ਰਭੂ ਤੋਂ ਵੱਖ ਕਰਦੀ ਹੈ ਜਿਸ ਕਾਰਣ ਉਹ ਬਾਰ ਬਾਰ ਜਨਮ ਮਰਨ ਦੇ ਚੱਕਰ ਵਿਚ ਭਟਕਦਾ ਫਿਰਦਾ ਹੈ :

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥

ਭਾਵੇਂ ਇਹ ਇਕ ਭਿਆਨਕ ਰੋਗ ਹੈ ਪਰੰਤੂ ਦਾਰੂ ਵੀ ਇਸ ਵਿਚ ਹੀ ਹੈ :

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸ ਮਾਹਿ।

'ਆਸਾ ਦੀ ਵਾਰ' ਇਕ ਤਰ੍ਹਾਂ ਨਾਲ ਹਉਮੈ' ਦੇ ਵਿਸ਼ੇ ਉਤੇ ਇਕ ਖੋਜ ਪੱਤਰ ਹੈ। ਗੁਰੂ ਜੀ ਨੇ ਸਪੱਸ਼ਟ ਕੀਤਾ ਹੈ ਕਿ ਇਸ ਦੇ ਤਿਆਗ ਨਾਲ ਮਨੁੱਖ ਪ੍ਰਭੂ ਨੂੰ ਪਾ ਸਕਦਾ ਹੈ। ਗੁਰੂ ਸਾਹਿਬ ਨੇ ਕਈ ਪ੍ਰਕਾਰ ਦੀ ਹਉਮੈ ਦਸੀ ਹੈ। ਉਹਨਾਂ ਅਨੁਸਾਰ ਕਈ ਲੋਕ ਗ੍ਰੰਥ ਤਾਂ ਭਾਵੇਂ ਬਹੁਤ ਪੜ੍ਹਦੇ ਹਨ ਪਰ ਉਹਨਾਂ ਦਾ ਮਨਨ ਉੱਕਾ ਨਹੀਂ ਕਰਦੇ। ਅਜੇਹੇ ਲੋਕ ਵਿਦਿਆ ਦੇ ਹੰਕਾਰ ਕਾਰਣ ਹਉਮੈ ਦਾ ਸ਼ਿਕਾਰ ਹੋ ਜਾਂਦੇ ਹਨ।

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਆਹ ਖਾਤ ॥'

ਅਗੇ ਆਸਾ ਦੀ ਵਾਰ ਵਿਚ ਕਿਹਾ ਗਿਆ ਹੈ :

'ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ।'

ਕਈ ਵਾਰ ਇਨਸਾਨ ਆਪਣੇ ਆਪ ਨੂੰ ਤਪੀ, ਜੋਗੀ, ਜਾਂ ਬ੍ਰਹਮ ਗਿਆਨੀ ਸਮਝ ਬੈਠਦਾ ਹੈ ਤੇ ਉਹ ਹਉਮੈ ਦਾ ਸ਼ਿਕਾਰ ਹੋ ਜਾਂਦਾ ਹੈ। ਇਸੇ ਤਰ੍ਹਾਂ ਹਉਮੈ ਦੇ ਹੋਰ ਰੂਪ ਹਨ; ਕਰਮ ਕਾਂਡਾ ਸੰਬੰਧੀ ਹਉਮੈ, ਜਾਤੀ ਦੀ ਉੱਚਤਾ ਦੀ ਹਉਮੈ, ਸਰੀਰ ਦੀ ਸੁੰਦਰਤਾ ਦੀ ਹਉਮੈ ਜਾਂ ਹੋਰ ਲੋਕ ਪੈਸੇ ਟਕੇ ਭਾਵ ਧਨ, ਸੰਪਤੀ ਕਰਕੇ ਵੀ ਹਉਮੈ ਦੇ ਭਾਗੀ ਹੋ ਜਾਂਦੇ ਹਨ। ਧਾਰਮਿਕ ਹਉਮੈ ਨੂੰ ਗੁਰੂ ਜੀ ਨੇ ਸਭ ਤੋਂ ਬਲਵਾਨ ਮੰਨਦੇ ਹੋਏ ਇਸ ਨੂੰ ਸਭ ਤੋਂ ਭਿਆਨਕ ਵੀ ਦਸਿਆ ਹੈ। ਇਸ ਵਿਚ ਫਸਿਆ ਮਨੁੱਖ ਸਾਧਾਰਨ ਮਨੁੱਖ ਤੋਂ ਵਧੇਰੇ ਪਾਪਾਂ ਦਾ ਭਾਗੀ ਹੋ ਜਾਂਦਾ ਹੈ।

ਸਪੱਸ਼ਟ ਹੈ ਕਿ ਹਉਮੈ ਮਨੁੱਖ ਨੂੰ ਪ੍ਰਭੂ ਦੇ ਨੇੜੇ ਨਹੀਂ ਹੋਣ ਦਿੰਦੀ। ਗੁਰੂ ਨਾਨਕ ਨੇ 'ਭਾਉ ਭਗਤੀ' ਹੀ ਪਰਮਾਤਮਾ ਦੇ ਮੇਲ ਦਾ ਇਕੋ ਇਕ ਸਾਧਨ ਜਾਂ ਵਸੀਲਾ ਦਸਿਆ ਹੈ। ਗੁਰੂ ਜੀ ਅਨੁਸਾਰ ਹਉਮੈ ਦੀ ਨਿਵਿਰਤੀ ਦੇ ਸਾਧਨ ਭਗਤੀ ਨਿਮ੍ਰਤਾ ਤੇ ਸਦਾਚਾਰ ਹਨ :

ਭਉ ਭਗਤਿ ਕਰਿ ਨੀਚ ਸਦਾਏ। ਤਉ ਨਾਨਕ ਮੋਖੰਤਰ ਪਾਏ।

ਇਸ ਤੋਂ ਬਿਨਾਂ 'ਜਦ ਤਕ ਜੀਵ ਇਸ ਮੇਰ ਤੇਰ ਵਿਚ ਪਿਆ ਰਹੇਗਾ, ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਛੁਟਕਾਰਾ ਨਹੀਂ ਹੋਵੇਗਾ। [illegible] ਕਦੀ ਨਰਕ ਵਿਚ ਜਾਏਗਾ ਤੇ ਕਦੀ ਸਵਰਗ ਵਿਚ ਜਾਏਗਾ। ਆਵਾਗਵਨ ਦੇ ਗੇੜ ਵਿਚ ਪਿਆ ਹੀ ਰਹੇਗਾ। ਸੰਸਾਰ ਦੇ ਸਾਰੇ ਝਗੜੇ ਇਸ ਖੁਦੀ ਤੇ ਵੱਖਰੀ ਹੋਂਦ ਕਾਰਣ ਹਨ[7] :

ਹਉ ਵਿਚਿ ਆਇਆ ਹਉ ਵਿਚਿ ਗਇਆ।
ਹਉ ਵਿਚਿ ਨਰਕਿ ਸੁਰਗਿ ਅਵਤਾਰੁ।
ਹਉ ਵਿਚਿ ਜਾਤਿ ਜਿਨਸੀ ਖੋਵੈ॥
ਹਉਮੈ ਬੂਝੈ ਤਾਂ ਦਰੁ ਸੂਝੈ॥

ਗੁਰੂ ਨਾਨਕ ਨੇ ਇਸ ਰਚਨਾ ਵਿਚ ਸੰਤੋਖ ਦੀ ਮਹੱਤਾ ਪ੍ਰਗਟਾਂਦੇ ਹੋਏ ਕਿਹਾ ਹੈ ਕਿ ਇਸ ਰਾਹੀਂ ਸਾਰੇ ਦੁਖ ਦੂਰ ਹੋ ਜਾਂਦੇ ਹਨ ਤੇ ਪ੍ਰਭੂ ਮਿਲ ਜਾਂਦਾ ਹੈ :

ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥

ਉਹਨਾਂ ਨੇ ਮਨੁੱਖ ਨੂੰ ਮੌਤ ਦਾ ਡਰ ਯਾਦ ਕਰਾਇਆ ਹੈ ਤੇ ਸਪੱਸ਼ਟ ਕੀਤਾ ਹੈ ਕਿ ਹਰ ਇਕ ਨੇ ਇਕ ਨਾ ਇਕ ਦਿਨ ਖਤਮ ਹੋ ਜਾਣਾ ਹੈ। ਇਸ ਲਈ ਇਥੋਂ ਦੀ ਮਾਇਆ ਨਾਲ ਮੋਹ ਪਾਉਣਾ ਵਿਅਰਥ ਹੈ। ਭਾਵ ਮੋਹ ਮਾਇਆ ਤੋਂ ਨਿਰਲੇਪ ਰਹਿਣਾ ਚਾਹੀਦਾ ਹੈ। ਗੁਰੂ ਜੀ ਲਿਖਦੇ ਹਨ :

ਤੁਰੇ ਪਲਾਣੇ ਪਉਣ-ਵੇਗ, ਹਰ ਰੰਗੀ ਹਰਮ ਸਵਾਰਿਆ॥
ਕੋਠੇ ਮੰਡਪ ਮਾੜੀਆ, ਲਾਇ ਬੈਠੇ ਕਰਿ ਪਾਸਾਰਿਆ॥

ਇਸ ਤਰ੍ਹਾਂ ਉਹਨਾਂ ਨੇ ਸਾਰੇ ਸੰਸਾਰ ਨੂੰ ਕੂੜਾ ਕਿਹਾ ਹੈ। ਮੌਤ ਪਿਛੋਂ ਹਰ ਇਕ ਦੇ ਕਰਮਾਂ ਦਾ ਨਿਰਣਾ ਅਵੱਸ਼ ਹੀ ਹੋਣਾ ਹੈ। ਚੰਗੇ ਕਰਮਾਂ ਨੂੰ ਦਰਗਾਹ ਵਿਚ ਸਤਿਕਾਰ ਤੇ ਬੁਰੇ ਕਰਮਾਂ ਦੀ ਸਜ਼ਾ ਮਿਲਣੀ ਹੈ :

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰ॥ ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣ ਹਾਰੁ॥

ਉਹ ਨੇਕੀ ਕਰਨ ਉਤੇ ਜ਼ੋਰ ਦਿੰਦੇ ਹੋਏ ਕਹਿੰਦੇ ਹਨ ਕਿ ਹਰ ਇਕ ਨੇ ਇਕ ਦਿਨ ਨਾਸ ਹੋ ਜਾਣਾ ਹੈ ਭਾਵ ਹਰ ਇਕ ਨੇ ਇਸ ਦੁਨੀਆਂ ਨੂੰ ਛੱਡ ਜਾਣਾ ਹੈ ਤੇ ਉਸ ਨੇ ਇਥੇ ਹੀ ਸਭ ਕੁਝ ਛੱਡ ਮਰਨਾ ਹੈ। ਇਸ ਲਈ ਇਨਸਾਨ ਨੂੰ ਮੰਦੇ ਕੰਮਾਂ ਤੋਂ ਲਾਂਭੇ ਰਹਿਣਾ ਚਾਹੀਦਾ ਹੈ। ਉਹ ਸੁਚੇਤ ਕਰਦੇ ਹਨ ਕਿ ਅਗੇ ਹਰ ਇਕ ਨੂੰ ਚੰਗੇ ਮੰਦੇ ਕੰਮਾਂ ਦਾ ਫਲ ਮਿਲਣਾ ਹੈ। ਭਾਵ ਆਪੋ ਆਪਣਾ ਕੀਤਾ ਹਰ ਇਕ ਨੇ ਪਾਵਣਾ ਹੈ :

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥

ਮਨ ਦੀ ਮੈਲ ਦੂਰ ਕਰਨ ਲਈ ਗੁਰੂ ਨਾਨਕ ਸੰਤ ਮਹਾਤਮਾਵਾਂ ਦੀ ਸੰਗਤ ਨੂੰ ਯੋਗ ਮੰਨਦੇ ਹਨ। ਇਸ ਲਈ ਉਹਨਾਂ ਦੇ ਸਤਿਕਾਰ ਵਜੋਂ ਗੁਰੂ ਜੀ ਕਹਿੰਦੇ ਹਨ :

ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤਾਂ ਮਸਤਕ ਲਾਈਐ।
ਜੇ ਹੋਵੈ ਪੂਰਬ ਲਿਖਿਆ ਤਾ ਧੂੜਿ ਤਿਨ੍ਹਾ ਦੀ ਪਾਈਐ।

ਗੁਰੂ ਨਾਨਕ ਸੰਸਾਰ ਵਿਚ ਸੁਖ ਜਾਂ ਦੁਖ ਦੀ ਕੋਈ ਕੀਮਤ ਨਹੀਂ ਮੰਨਦੇ। ਉਹਨਾਂ ਨੇ ਸੁਖ ਨੂੰ ਰੋਗ ਤੇ ਦੁਖ ਨੂੰ ਦਾਰੂ ਫੁਰਮਾਇਆ ਤੇ ਉਹਨਾਂ ਦਸਿਆ ਹੈ ਕਿ ਪ੍ਰਭੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭ ਕੁਝ ਆਪੇ ਹੀ ਕਰਨ ਕਰਾਵਨ ਵਾਲਾ ਹੈ :

ਦੁਖ ਦਾਰੂ ਸੁਖੁ ਰੋਗ ਭਇਆ, ਜਾ ਸੁਖੁ ਤਾਮਿ ਨ ਹੋਈ।
ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ।

ਗੁਰੂ ਅੰਗਦ ਜੀ ਨੇ ਹਮ ਉਮਰ ਤੇ ਹਮ ਖਿਆਲ ਦੀ ਦੋਸਤੀ ਨੂੰ ਹੀ ਉਤਮ ਮੰਨਿਆ ਹੈ। ਉਹਨਾਂ ਅਨੁਸਾਰ ਅਜੇਹੀ ਦੋਸਤੀ ਹੀ ਪੁੱਗ ਸਕਦੀ ਹੈ। ਨਿੱਕੇ ਜਾਂ ਵਡਿਆਂ ਦੀ ਦੋਸਤੀ ਬਾਰੇ ਉਹ ਕਹਿੰਦੇ ਹਨ ਕਿ ਉਹ ਪਾਣੀ ਵਿਚ ਲੀਕ ਬਰਾਬਰ ਹੁੰਦੀ ਹੈ। ਉਹਨਾਂ ਦਾ ਅਸਲ ਭਾਵ ਇਹ ਹੈ ਕਿ ਮਾਲਕ ਨਾਲ ਬਰਾਬਰੀ ਨਹੀਂ ਪੁੱਗਦੀ। ਉਸ ਦੀ ਰਜ਼ਾ ਵਿਚ ਰਹਿਣਾ ਹੀ ਯੋਗ ਹੈ :

ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹ ॥
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥ [ਮਹਲਾ ੨
'ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥ [ਮਹਲਾ ੧

ਗੁਰੂ ਨਾਨਕ ਅਹੰਕਾਰ ਤੋਂ ਬਚਣ ਲਈ ਜ਼ੋਰ ਦੇਂਦੇ ਹੋਏ ਨਿਮ੍ਰਤਾ ਦੇ ਗੁਣ ਨੂੰ ਧਾਰਣ ਕਰਨ ਉਤੇ ਬਲ ਦੇਂਦੇ ਹਨ :

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

ਤੇ ਫਿਕਾ ਬੋਲਣ ਨਾਲ ਉਹ ਫਰਮਾਉਂਦੇ ਹਨ ਤਨ ਮਨ ਫਿਕਾ ਹੋ ਜਾਂਦਾ ਹੈ :

ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ ॥

ਗੁਰੂ ਜੀ ਦਾ ਵਿਚਾਰ ਹੈ ਕਿ ਜਿਹਾ ਕੋਈ ਕੰਮ ਕਰਦਾ ਹੈ ਤਿਹਾ ਹੀ ਉਸ ਨੂੰ ਫਲ ਮਿਲਦਾ ਹੈ। ਜ਼ਹਿਰ ਬੀਜਣ ਵਾਲੇ ਨੂੰ ਅੰਮ੍ਰਿਤ ਦੀ ਆਸ ਨਹੀਂ ਰੱਖਣੀ ਚਾਹੀਦੀ। ਭਾਵ ਮਨੁੱਖੀ ਸੋਚ ਅਨੁਸਾਰ ਹੀ ਫਲ ਪ੍ਰਦਾਨ ਹੁੰਦਾ ਹੈ। ਚੰਗੇ ਕੰਮਾਂ ਦਾ ਫਲ ਚੰਗਾ ਤੇ ਮਾੜਿਆਂ ਦਾ ਮਾੜਾ ਹੁੰਦਾ ਹੈ :

ਜੋ ਜੀਇ ਹੋਇ ਸੁ ਉਗਵੈ, ਮੁਹ ਕਾ ਕਹਿਆ ਵਾਉ ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥

ਸੇਵਕ ਦਾ ਫਰਜ਼ ਫਰਮਾਉਂਦੇ ਹੋਏ ਉਹ ਕਹਿੰਦੇ ਹਨ ਕਿ ਸੇਵਕ ਦੀ ਆਪਣੇ ਮਾਲਕ ਨਾਲ ਬਰਾਬਰੀ ਨਹੀਂ ਜਚਦੀ। ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਨੀਵਾਂ ਜਾਣ ਕੇ ਗੁਰੂ ਦੀ ਸੇਵਾ ਕਰੇ। ਸੇਵਕ ਦੀ ਸੇਵਕਾਈ ਤਦ ਹੀ ਲਗ ਸਕਦੀ ਹੈ ਜੇ ਉਹ ਗੁਰੂ ਦੀ ਮੱਤ ਅਨੁਸਾਰ ਚਲੇ :

ਚਾਕੁਰ ਲਗੈ ਚਾਕਰੀ ਜੇ ਚਲੇ ਖਸਮੈ ਭਾਇ ॥
ਨਾਨਕੁ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ।

ਗੁਰਮਤਿ ਅਨੁਸਾਰ ਆਸਾ ਦੀ ਵਾਰ ਵਿਕ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਸਭ ਤੋਂ ਯੋਗ ਸਾਧਨ ਇਸ਼ਕ ਜਾਂ ਪਿਆਰ ਹੀ ਦਸਿਆ ਗਿਆ ਹੈ :

ਏਹ ਕਿਨੇਹੀ ਆਸ਼ਕੀ ਦੂਜੇ ਲਗੈ ਜਾਇ ॥
ਨਾਨਕ ਆਸ਼ਕੁ ਕਾਂਢੀਐ ਸਦ ਹੀ ਰਹੈ ਸਮਾਇ ॥ [ਮਹਲਾ ੨

ਗੁਰੂ ਜੀ ਨੇ ਮਨ ਦੀ ਪਵਿਤ੍ਰਤਾ ਉਤੇ ਜ਼ੋਰ ਦਿੱਤਾ ਹੈ। ਉਹ ਫਰਮਾਉਂਦੇ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਜਿਹੜੇ ਲੋਕ ਇਸ਼ਨਾਨ ਕਰ ਕੇ ਇਹ ਸਮਝਣ ਲਗ ਪੈਂਦੇ ਹਨ ਕਿ ਉਹ ਸੁੱਚੇ ਹਨ, ਇਹ ਗਲਤ ਹੈ :

ਸੂਚੇ ਏਹਿ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥

ਅਸਲ ਵਿਚ ਸੁਚੇ ਉਹ ਹੀ ਹੋ ਸਕਦੇ ਹਨ ਜਿਨਾਂ ਦੇ ਮਨ ਅੰਦਰ ਉਸ ਦਾ ਵਾਸ਼ਾ ਹੋ ਜਾਂਦਾ ਹੈ ਭਾਵ ਉਸ ਦਾ ਜਾਪ ਕਰਦੇ ਹਨ।

ਮਨਮੁਖਾਂ ਬਾਰੇ ਜ਼ਿਕਰ ਕਰਦੇ ਹੋਏ ਗੁਰੂ ਜੀ ਕਹਿੰਦੇ ਹਨ ਕਿ ਅਜਿਹੇ ਲੋਕਾਂ ਦਾ ਸੰਸਾਰ ਵਿਚ ਆਉਣ ਦਾ ਕੋਈ ਲਾਭ ਨਹੀਂ ਹੈ। ਉਹ ਲੋਕ ਇਸ ਤਰ੍ਹਾਂ ਆਪਣਾ ਅੰਜਾਈ ਹੀ ਜਨਮ ਗਵਾ ਲੈਂਦੇ ਹਨ :

ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ ॥ ਵਿਚਿ ਦੁਨੀਆ ਕਾਹੇ ਆਇਆ ॥

ਗੁਰੂ ਜੀ ਨੇ ਕਿਹਾ ਹੈ ਕਿ ਮਨੁੱਖ ਨੂੰ ਸੰਸਾਰ ਵਿਚ ਚੰਗੇ ਕਰਮ ਕਰਨੇ ਚਾਹੀਦੇ ਹਨ ਤੇ ਹੰਕਾਰ ਨਹੀਂ ਕਰਨਾ ਚਾਹੀਦਾ ਸਗੋਂ ਨਿਮ੍ਰ ਭਾਵ ਨਾਲ ਰਹਿਣਾ ਚਾਹੀਦਾ ਹੈ :

ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥

ਇਸ ਤਰ੍ਹਾਂ ਗੁਰੂ ਨਾਨਕ ਮਨੁੱਖ ਦੀ ਅਧਿਆਤਮਕ ਉਨਤੀ ਲਈ ਉਸ ਦੇ ਨੈਤਿਕ ਜੀਵਨ ਵਿਚ ਸੁਧਾਰ ਕਰਨਾ ਲੋੜਦੇ ਹਨ। ਸਪੱਸ਼ਟ ਹੈ ਕਿ ਜਦ ਸਾਡਾ ਆਚਰਣ ਸੁੱਚਾ ਜਾਂ ਪਵਿਤ੍ਰ ਹੋ ਜਾਵੇਗਾ ਤਦ ਅਸੀਂ ਪ੍ਰਭੂ ਨੂੰ ਆਸਾਨੀ ਨਾਲ ਪ੍ਰਾਪਤ ਕਰ ਸਕਾਂਗੇ। 'ਕਿਉਂਕਿ 'ਵਾਰ ਆਸਾ' ਵਿਚ ਸਮਕਾਲੀਨ ਜੀਵਨ ਦੀ ਅਧੋਗਤੀ ਨੂੰ ਹਰ ਪੱਖ ਤੋਂ ਗੁਰੂ ਸਾਹਿਬ ਨੇ ਵੇਖਿਆ ਹੈ, ਇਸੇ ਲਈ, ਇਹ ਆਪ ਦੀਆਂ ਸਾਰੀਆਂ ਰਚਨਾਵਾਂ ਵਿਚੋਂ ਵਧ ਸੁਧਾਰਕ ਤੇ ਇਨਕਲਾਬੀ ਰਚਨਾ ਵੀ ਹੈ। ਆਪ ਨੇ ਹਰ ਗਿਰਾਵਟ ਵਲ ਧਿਆਨ ਦਿਵਾ ਕੇ ਸੁਤੇ ਸਿਧ ਹੀ ਉਸ ਦੇ ਸੁਧਾਰ ਲਈ ਪ੍ਰੇਰਨਾ ਦਿੱਤੀ ਹੈ। ਉਸ ਸੁਧਰੇ ਹੋਏ ਜੀਵਨ ਨੂੰ ਹੀ ਆਪ ਨੇ ਨਾਮ ਵਾਲਾ ਜੀਵਨ ਕਿਹਾ ਹੈ। ਇਹ ਵਾਰ ਉਤਮ ਧਰਮ ਦਾ ਸਿਧਾਂਤ ਪੇਸ਼ ਕਰਦੀ ਹੈ[8]।

ਹਵਾਲੇ ਅਤੇ ਟਿੱਪਣੀਆਂ

1. ਰਤਨ ਸਿੰਘ ਜੱਗੀ, ਵਿਚਾਰਧਾਰਾ, ਪੰਨਾ 149
2. ਕਾਲਾ ਸਿੰਘ ਬੇਦੀ, ਵਾਰਕਾਰ ਗੁਰੂ ਨਾਨਕ, ਪੰਨਾ 37
3. ਉਹੀ, ਪੰਨਾ 28
4. ਫਰੀਦ ਦਰਸ਼ਨ, ਪੰਨਾ 61
5. ਕਾਲਾ ਸਿੰਘ ਬੇਦੀ, ਵਾਰਕਾਰ ਗੁਰੂ ਨਾਨਕ, ਪੰਨਾ 4
6. ਸੇਵਾ ਸਿੰਘ ਸੇਵਕ ਗੁਰਮਤਿ ਪ੍ਰਕਾਸ਼ (ਗੁਰੂ ਨਾਨਕ ਬਾਣੀ ਅੰਕ), ਸਤੰਬਰ 1969, ਪੰਨਾ 261
7. ਕਾਲਾ ਸਿੰਘ ਬੇਦੀ, ਵਾਰਕਾਰ ਗੁਰੂ ਨਾਨਕ. ਪੰਨਾ 63
8. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 120

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ : ਧਾਰਮਿਕ ਤੇ ਸਮਾਜਕ ਜੀਵਨ

ਆਸਾ ਦੀ ਵਾਰ ਵਿਚ ਗੁਰੂ ਜੀ ਨੇ ਉਸ ਸਮੇਂ ਦੀ ਧਾਰਮਿਕ ਤੇ ਸਮਾਜਕ ਸਥਿਤੀ ਉਪਰ ਡੂੰਘੀ ਝਾਤ ਪਾਈ ਤੇ ਦੇਖਿਆ ਕਿ ਵੈਸ਼ਨਵ ਨੱਚਣ ਕੁੱਦਣ ਵਿਚ ਲੀਨ ਸਨ, ਮੁਸਲਮਾਨ ਫੋਕਟ ਸ਼ਰ੍ਹਾ ਵਿਚ ਮਗਨ, ਜੈਨੀ ਮਲੀਨਤਾ ਵਿਚ, ਜੋਗੀ ਦਿਖਾਵੇ ਦੀਆਂ ਸੁੰਨ ਸਮਾਧੀਆਂ ਵਿਚ ਲੱਗੇ ਹੋਏ, ਪੰਡਿਤ ਕਿਤਾਬੀ ਗਿਆਨ ਦੇ ਚੱਕਰ ਤੇ ਹੰਕਾਰ ਵਿਚ ਫਸੇ ਹੋਏ ਸਨ। ਰਾਜੇ ਰਾਣੀਆਂ ਕੂੜ ਵਿਚ ਰੁੱਝੇ ਹੋਏ, ਪੁਜਾਰੀ-ਸ਼੍ਰੇਣੀ ਵਹਿਮਾਂ, ਪਾਖੰਡਾਂ ਤੇ ਰਸਮਾਂ ਵਿਚ ਰੁਝੀ ਹੋਈ ਅਤੇ ਭਗਤ ਜਨ ਮੂਰਤੀ ਪੂਜਾ ਤੇ ਬਗਲਾ ਸਮਾਧੀਆਂ ਵਿਚ ਜੁੜੇ ਹੋਏ ਸਨ। ਧਾਰਮਿਕ ਖੇਤਰ ਵਿਚ ਸਦਾਚਾਰਕ (ਇਖ਼ਲਾਕੀ) ਅਤੇ ਸਭਿਆਚਾਰਕ (ਤਹਿਜ਼ੀਬੀ) ਗਿਰਾਵਟ ਆ ਚੁੱਕੀ ਸੀ। ਸਤਿਗੁਰੂ ਨੇ ਇਹਨਾਂ ਇਖ਼ਲਾਕੀ ਗਿਰਾਵਟਾਂ ਦਾ ਚਿਤ੍ਰ ਯਥਾਰਥ ਢੰਗ ਨਾਲ ਆਸਾ ਦੀ ਵਾਰ ਵਿਚ ਪੇਸ਼ ਕੀਤਾ ਹੈ[1]।

'ਆਸਾ ਦੀ ਵਾਰ' ਮੂਲ ਰੂਪ ਵਿਚ ਪਉੜੀਆਂ ਵਿਚ ਲਿਖੀ ਗਈ ਸੀ, ਪਰ ਗੁਰੂ ਅਰਜਨ ਜੀ ਨੇ 'ਆਦਿ ਗ੍ਰੰਥ' ਦੀ ਬੀੜ ਬੰਨ੍ਹਣ ਵੇਲੇ ਇਸ ਦੇ ਪੁਰਾਤਨ ਰੂਪ ਅਤੇ ਆਕਾਰ ਪ੍ਰਕਾਰ ਨੂੰ ਬਦਲ ਕੇ ਇਸ ਦੇ ਵਿਚਾਰ ਖੇਤਰ ਦੀਆਂ ਸੀਮਾਵਾਂ ਨੂੰ ਸਲੋਕ ਸ਼ਾਮਲ ਕਰਕੇ ਵਿਸਤਿਤ ਕੀਤਾ ਹੈ। ਪਉੜੀਆਂ ਵਿਚ ਰਹੱਸਵਾਦੀ ਦ੍ਰਿਸ਼ਟੀਕੋਣ ਅਤੇ ਅਨੁਭੂਤੀ ਦੀ ਅਭਿ-ਵਿਅਕਤੀ ਹੋਈ ਹੈ ਅਤੇ ਸਲੋਕਾਂ ਵਿਚ ਉਸਦੀ ਰਚਿਤ ਕੁਦਰਤ, ਸ੍ਰਿਸ਼ਟੀ ਅਤੇ ਖੇਲ-ਪਸਾਰੇ ਦਾ ਵਿਵਰਣ ਦੇ ਕੇ ਮਨੁੱਖ ਦੀ ਆਤਮਿਕ ਸ਼ੁੱਧੀ ਉਤੇ ਜ਼ੋਰ ਦਿੱਤਾ ਹੈ। ਇਹ ਸ਼ੁੱਧੀ ਪਾਖੰਡ, ਅਵਗੁਣ ਅਤੇ ਭਰਮ ਨੂੰ ਦੂਰ ਕਰਕੇ ਗਿਆਨ ਦੀ ਪ੍ਰਾਪਤੀ ਨਾਲ ਹੁੰਦੀ ਹੈ। ਇਸ ਤਰ੍ਹਾਂ ਰਹੱਸਵਾਦੀ ਵਿਸ਼ੇ ਨੂੰ ਸਮਾਜਕ ਵਾਸਤ੍ਵਿਕਤਾ ਦੇ ਪ੍ਰਕਾਸ਼ ਵਿਚ ਰੱਖ ਕੇ ਪਰਖਿਆ ਗਿਆ ਹੈ[2]। ਗੁਰੂ ਨਾਨਕ ਦੀ ਇਹ ਵਾਰ ਅਧਿਆਤਮਿਕ ਜਾਂ ਰਹੱਸਵਾਦੀ ਵਿਚਾਰਾਂ ਨੂੰ ਸਮਾਜਕ ਮਿਸ ਰਾਹੀਂ ਪੇਸ਼ ਕਰਨ ਸਦਕਾ ਬਹੁਤ ਹੀ ਹਰਮਨ ਪਿਆਰੀ ਤੇ ਵਿਸ਼ੇਸ਼ ਮਹੱਤਵ ਦੀ ਮਾਲਕ ਹੋ ਗਈ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਯੁਗ ਦੀ ਸਮੁੱਚੀ ਅਵਸਥਾ ਨੂੰ ਆਪਣੀ ਅੱਖੀਂ ਵੇਖਿਆ ਅਤੇ ਉਸ ਦੇ ਸੂਖਮ ਅਧਿਐਨ ਰਾਹੀਂ ਜੀਵਨ ਦੀ ਵਿਆਪਕ ਦ੍ਰਿਸ਼ਟੀ ਪ੍ਰਾਪਤ ਕੀਤੀ। ਇਸ ਰਚਨਾ ਰਾਹੀਂ ਉਹਨਾਂ ਜੀਵਨ ਦੇ ਤੱਤਵਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਸਮਾਜ ਦੀ ਆਲੋਚਨਾ ਤੇ ਅਗਵਾਈ ਕੀਤੀ। ਦੁੱਖੀ ਸੰਸਾਰ ਨੂੰ ਸਦੀਵੀ ਸੁਖ ਪ੍ਰਾਪਤੀ ਦੀ ਅਨੋਖੀ ਜੀਵਨ ਜਾਚ ਦਸੀ ਭਾਵੇਂ ਇਸ ਵਾਰ ਵਿਚ ਮਨੁੱਖ ਦੇ ਅਧਿਆਤਮਿਕ, ਰਾਜਨੀਤਿਕ, ਆਰਥਿਕ, ਧਾਰਮਿਕ, ਨੈਤਿਕ ਤੇ ਸਮਾਜਕ ਜੀਵਨ ਦੀ ਆਲੋਚਨਾ ਕੀਤੀ ਗਈ ਹੈ ਪਰ ਗੁਰੂ ਨਾਨਕ ਦਾ ਧਾਰਮਿਕ ਤੇ ਸਮਾਜਕ ਦ੍ਰਿਸ਼ਟੀਕੋਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਧੇਰੇ ਸਪੱਸ਼ਟ ਭਾਂਤ ਪ੍ਰਗਟ ਹੋਇਆ ਹੈ ।

ਪੰਦਰਵੀਂ ਸੋਲ੍ਹਵੀਂ ਸਦੀ ਦੇ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਭਾਰਤ ਵਿਚ ਸਮਾਜਕ ਤੇ ਇਤਿਹਾਸਕ ਮਹਾਨਤਾ ਵਿਚ ਗੁਰੂ ਨਾਨਕ ਸਾਹਿਬ ਦੀ ਉੱਚਤਾ ਤਕ ਅਪੜਨ ਵਾਲੀ ਕੋਈ ਹੋਰ ਹਸਤੀ ਨਹੀਂ ਹੋਈ। ਰਾਮਾ ਨੰਦ, ਭਗਤ ਕਬੀਰ ਤੇ ਚੇਤੰਨ ਆਦਿ ਭਗਤੀ ਲਹਿਰ ਦੇ ਪ੍ਰਸਿਧ ਆਗੂਆਂ ਨੇ ਕਈ ਪੱਖਾਂ ਤੋਂ ਮਜ਼੍ਹਬ ਤੇ ਸਮਾਜ-ਸੁਧਾਰ ਦੇ ਕਾਰਜ ਵਿਚ ਮਹੱਤਵਪੂਰਣ ਹਿੱਸਾ ਪਾਇਆ ਪਰ ਇਹਨਾਂ ਵਿਚੋਂ ਨਾ ਤਾਂ ਕਿਸੇ ਨੇ ਗੁਰੂ ਨਾਨਕ ਜਿਤਨੀ ਦੇਸ ਦੇਸ਼ਾਂਤਰਾਂ ਦੀ ਲੰਮੀ ਚੌੜੀ ਬਿਖਮ ਯਾਤਰਾ ਕਰ ਕੇ ਵਿਸ਼ਾਲ ਵਾਕਫੀ ਤੇ ਨਿੱਜੀ ਅਨੁਭਵ ਪ੍ਰਾਪਤ ਕੀਤਾ, ਨਾ ਹੀ ਧਾਰਮਿਕ ਤੇ ਸਮਾਜਕ ਘੇਰੇ ਤੋਂ ਬਾਹਰ ਨਿਕਲ ਕੇ ਸਮਾਜ ਦੇ ਰਾਜਸੀ ਤੇ ਇਤਿਹਾਸਕ ਪ੍ਰਸ਼ਨਾਂ ਦੇ ਹੱਲ ਲੱਭਣ ਵਿਚ ਕੋਈ ਖਾਸ ਹਿੱਸਾ ਪਾਇਆ। ਉਸ ਵੇਲੇ ਪੰਜਾਬ ਵਿਚ ਹਿੰਦੂ ਧਰਮ ਤੇ ਮੁਸਲਮਾਨੀ ਧਰਮ ਪ੍ਰਚਲਤ ਸਨ। ਹਿੰਦੂ ਮੱਤ ਦੀਆਂ ਅਗੋਂ ਕਈ ਸਾਖਾਵਾਂ ਹੋ ਗਈਆਂ ਸਨ ਜਿਵੇਂ ਜੈਨ ਮੱਤ, ਬੁੱਧ ਮੱਤ, ਨਾਥ ਮੱਤ, ਸਿੱਧ ਮੱਤ ਆਦਿ। ਇਹਨਾਂ ਵੱਖ ਵੱਖ ਮੱਤਾਂਵਾਂ ਦੇ ਧਾਰਮਿਕ ਪ੍ਰਚਾਰਕਾਂ ਨੇ ਲੋਕਾਂ ਨੂੰ ਕਈ ਧਾਰਮਿਕ ਤੇ ਸਮਾਜਕ ਵਹਿਮਾਂ ਭਰਮਾਂ ਤੇ ਰਸਮਾਂ ਰਿਵਾਜਾਂ ਵਿਚ ਜਕੜਿਆ ਹੋਇਆ ਸੀ। ਰਾਮਾ ਨੰਦ ਤੇ ਕਬੀਰ ਦੁਨੀਆਂ ਤੋਂ ਉਪਰਾਮ ਲੋਕਾਂ ਨੂੰ ਭਗਤੀ ਦਾ ਉਪਦੇਸ਼ ਦੇ ਰਹੇ ਸਨ। ਸਿੱਧ ਤੇ ਜੋਗੀ ਸੰਸਾਰ ਦੇ ਲੋਕਾਂ ਨੂੰ ਤਿਆਗ ਦਾ ਉਪਦੇਸ਼ ਦੇਂਦੇ। ਬ੍ਰਾਹਮਣਵਾਦ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਦੇ ਪੰਜੇ ਵਿਚ ਗ੍ਰਹਿਸਿਆ ਹੋਇਆ ਸੀ। ਗੱਲ ਕੀ ਜ਼ਾਤ ਪਾਤ ਤੇ ਛੂਤ ਛਾਤ ਦਾ ਪੂਰਾ ਬੋਲ ਬਾਲਾ ਸੀ। ਅਵਤਾਰਵਾਦ ਦੀ ਪ੍ਰਥਾ ਜ਼ੋਰਾਂ ਤੇ ਸੀ। ਮੜ੍ਹੀ ਮਸਾਣ ਦੀ ਪੂਜਾ ਹੁੰਦੀ ਸੀ। ਧਰਮ ਦਾ ਮਹੱਤਵ ਕੋਈ ਨਹੀਂ ਸੀ ਜਾਣਦਾ, ਭੁਲੀ ਭਟਕੀ ਜਨਤਾ ਕੁਰਾਹੇ ਪਈ ਹੋਈ ਸੀ। ਬ੍ਰਾਹਮਣ ਆਪਣੇ ਪੇਟ ਦੀ ਖਾਤਰ ਲੋਕਾਂ ਨੂੰ ਉਲਟੇ ਰਸਤੇ ਪਾ ਰਹੇ ਸਨ। ਧਰਮ ਦੇ ਫਰਜ਼ਾਂ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਲੋਕੀਂ ਰੱਬ ਦੀ ਭਾਲ ਲਈ ਗ੍ਰਿਹਸਥ ਧਰਮ ਦਾ ਤਿਆਗ ਕਰਕੇ ਪਿੰਡੇ ਤੇ ਸੁਆਹ ਮਲ, ਕੰਨ ਪੜਵਾ ਕੇ ਜੰਗਲਾਂ ਵਿਚ ਟੁਰ ਪੈਂਦੇ ਅਤੇ ਉਹ ਰੱਬ ਨੂੰ ਮਿਲਣ ਲਈ ਕਈ ਜਤਨ ਕਰਦੇ, ਚਿਲੇ ਕੱਦਦੇ, ਪੁਠੇ ਲਟਕਦੇ ਪਰ ਪ੍ਰਾਪਤੀ ਫਿਰ ਵੀ ਨਾ ਹੁੰਦੀ। ਲੋਕ ਹਉਮੈ ਗ੍ਰਸਤ ਸਨ। ਕਰਮ ਕਾਡਾਂ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਚੰਗੇ ਅਮਲ ਉਹਨਾਂ ਤੋਂ ਬਹੁਤ ਦੂਰ ਸਨ। ਦੇਸ਼ ਭਰ ਵਿਚ ਸ਼ਰਮ ਧਰਮ ਅਲੋਪ ਹੋ ਚੁੱਕੇ ਸਨ। ਮੂਰਤੀ ਪੂਜਾ ਤੇ ਹੋਰ ਪਾਖੰਡ ਵਧੇ ਹੋਏ ਸਨ। ਗੁਰੂ ਨਾਨਕ ਨੇ ਅਜੇਹੀ ਹਾਲਤ ਵੇਖ ਕੇ ਇਕ ਨਰੋਏ ਤੇ ਸਿਧੇ ਸਾਦੇ ਧਾਰਮਿਕ ਤੇ ਸਮਾਜਕ ਜੀਵਨ ਦੀ ਲੋੜ ਮਹਿਸੂਸ ਕੀਤੀ। ਉਹਨਾਂ ਦਾ ਇਹ ਵਿਸ਼ਵਾਸ ਸੀ ਕਿ ਇਹ ਧਰਮ ਜਾਂ ਇਹ ਮਨੁੱਖੀ ਜੀਵਨ ਅਜੇਹਾ ਹੋਵੇ ਜੋ ਸਭ ਲੋਕਾਂ ਭਾਵ ਮਨੁੱਖੀ ਜਾਤੀ ਜਾਂ ਸਮੁੱਚੀ ਮਾਨਵਤਾ ਲਈ ਉਪਯੋਗੀ ਹੋਵੇ।

ਮਾਨਵਵਾਦੀ ਗੁਰੂ ਨਾਨਕ ਨੇ ਅਜੇਹੇ ਧਰਮ ਦੀ ਸਥਾਪਨਾ ਲਈ ਸਭ ਤੋਂ ਪਹਿਲਾਂ ਉਸ ਵੇਲੇ ਦੇ ਧਰਮਾਂ ਦੇ ਪ੍ਰਚਲਤ ਢੋਲ ਦੇ ਪੋਲ ਨੂੰ ਖੋਲ੍ਹਿਆ। ਉਹਨਾਂ ਵੱਖ ਵੱਖ ਧਰਮਾਂ ਵਿਚਲੇ ਬਨਾਵਟੀਪਨ ਨੂੰ ਨੰਗਿਆ ਕੀਤਾ। ਗੁਰੂ ਜੀ ਨੇ ਮੁਸਲਮਾਨੀ ਮੱਤ ਦੇ ਅਤਿਆਚਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਹਿੰਦੂ ਧਰਮ ਦੇ ਧਾਰਮਿਕ ਤੇ ਸਮਾਜਕ ਅੰਧ ਵਿਸ਼ਵਾਸਾਂ ਦਾ ਆਸਾ ਦੀ ਵਾਰ ਵਿਚ ਬੜੇ ਹੀ ਸੁਚੱਜੇ ਢੰਗ ਨਾਲ ਚਿਤ੍ਰਣ ਕੀਤਾ ਹੈ :

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥
ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਾਹਕਾਰ ॥......

ਗੁਰੂ ਨਾਨਕ ਨੇ ਵੇਖਿਆ ਕਿ ਜੇ ਹਿੰਦੂ ਲੋਕ ਮੁਰਦੇ ਨੂੰ ਸਾੜਦੇ ਹਨ ਤਾਂ ਮੁਸਲਮਾਨ ਇਸ ਨੂੰ ਭੈੜਾ ਸਮਝ ਕੇ ਕਬਰਾਂ ਵਿਚ ਦਬਾਉਂਦੇ ਹਨ। ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਮੁਰਦਾ ਸਾੜਨ ਨਾਲ ਸਰੀਰ ਦੋਜ਼ਕ ਦੀ ਅੱਗ ਵਿਚ ਸੜਦਾ ਹੈ। ਗੁਰੂ ਨਾਨਕ ਨੇ ਮੁਸਲਮਾਨਾਂ ਦੇ ਇਹਨਾਂ ਥੋਥੇ ਵਿਚਾਰਾਂ ਉਤੇ ਇਸ ਤਰ੍ਹਾਂ ਵਿਅੰਗ ਕੀਤਾ ਹੈ :

ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥

ਗੁਰੂ ਜੀ ਨੇ ਸਪੱਸ਼ਟ ਕੀਤਾ ਹੈ ਕਿ ਲੋਕ ਭਾਵੇਂ ਵਹਿਮਾਂ, ਭਰਮਾਂ ਤੇ ਝੂਠ ਸੱਚ ਬਾਰੇ ਗਿਆਤ ਹਨ ਪਰ ਫਿਰ ਵੀ ਉਹਨਾਂ ਦੇ ਅੰਦਰ ਪਾਪਾਂ ਨਾਲ ਭਰੇ ਹੋਏ ਹਨ। ਹਿੰਦੂ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਸੰਧਿਆ ਵੇਲੇ ਪਾਠ ਕਰਨ ਨਾਲ ਜਾਂ ਤੀਰਥ ਯਾਤਰਾ ਕਰਨ ਨਾਲ ਪਰਮਾਤਮਾ ਪਾਇਆ ਜਾ ਸ਼ਕਦਾ ਹੈ। ਆਪ ਨੇ ਇਸ ਭੁਲੇਖੇ ਨੂੰ ਦੂਰ ਕਰਦਿਆਂ ਪ੍ਰਗਟ ਕੀਤਾ ਕਿ ਜੇ ਇਨਸਾਨ ਦੇ ਕੰਮ ਚੰਗੇ ਨਹੀਂ ਹਨ ਤਾਂ ਪਾਠ ਕਰਨ ਤੇ ਤੀਰਥ ਅਸਥਾਨਾ ਦੀ ਯਾਤਰਾ ਨਾਲ ਕੁਝ ਵੀ ਨਹੀਂ ਸੌਰਨਾਂ :

ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥

ਗੁਰੂ ਨਾਨਕ ਸਾਹਿਬ ਇਸ ਤਰ੍ਹਾਂ ਕੇਵਲ ਤੀਰਥ ਯਾਤਰਾ ਜਾਂ ਇਸ਼ਨਾਨ ਅਤੇ ਬਿਨਾਂ ਸਮਝੇ ਗ੍ਰੰਥਾਂ ਦੇ ਪਾਠ ਕਰਨ ਨੂੰ ਕੋਈ ਮਹੱਤਾ ਨਹੀਂ ਦਿੰਦੇ। ਉਹ ਕਹਿੰਦੇ ਹਨ ਕਿ ਇਹਨਾਂ ਗੱਲਾਂ ਦਾ ਮਨੋਰਥ ਭਾਵੇਂ ਅਗਲਾ ਜਨਮ ਸਫਲ ਕਰਵਾਉਣਾ ਹੈ ਪਰ ਜਦ ਤਕ ਮਨੁੱਖ ਦਾ ਮਨ ਸ਼ੁੱਧ ਨਹੀਂ ਹੋ ਜਾਂਦਾ ਤਦ ਤਕ ਇਨ੍ਹਾਂ ਦਾ ਕੋਈ ਅਰਥ ਨਹੀਂ ਤੇ ਇਹ ਕੇਵਲ ਰਸਮਾਂ ਬਣ ਕੇ ਹੀ ਰਹਿ ਜਾਂਦੀਆਂ ਹਨ। ਉਹ ਸਭ ਤੋਂ ਪਹਿਲਾਂ ਮਨ ਦੀ ਸ਼ੁੱਧੀ ਉਤੇ ਜ਼ੋਰ ਦਿੰਦੇ ਫਰਮਾਂਦੇ ਹਨ :

ਅੰਦਰਹੁ ਝੂਠੇ ਪੈਜ ਬਾਹਰਿ, ਦੁਨੀਆਂ ਅੰਦਰਿ ਫੈਲੁ ॥
ਅਠਸਠਿ ਤੀਰਥ ਜੇ ਨਾਵਹਿ ਉਤਰੇ ਨਾਹੀ ਮੈਲੁ ॥

ਧਰਮ ਸਰਾਧ, ਜਨੇਊ, ਸੂਤਕ, ਅਵਤਾਰਾਂ ਦੀਆਂ ਰਾਸਾਂ ਆਦਿ ਫ਼ਜ਼ੂਲ ਰੀਤਾਂ ਰਵਾਜਾਂ ਵਿਚ ਜਕੜਿਆ ਪਿਆ ਹੈ ਅਤੇ ਧਾਰਮਿਕ ਖੇਤਰ ਵਿਚ ਚਾਰੇ ਪਾਸੇ ਪਾਖੰਡਾਂ, ਢੌਂਗਾਂ ਤੇ ਆਡੰਬਰਾਂ ਦਾ ਬੋਲ ਬਾਲਾ ਹੈ। ਭ੍ਰਿਸ਼ਟਾਚਾਰ, ਕੁਰੀਤੀਆਂ ਤੇ ਅੰਧ ਵਿਸ਼ਵਾਸ਼ਾਂ ਨਾਲ ਸਮਾਜ ਕਲੰਕਤ ਹੋਇਆ ਪਿਆ ਹੈ। ਵਹਿਮਾਂ ਭਰਮਾਂ ਵਿਚ ਫਸੇ ਲੋਕਾਂ ਦੇ ਵਾਸਤਵਿਕ ਜੀਵਨ ਨੂੰ ਗੁਰੂ ਜੀ ਨੇ ਆਪਣੀ ਇਸ ਰਚਨਾ ਵਿਚ ਬੜੇ ਕਲਾਮਈ ਢੰਗ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਗਟਾਇਆ ਹੈ। ਸਾਰੀ ਰਚਨਾ ਵਿਚ ਇਸ ਇਕੱਲੀ ਇਕੱਲੀ ਗਲ ਉੱਤੇ ਵਿਸਥਾਰ ਸਹਿਤ ਵਿਸ਼ਲੇਸ਼ਣ ਮਿਲਦਾ ਹੈ।

ਬ੍ਰਾਹਮਣਾ ਨੇ ਲੋਕਾਂ ਵਿਚ ਇਹ ਵਿਚਾਰ ਆਮ ਪ੍ਰਚਲਤ ਕਰ ਦਿੱਤਾ ਸੀ ਕਿ ਸਰਾਧਾਂ ਰਾਹੀਂ ਔਲਾਦ ਵਲੋਂ ਬਜ਼ੁਰਗਾਂ ਜਾਂ ਵਡੇਰਿਆਂ ਦੇ ਨਾਂ ਉੱਤੇ ਦਿੱਤਾ ਦਾਨ ਉਹਨਾਂ ਨੂੰ ਪਹੁੰਚ ਜਾਂਦਾ ਹੈ। ਅਜੇਹੇ ਭੁਲੇਖੇ ਪਾ ਕੇ ਬ੍ਰਾਹਮਣ ਲੋਕ ਧੜਾ ਧੜ ਦਾਨ ਪ੍ਰਾਪਤ ਕਰਕੇ ਛਕ ਰਹੇ ਸਨ। ਇਸ ਵਿਚਾਰ ਦਾ ਖੰਡਨ ਕਰਦੇ ਹੋਏ ਗੁਰੂ ਜੀ ਫਰਮਾਂਦੇ ਹਨ :

ਜੇ ਮੁਹਾਕਾ ਘਰੁ ਮੁਹੈ, ਘਰੁ ਮੁਹਿ ਪਿਤਰੀ ਦੇਇ ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥

ਗੁਰੂ ਸਾਹਿਬ ਗੁਣ ਗ੍ਰਹਿਣ ਕਰਨ ਉੱਤੇ ਜ਼ੋਰ ਦੇਂਦੇ ਹੋਏ ਕਹਿੰਦੇ ਹਨ ਕਿ ਅਜਿਹਾ ਜਨੇਊ ਪਹਿਨਣਾ ਚਾਹੀਦਾ ਹੈ ਜਿਸ ਵਿਚ ਨਿਮਨ ਗੁਣ ਹੋਣ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥

ਜਨਮ ਮਰਨ ਦੇ ਸਮੇਂ ਉੱਤੇ ਬ੍ਰਾਹਮਣਾਂ ਨੇ ਆਪਣੀ ਕਮਾਈ ਦੀ ਖਾਤਰ ਸਮਾਜ ਵਿਚ 'ਸੂਤਕ' ਨਾਂ ਦਾ ਭੁਲੇਖਾ ਪਾਇਆ ਹੋਇਆ ਹੈ। ਗੁਰੂ ਜੀ ਨੇ ਇਸ ਵਿਚਾਰ ਦਾ ਖੰਡਨ ਕਰਦੇ ਹੋਏ ਸਪੱਸ਼ਟ ਕੀਤਾ ਹੈ ਕਿ ਜੇ ਜਨਮ ਮਰਨ ਨਾਲ ਸੂਤਕ ਪੈਦਾ ਹੁੰਦਾ ਹੈ ਤਾਂ ਅਸੀਂ ਘਰ ਵਿਚ ਜੋ ਵਸਤਾਂ ਵਰਤਦੇ ਹਾਂ ਉਹਨਾਂ ਸਭਨਾਂ ਵਿਚ ਜੀਵ ਹੁੰਦੇ ਹਨ ਅਤੇ ਜਦੋਂ ਅਸੀਂ ਉਹਨਾਂ ਚੀਜ਼ਾਂ ਨੂੰ ਵਰਤਦੇ ਜਾਂ ਸਾੜਦੇ ਜਾਂ ਉਬਾਲਦੇ ਹਾਂ ਤਾਂ ਉਹ ਜੀਵ ਮਰਦੇ ਰਹਿੰਦੇ ਹਨ ਤੇ ਇਸ ਤਰ੍ਹਾਂ ਸਾਡੀ ਰਸੋਈ ਹਰ ਰੋਜ਼ ਹੀ ਸੂਤਕ ਗ੍ਰਹਿਣੀ ਰਹਿੰਦੀ ਹੈ :

ਜੇ ਕਰ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉਂ ਕਰ ਰਖੀਐ ਸੂਤਕੁ ਪਵੈ ਰਸੋਇ ॥

ਗੁਰੂ ਜੀ ਦਾ ਵਿਚਾਰ ਹੈ ਕਿ ਸੂਤਕ ਇਸ ਤਰ੍ਹਾਂ ਨਹੀਂ ਉਤਰ ਸਕਦਾ, ਉਹ ਤਾਂ ਪ੍ਰਭੂ ਦੇ ਗਿਆਨ ਨਾਲ ਹੀ ਉਤਰ ਸਕੇਗਾ :

ਨਾਨਕ ਸੂਤਕ ਏਵ ਨਾ ਉਤਰੈ ਗਿਆਨੁ ਉਤਾਰੇ ਧੋਇ ॥

ਗੁਰੂ ਨਾਨਕ ਸਾਹਿਬ ਹੋਰ ਸਪੱਸ਼ਟ ਕਰਦੇ ਹੋਏ ਫਰਮਾਦੇ ਹਨ :

'ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥'
'ਮਨ ਕਾ ਸੂਤਕੁ ਲੋਭੁ ਹੈ, ਜਿਹਵਾ ਸੂਤਕੁ ਕੂੜੁ ॥'

ਅਤੇ ਉਹ ਇਸ ਵਿਚਾਰ ਦਾ ਸਿੱਟਾ ਇੰਜ ਕੱਢਦੇ ਹਨ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕ ਜਿਨਿ ਗੁਰਮੁਖਿ ਬੂਝਿਆ ਤਿਨ੍ ਸੂਤਕੁ ਨਾਹਿ ॥

ਉਸ ਸਮੇਂ ਹਿੰਦੂਆਂ ਤੇ ਮੁਸਲਮਾਨਾਂ ਵਿਚ ਇਕ ਘੋਲ ਚਲ ਰਿਹਾ ਸੀ। ਮੁਸਲਮਾਨੀ ਸ਼ਾਸ਼ਕਾਂ ਦੇ ਦਬਾਅ ਅਤੇ ਜ਼ਜ਼ੀਏ ਦੇ ਡਰ ਸਦਕਾ ਹਿੰਦੂ ਧੜਾ ਧੜ ਮੁਸਲਮਾਨ ਬਣ ਰਹੇ ਸਨ। ਉਹ ਲੋਕ ਆਪਣੀ ਬੋਲੀ ਤੇ ਪਹਿਰਾਵੇ ਨੂੰ, ਤਿਆਗ ਕੇ ਤੁਰਕਾਂ ਦੀ ਬੋਲੀ ਤੇ ਪਹਿਰਾਵੇ ਨੂੰ ਤਰਜੀਹ ਦੇਣ ਲੱਗ ਪਏ ਸਨ :

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥

ਇਹ ਵੇਖ ਕੇ ਗੁਰੂ ਜੀ ਨੂੰ ਬਹੁਤ ਦੁੱਖ ਹੋਇਆ :

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥

ਸਮਾਜ ਵਿਚ ਲੋਕਾਂ ਨੇ ਆਪਣੀਆਂ ਲਾਲਸਾਵਾਂ ਦੀ ਪੂਰਤੀ ਲਈ ਝੂਠ ਤੇ ਠੱਗੀ ਨੂੰ ਬੜਾ ਮਹੱਤਵ ਦੇਣਾ ਸ਼ੁਰੂ ਕਰ ਦਿੱਤਾ ਸੀ। ਉਹ ਲੋਕ ਇਸ ਨੂੰ ਸ਼ਹਿਦ ਨਾਲੋਂ ਵੀ ਮਿੱਠਾ ਅਨੁਭਵ ਕਰਨ ਲਗ ਪਏ ਸਨ। ਇਸ ਅਨੁਭਵ ਨੂੰ ਗੁਰੂ ਜੀ ਨੇ ਇੰਜ ਵਿਅਕਤ ਕੀਤਾ ਹੈ :

ਕੂੜੁ ਮਿਠਾ ਕੂੜੁ ਮਾਖਿਉ ਕੂੜਿ ਡੋਬੇ ਪੂਰੁ ॥ ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥

ਸਮਾਜ ਦੀ ਅਜੇਹੀ ਹਾਲਤ ਹੋ ਗਈ ਸੀ ਕਿ ਕੋਈ ਵੀ ਆਪਣੇ ਹੱਕ ਜਾਂ ਸੱਚ ਉੱਤੇ ਸਥਿਰ ਨਹੀਂ ਸੀ। ਬੇਗਾਨਾ ਹੱਕ ਖਾਣ ਨੂੰ ਸਾਧਾਰਣ ਗੱਲ ਸਮਝਿਆ ਜਾਂਦਾ ਸੀ। ਗੁਰੂ ਨਾਨਕ ਨੇ ਲੋਕਾਂ ਨੂੰ ਪਰਾਇਆ ਹੱਕ ਖਾਣ ਤੋਂ ਵਰਜਿਤ ਕਰਦਿਆਂ ਹੋਇਆਂ ਇਕ ਥਾਂ ਇੰਜ ਕਿਹਾ ਹੈ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥

ਕਾਲਾ ਸਿੰਘ ਬੇਦੀ ਅਨੁਸਾਰ ਗੁਰੂ ਸਾਹਿਬ ਨੇ ਧਰਮ ਦਾ ਮਨੋਰਥ ਇਸ ਰਚਨਾ ਵਿਚ ਬੜੇ ਸੁੰਦਰ ਢੰਗ ਨਾਲ ਇਹ ਦਸਿਆ ਹੈ ਕਿ ਸੱਚਾ ਧਰਮ ਆਦਰਸ਼ਕ ਮਨੁੱਖ ਅਤੇ ਆਦਰਸ਼ਕ ਸਮਾਜ ਪੈਦਾ ਕਰਦਾ ਹੈ। ਉਹ ਕੋਈ ਧਰਮ ਹੀ ਨਹੀਂ, ਜਿਸ ਵਿਚ ਵਹਿਮ, ਭਰਮ, ਮਕਰ, ਫਰੇਬ, ਧੋਖੇਬਾਜ਼ੀ, ਪਾਖੰਡ, ਦੁਰਾਚਾਰ, ਜ਼ੁਲਮ, ਅਨਿਆਇ ਅਤੇ ਕੁਕਰਮ ਦਾਖਲ ਹੋ ਜਾਣ। ਐਸੇ ਧਰਮ ਦਾ ਕੋਈ ਲਾਭ ਨਹੀਂ ਜਿਸ ਨੂੰ ਘਟੀਆ ਜੀਵਨ ਦਾ ਮਾਧਿਅਮ ਬਣਾ ਲਿਆ ਜਾਏ। ਇਹ ਕੋਈ ਧਰਮ ਨਹੀਂ ਜਿਸ ਦੇ ਪਰਦੇ ਹੇਠ ਮਨੁੱਖਤਾ ਦਾ ਗਲ ਘੁੱਟ ਦਿੱਤਾ ਜਾਏ[3]। ਇਹੋ ਕਾਰਣ ਹੈ ਕਿ ਗੁਰੂ ਨਾਨਕ ਨੇ ਸਮਕਾਲੀਨ ਧਾਰਮਿਕ ਤੇ ਸਮਾਜਕ ਵਿਵਸਥਾ ਦਾ ਚਿਤ੍ਰਣ ਆਪਣੀ ਇਸ ਰਚਨਾ ਰਾਹੀਂ ਕਰਕੇ ਇਕ ਨਵਾਂ ਸੁਖਾਲਾ ਤੇ ਸਿਧਾ ਸਾਦਾ ਜੀਵਨ ਦਰਸ਼ਨ ਮਨੁੱਖਤਾ ਨੂੰ ਦਿੱਤਾ ਹੈ। ਉਨ੍ਹਾਂ ਵੇਖਿਆ ਕਿ ਗੁਰੂ ਚੇਲਿਆਂ ਦੇ ਪਵਿੱਤਰ ਸੰਬੰਧ ਕੇਵਲ ਵਿਖਾਵੇ ਖਾਤਰ ਹੀ ਰਹਿ ਗਏ ਸਨ। ਜਾਂ ਇੰਜ ਕਹਿ ਲਵੋ ਕਿ ਸਭ ਕੁਝ ਪੇਟ ਦੀ ਖਾਤਰ ਹੋ ਰਿਹਾ ਸੀ। ਗੁਰੂ ਨਾਨਕ ਨੇ ਜਦ ਸਮਾਜ ਵਿਚ ਗੁਰੂ ਪ੍ਰਤਿ ਮਰਯਾਦਾ ਅਤੇ ਚੇਲਿਆਂ ਦੇ ਨੀਵੇਂ ਕਿਤਿਆਂ ਨੂੰ ਵੇਖਿਆ ਤਾਂ ਉਹ ਤੜਫ ਉਠੇ। ਉਨ੍ਹਾਂ ਅਜੇਹੀ ਹਾਲਤ ਦਾ ਇੰਜ ਚਿਤ੍ਰ ਖਿਚਿਆ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਇਨਿ ਚੇਲੇ ਨਚਨਿ ਗੁਰ ਪੈਰ ਹਲਾਇਨ ਫੇਰਨਿ੍ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥ ਆਪ ਪਛਾੜਹਿ ਧਰਤੀ ਨਾਲਿ ॥

ਉਸ ਸਮੇਂ ਸਮਾਜ ਵਿਚ ਬ੍ਰਾਹਮਣਵਾਦ ਦਾ ਬੋਲਬਾਲਾ ਸੀ। ਉਹ ਲੋਕ ਆਪਣੇ ਆਪ ਨੂੰ ਉਚੀ ਜਾਤੀ ਦੇ ਸਮਝਦੇ ਸਨ। ਉਹ ਭਾਵੇਂ ਧਾਰਮਿਕ ਗ੍ਰੰਥਾਂ ਦਾ ਪਾਠ ਤਾਂ ਕਰਦੇ ਸਨ ਪਰ ਉਹਨਾਂ ਨੂੰ ਸਮਝਦੇ ਨਹੀਂ ਸਨ, ਉਹਨਾਂ ਉਤੇ ਅਮਲ ਨਹੀਂ ਕਰਦੇ ਸਨ। ਅਸਲ ਗੱਲ ਇਹ ਹੈ ਕਿ ਉਹਨਾਂ ਦੇ ਜੀਵਨ ਵਿਚ ਪਾਖੰਡਪੁਣਾ ਵਧਿਆ ਹੋਇਆ ਸੀ ਤੇ ਉਹ ਸਮਾਜ ਦੇ ਠੇਕੇਦਾਰ ਬਣੇ ਬੈਠੇ ਸਨ। ਉਹ ਲੋਕ ਹਰ ਰੋਜ਼ ਨਹਾ ਧੋ ਕੇ ਟਿੱਕੇ ਲਗਾ ਕੇ, ਹੱਥ ਵਿਚ ਮਾਲਾ ਫੜ ਕੇ ਬੈਠ ਜਾਂਦੇ ਸਨ। ਇਸ ਤਰ੍ਹਾਂ ਉਹ ਬਗਲੇ ਭਗਤ, ਬਗਲਾ ਸਮਾਧੀਆਂ ਲਾ ਕੇ ਲੋਕਾਂ ਤੋਂ ਧਨ ਇਕੱਤਰ ਕਰਦੇ ਸਨ। ਗੁਰੂ ਨਾਨਕ ਅਨੁਸਾਰ ਇੰਜ ਉਹ ਮਛੇਲ ਦਾ ਧਨ ਖਾਂਦੇ ਸਨ। ਅਜੇਹੀ ਸਮਕਾਲੀਨ ਸਮਾਜਕ, ਧਾਰਮਿਕ ਤੇ ਸਦਾਚਾਰਕ ਅਧੋਗਤੀ ਦਾ ਚਿਤ੍ਰ ਗੁਰੂ ਦੀ ਦੀ ਬਾਣੀ ਵਿਚ ਥਾਂ ਥਾਂ ਮਿਲਦਾ ਹੈ :

ਗਊ ਬ੍ਰਿਹਮਣ ਕਉ ਕਰੁ ਲਾਵਹੁ, ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪ ਮਾਲੀ, ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ, ਸੰਜਮੁ ਤੁਰਕਾ ਭਾਈ ॥

ਉਸ ਵੇਲੇ ਦੇ ਇਸ ਪਾਖੰਡ ਭਰਪੂਰ ਜੀਵਨ ਨੂੰ ਵੇਖ ਕੇ ਗੁਰੂ ਜੀ ਫ਼ਰਮਾਂਦੇ ਹਨ :

ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥

ਗੁਰੂ ਜੀ ਦਾ ਵਿਚਾਰ ਹੈ ਕਿ ਇਸ ਤਰ੍ਹਾਂ ਨਹਾ ਧੋ ਕੇ ਬੈਠਣ ਨਾਲ ਮਨੁੱਖ ਸੁੱਚਾ ਨਹੀਂ ਹੋ ਸਕਦਾ। ਉਨ੍ਹਾਂ ਨੇ ਅਜੇਹੇ ਰਸਮੀ ਪਾਖੰਡਾਂ ਨੂੰ ਉਘਾੜਦੇ ਹੋਏ ਕਿਹਾ ਹੈ ਕਿ ਕਮਾਈ ਦਾ ਇਹ ਸਾਧਨ ਬਹੁਤ ਹੀ ਕਮੀਨਾ ਹੈ। ਗੁਰੂ ਨਾਨਕ ਫਰਮਾਂਦੇ ਹਨ ਕਿ ਮਲੇਛ ਜਾਤੀ ਤੋਂ ਕੁਠੇ ਬੱਕਰੇ ਖਾ ਕੇ ਇਨਸਾਨ ਆਪਣੇ ਆਪ ਨੂੰ ਫਿਰ ਕਿਵੇਂ ਸੁੱਚਾ ਕਹਿ ਸਕਦਾ ਹੈ ? ਉਹਨਾਂ ਦਾ ਮੱਤ ਹੈ ਕਿ ਮਨੁੱਖ ਸੁੱਚਾ ਜਾਂ ਪਵਿਤਰ ਕੇਵਲ ਪ੍ਰਭੂ ਦੇ ਨਾਮ ਸਿਮਰਨ ਰਾਹੀਂ ਹੀ ਹੋ ਸਕਦਾ ਹੈ :

ਸੂਚੇ ਏਹਿ ਨਾ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥

ਉਸ ਵੇਲੇ ਦੀ ਸਮਾਜਕ, ਧਾਰਮਿਕ ਤੇ ਸਭਿਆਚਾਰਕ ਹਾਲਤ ਦੇ ਇਹ ਚਿੰਨ੍ਹ ਪ੍ਰਤੱਖ ਹਨ। ਧਾਰਮਿਕ ਪੁਸਤਕਾਂ ਦਾ ਮਾਨ ਘਟ ਗਿਆ ਸੀ, ਡਰ ਸਦਕਾ ਬਹੁਤ ਸਾਰੇ ਪਾਖੰਡ ਵਧੇ ਹੋਏ ਸਨ। ਸ਼ਰਮ ਤੇ ਧਰਮ ਅਲੋਪ ਹੋ ਚੁੱਕੇ ਸਨ ਇਸ ਲਈ ਮਨੁੱਖ, ਮਨੁੱਖ ਨਾਲ ਧੱਕਾ ਕਰ ਰਿਹਾ ਸੀ।

ਇਸ ਤਰ੍ਹਾਂ ਗੁਰੂ ਜੀ ਨੇ ਤੀਰਥ ਯਾਤਰਾ, ਤਪ, ਵਰਤ, ਦਾਨ ਸਭ ਨੂੰ ਪਾਖੰਡ ਕਿਹਾ ਹੈ ਤੇ ਉਹਨਾਂ ਨੇ ਕੇਵਲ ਨਾਮ ਸਿਮਰਨ ਉਤੇ ਹੀ ਜ਼ੋਰ ਦਿਤਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਛੁਡਾਇ ਖਾਧਾ। ਨਾਮਿ ਲਇਐ ਜਾਹਿ ਤਰੰਦਾ ॥

ਨਾਮ ਸਿਮਰਨ ਤੇ ਅਮਲੀ ਜੀਵਨ ਬਤੀਤ ਕਰਨ ਨਾਲ ਮਨੁੱਖ ਅੰਦਰ ਅਸਲੀ ਸੁੱਚ ਪੈਦਾ ਹੁੰਦੀ ਹੈ ਤੇ ਉਸ ਉਪਰੰਤ ਹੀ ਸੱਚੇ ਵਾਹਿਗੁਰੂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ :

ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥

ਜਾਗੀਰਦਾਰੀ ਸਮਾਜ ਵਿਚ ਨਿੱਜੀ ਧਨ, ਜ਼ਾਤੀ ਤੇ ਮਜ਼ਬੀ ਤੌਰ ਉਤੇ ਹਰ ਕੋਈ ਆਪਣੇ ਆਪ ਨੂੰ ਉੱਚਾ ਤੇ ਦੂਜਿਆਂ ਨੂੰ ਨੀਵਾਂ ਸਿੱਧ ਕਰਨ ਉਤੇ ਜ਼ੋਰ ਲਾਉਂਦਾ ਹੈ। ਉਸ ਸਮੇਂ ਸਾਰਾ ਸਮਾਜ ਜ਼ਾਤਪਾਤ ਸਦਕਾ ਨਿੱਕੀਆਂ ਨਿੱਕੀਆਂ ਜ਼ਾਤਾਂ ਵਿਚ ਵੰਡਿਆ ਜਾਂਦਾ ਹੈ। ਇਹੋ ਹਾਲਤ ਗੁਰੂ ਨਾਨਕ ਦੇ ਸਮੇਂ ਸੀ। ਉਸ ਵੇਲੇ ਦੇ ਬ੍ਰਾਹਮਣ ਆਪਣੇ ਆਪ ਨੂੰ ਉਚੀ ਕੁਲ ਜਾਂ ਜ਼ਾਤੀ ਦੇ ਦਸਦੇ ਸਨ। ਉਹਨਾਂ ਦਾ ਉਸ ਵੇਲੇ ਸਾਰੇ ਸਮਾਜ ਵਿਚ ਬੋਲਬਾਲਾ ਸੀ, ਚੌਧਰ ਸੀ। ਉਹ ਸੰਸਕ੍ਰਿਤ ਵੀ ਪੜ੍ਹੇ ਹੋਏ ਹੁੰਦੇ ਸਨ। ਉਸ ਵੇਲੇ ਦੀ ਖਾਸ ਗੱਲ ਵਰਣਨ ਯੋਗ ਇਹ ਹੈ ਕਿ ਉਸ ਸਮੇਂ ਜੇ ਕਿਸੇ ਉਚੀ ਜਾਤੀ, ਬ੍ਰਾਹਮਣ, ਆਦਿ ਦੇ ਕਿਸੇ ਵਿਅਕਤੀ ਪਾਸੋਂ ਗੁਨਾਹ ਵੀ ਹੋ ਜਾਂਦਾ ਸੀ ਤਾਂ ਝਟ ਪਟ ਮੁਆਫ ਹੋ ਜਾਂਦਾ ਸੀ ਤੇ ਇਸ ਦੇ ਵਿਪਰੀਤ ਨੀਵੀਆਂ ਜ਼ਾਤਾਂ ਦੇ ਲੋਕਾਂ ਨੂੰ ਚੰਗੇ ਚੰਗੇ ਕੰਮ ਕਰਨ ਉਤੇ ਵੀ ਮਾਰ ਹੀ ਪੈਂਦੀ ਸੀ। ਗੁਰੂ ਨਾਨਕ ਨੇ ਜ਼ਾਤ-ਪਾਤ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਹੈ ਅਤੇ ਇਹ ਸਪੱਸ਼ਟ ਕੀਤਾ ਹੈ ਕਿ ਪ੍ਰਭੂ ਦੀ ਦਰਗਾਹ ਵਿਚ ਹਮੇਸ਼ਾਂ ਗੁਣਾਂ ਦਾ ਹੀ ਮੁੱਲ ਪੈਂਦਾ ਹੈ। ਉਥੇ ਕਿਸੇ ਦੀ ਜ਼ਾਤ, ਪੜ੍ਹਾਈ, ਜਾਂ ਉਚ ਘਰਾਣੇ ਆਦਿ ਦਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ। ਉਥੇ ਮਾੜੇ ਕਰਮ ਕਰਨ ਵਾਲੇ ਜਾਂ ਪ੍ਰਭੂ ਦੀ ਰਜ਼ਾ ਤੋਂ ਉਲਟ ਕੇਵਲ ਆਪਣੀ ਹੀ ਮੱਤ ਨਾਲ ਚੱਲਣ ਵਾਲਿਆਂ ਨੂੰ ਹਮੇਸ਼ਾਂ ਮਾਰ ਪੈਂਦੀ ਹੈ :

ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥
ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ।
ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥
ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥
ਮੁਹਿ ਚਲੈ ਸੁ ਅਗੈ ਮਾਰੀਐ ॥

ਗੁਰੂ ਨਾਨਕ ਨੇ ਵੇਖਿਆ ਕਿ ਉਸ ਵੇਲੇ ਭਾਰਤੀ ਸਮਾਜ ਵਿਚਲੇ ਪਰਿਵਾਰਕ ਜੀਵਨ ਵਿਚ ਨੈਤਿਕ ਪੱਤਨ ਆਇਆ ਹੋਇਆ ਸੀ। ਔਰਤ ਨੂੰ ਕੇਵਲ ਹਵਸ ਅਤੇ ਕਾਮ ਜਾਂ ਵਿਲਾਸਤਾ ਦਾ ਸਾਧਨ ਹੀ ਸਮਝਿਆ ਜਾਂਦਾ ਸੀ। ਆਦਿ ਕਾਲ ਵਿਚ ਭਾਵੇਂ ਔਰਤ ਦੀ ਪੂਜਾ ਹੁੰਦੀ ਸੀ, ਉਸ ਨੂੰ ਸਤਿਕਾਰਿਆ ਜਾਂਦਾ ਸੀ ਤੇ ਉਸ ਨੂੰ ਅਰਧੰਗਣੀ ਵੀ ਕਿਹਾ ਜਾਂਦਾ ਸੀ। ਪਰੰਤੂ ਸਮੇਂ ਦੇ ਚੱਕਰ ਤੇ ਜਾਗੀਰਦਾਰੀ ਸਮਾਜ ਦੀ ਸਥਾਪਨਾ ਨਾਲ ਇਸਤ੍ਰੀ ਜ਼ਾਤੀ ਦੀ ਦੁਰਦਸ਼ਾ ਹੋਣ ਲੱਗੀ। ਸਮਾਜ ਵਿਚ ਨੈਤਿਕ ਗਿਰਾਵਟ ਆ ਜਾਣ ਕਾਰਣ ਇਸਤ੍ਰੀ ਜ਼ਾਤੀ ਨੂੰ ਬਹੁਤ ਭੰਡਿਆ ਜਾਂ ਨਿੰਦਿਆ ਗਿਆ। ਉਸ ਨੂੰ ਕੇਵਲ ਪੈਰ ਦੀ ਜੁਤੀ ਜਾਂ ਘਰ ਦੀ ਕੈਦ ਵਿਚ ਰਹਿਣ ਵਾਲੀ ਵਸਤੂ ਹੀ ਸਮਝਿਆ ਜਾਂਦਾ ਸੀ। ਉਸ ਦੀ ਸਮਾਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਹਾਲਤ ਬਹੁਤ ਹੀ ਦਰਦਨਾਕ ਸੀ। ਉਸ ਦਾ ਜੀਵਨ ਸ਼ੂਦਰਾਂ ਵੀ ਨਿਆਈਂ ਸੀ। ਨਾਥ ਜੋਗੀਆਂ ਨੇ ਤਾਂ ਉਸ ਨੂੰ ਬਾਘਨ ਤਕ ਵੀ ਕਹਿ ਦਿੱਤਾ ਸੀ। ਗੁਰੂ ਜੀ ਨੂੰ ਇਸਤ੍ਰੀ ਜਾਤੀ ਦੀ ਇਹ ਨਾਜ਼ਕ ਹਾਲਤ ਵੇਖ ਕੇ ਬਹੁਤ ਹੀ ਤਰਸ ਆਇਆ। ਉਹਨਾਂ ਨੇ ਇਸ ਰੁਚੀ ਦੀ ਨਖੇਧੀ ਕਰਦੇ ਹੋਏ ਜ਼ੋਰਦਾਰ ਸ਼ਬਦਾਂ ਵਿਚ ਇਸਤ੍ਰੀ ਜਾਤੀ ਦੇ ਹੱਕ ਵਿਚ ਅਵਾਜ਼ ਉਠਾਈ ਤੇ ਸਮਾਜ ਨੂੰ ਹਲੂਣਦੇ ਹੋਏ ਕਿਹਾ :

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਰਤਨ ਸਿੰਘ ਜੱਗੀ ਅਨੁਸਾਰ ਉੱਚਾ ਸੰਮਾਜਕ ਵਿਅਕਤੀ ਬਣਨ ਲਈ ਧਰਮੋਂ-ਸਮਾਜਕ ਪਾਖੰਡਾਂ ਦਾ ਤਿਆਗ ਕਰਨਾ ਅਤਿ ਆਵੱਸ਼ਕ ਹੈ। ਗੁਰੂ ਜੀ ਨੇ ਆਪਣੇ ਸਮੇਂ ਦੇ ਧਰਮੋਂ-ਸਮਾਜਕ ਪਾਖੰਡਾਂ ਤੇ ਬਹੁਤ.ਕਰੜੀ ਚੋਟ ਕੀਤੀ ਹੈ। ਰਹੱਸਵਾਦੀ ਸੱਤਾ ਦੀ ਪ੍ਰਾਪਤੀ ਲਈ ਕੁਝ ਇਕ ਚਿੰਨ੍ਹਾਤਮਕ ਕਾਰਵਾਈਆਂ ਦਾ ਧਾਰਮਿਕ ਅਤੇ ਸ਼ਮਾਜਕ ਦੋਹਰਾ ਰੂਪ ਹੈ। ਜਿਗਿਆਸੂ ਨੂੰ ਉਹ ਸਮਾਜਕ ਖੇਤਰ ਵਿਚੋਂ ਚੁੱਕ ਕੇ ਧਾਰਮਿਕ ਖੇਤਰ ਵਲ ਲੈ ਜਾਂਦੀਆਂ ਹਨ। ਉਹਨਾਂ ਦਾ ਪ੍ਰਮੁੱਖ ਕਾਰਜ ਮਨੁੱਖ ਦੀ ਸਮਾਜਕ ਉੱਨਤੀ ਕਰਨਾ ਹੈ ਜਾਂ ਮਨੁੱਖੀ ਗੁਣਾਂ ਦੇ ਵਿਕਾਸ ਨਿਮਿਤ ਉਹਨਾਂ ਦਾ ਪ੍ਰਚਲਨ ਹੁੰਦਾ ਹੈ। ਜਿਸ ਵੇਲੇ ਮਨੁੱਖ ਅਤੇ ਧਰਮ ਦੇ ਪ੍ਰਤਿਨਿਧ ਉਹਨਾਂ ਮਨੁੱਖੀ ਗੁਣਾਂ ਦੀ ਅਸਲੀਅਤ ਨੂੰ ਅੱਖੋਂ ਓਹਲੇ ਕਰ ਦਿੰਦੇ ਹਨ ਤਾਂ ਉਹ ਕਾਰਵਾਈਆਂ (ਰਸਮਾਂ) ਮਨੁੱਖੀ ਗੁਣਾਂ ਨੂੰ ਵਿਕਾਸ ਦੇਣ ਦੀ ਥਾਂ ਰਾਹ ਦਾ ਰੋੜਾ ਬਣਦੀਆਂ ਹਨ।[4]

ਹਵਾਲੇ ਅਤੇ ਟਿੱਪਣੀਆਂ

1, ਕਾਲਾ ਸਿੰਘ ਬੇਦੀ, ਵਾਰਕਾਰ ਗੁਰੂ ਨਾਨਕ, ਪੰਨਾ 29.
2. ਰਤਨ ਸਿੰਘ ਜੱਗੀ, ਵਿਚਾਰਧਾਰਾ, ਪੰਨਾ 141.
3. ਕਾਲਾ ਸਿੰਘ ਬੇਦੀ, ਵਾਰਕਾਰ ਗੁਰੂ ਨਾਨਕ, ਪੰਨਾ 30.
4. ਰਤਨ ਸਿੰਘ ਜੱਗੀ, ਵਿਚਾਰਧਾਰਾ, ਪੰਨਾ 146.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ : ਰਾਜਸੀ ਤੇ ਆਰਥਿਕ ਅਵਸਥਾ

ਗੁਰੂ ਨਾਨਕ ਨੇ ਆਸਾ ਦੀ ਵਾਰ ਵਿਚ ਸਮਕਾਲੀਨ ਰਾਜਸੀ ਤੇ ਆਰਥਿਕ ਅਵਸਥਾ ਦਾ ਵਰਣਨ ਅਤੇ ਬੜੇ ਸੂਖਮ ਢੰਗ ਨਾਲ ਕੀਤਾ ਹੈ। ਉਸ ਸਮੇਂ ਨੂੰ ਭਾਰਤ ਦੇ ਇਤਿਹਾਸ ਵਿਚ ਅਰਾਜਕਤਾ ਦਾ ਯੁਗ ਕਿਹਾ ਜਾਂਦਾ ਹੈ। ਮੁਸਲਮਾਨ ਧਾੜਵੀਆਂ ਦੇ ਬਾਰ ਬਾਰ ਹਮਲਿਆਂ ਨੇ ਦੇਸ਼ ਦੀ ਆਰਥਿਕ ਅਵਸਥਾ ਨੂੰ ਖੋਖਲਾ ਕਰ ਦਿੱਤਾ ਸੀ। ਇਸ ਤਰ੍ਹਾਂ ਉਸ ਵੇਲੇ ਇਕ ਤਰ੍ਹਾਂ ਨਾਲ ਸਮਾਜ ਦਾ ਆਰਥਿਕ, ਰਾਜਨੀਤਿਕ ਤੇ ਬੌਧਿਕ ਪੱਤਨ ਹੋ ਚੁੱਕਾ ਸੀ। ਸਮਾਜ ਦੀ ਇਸ ਗਿਰਾਵਟ ਦਾ ਮੂਲ ਕਾਰਣ ਸਮਕਾਲੀਨ ਰਾਜਨੀਤੀ ਸੀ। ਉਸ ਵੇਲੇ ਦੀ ਹਕੂਮਤ ਸ਼ਖਸੀ ਹਕੂਮਤ ਸੀ ਤੇ ਉਹ ਬਹੁਤ ਕਰਕੇ ਇਸਲਾਮੀ ਸ਼ਰ੍ਹਾ ਦੇ ਅਨੁਸਾਰ ਸ਼ਾਸਨ ਪ੍ਰਬੰਧ ਕਰ ਰਹੀ ਸੀ। ਜਾਗੀਰਦਾਰੀ ਆਪਣੇ ਜੋਬਨ ਤੇ ਸੀ। ਹਰ ਜਾਗੀਰਦਾਰ ਆਪਣੀ ਵਿਲਾਸਤਾ ਦੀ ਪੂਰਤੀ ਲਈ ਪ੍ਰਯਤਨਸ਼ੀਲ ਸੀ[1]। ਭਾਰਤ ਦੇ ਮੁਸਲਮਾਨ ਸ਼ਾਸ਼ਕ ਸਾਰਾ ਜ਼ੋਰ ਇਸਲਾਮ ਦੇ ਪ੍ਰਚਾਰ ਤੇ ਵਿਕਾਸ ਉਤੇ ਲਾ ਰਹੇ ਸਨ। ਅਜੇਹੀ ਰਾਜਨੀਤਿਕ ਸਥਿਤੀ ਵਿਚ ਮੌਲਵੀਆਂ ਤੇ ਕਾਜ਼ੀਆਂ ਨੂੰ ਉੱਚਾ ਸਥਾਨ ਪ੍ਰਾਪਤ ਹੋਣਾ ਸੁਭਾਵਿਕ ਹੀ ਸੀ। ਉਹ ਲੋਕ ਕੁਰਾਨ ਅਤੇ ਹਦੀਸ ਅਨੁਸਾਰ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਦੇ ਸਨ। ਗੁਰੂ ਨਾਨਕ ਸਾਹਿਬ ਨੇ ਇਕ ਸਚੇ ਦੇਸ਼ ਹਤੈਸ਼ੀ ਵਾਂਗ ਆਪਣੀ ਬਾਣੀ ਵਿਚ ਆਪਣੇ ਸਮੇਂ ਦਾ ਰਾਜਸੀ ਚਿਤ੍ਰ ਖਿਚਦਿਆਂ ਹੋਇਆਂ ਰਾਜਿਆਂ ਜਾਗੀਰਦਾਰਾਂ ਤੇ ਹਾਕਮਾਂ ਨੂੰ ਕਸਾਈ, ਸ਼ੀਂਹ, ਬਘਿਆੜ, ਕੁੱਤੇ, ਜਰਵਾਣੇ, ਰੱਤ-ਪੀਣੇ ਤੇ ਮਾਣਸ ਖਾਣੇ ਆਦਿ ਕਰੜੇ ਸ਼ਬਦਾਂ ਵਿਚ ਬਿਆਨ ਕੀਤਾ ਹੈ।

ਕਾਜ਼ੀ ਤੇ ਮੁਲਾਣੇ ਰਿਸ਼ਵਤਾਂ ਲੈ ਕੇ ਫੈਸਲੇ ਕਰਦੇ ਸਨ। ਉਹਨਾਂ ਦੇ ਸੰਬੰਧ ਵਿਚ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਇਸ ਤਰ੍ਹਾਂ ਅੰਕਿਤ ਕੀਤਾ ਹੈ :

> ਕਾਜੀ ਹੋਏ ਰਿਸ਼ਵਤੀ,
> ਵਢੀ ਲੈ ਕੇ ਹਕੁ ਗਵਾਇਨ।

ਹਿੰਦੂ ਲੋਕਾਂ ਵਿਚ ਮੂਰਤੀ ਪੂਜਾ ਦਾ ਆਮ ਰਿਵਾਜ ਸੀ ਪਰੰਤੂ ਮੁਸਲਮਾਨਾਂ ਜਾਂ ਇਸਲਾਮ ਦੀਆਂ ਨਜ਼ਰਾਂ ਵਿਚ ਮੂਰਤੀ ਪੂਜਾ ਬਹੁਤ ਵੱਡਾ ਕੁਫਰ ਸਮਝਿਆ ਜਾਂਦਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸ ਲਈ ਕਾਜ਼ੀ, ਮੁੱਲਾਂ ਤੇ ਉਸ ਸਮੇਂ ਦੇ ਸ਼ਾਸ਼ਕ, ਹਿੰਦੂਆਂ ਉਤੇ ਬਹੁਤ ਜ਼ਬਰ ਕਰਦੇ ਸਨ, ਤਸੀਹੇ ਦੇਂਦੇ ਸਨ ਤੇ ਉਹਨਾਂ ਨੂੰ ਕਈ ਤਰ੍ਹਾਂ ਦੇ ਟੈਕਸ ਦੇਣ ਲਈ ਮਜ਼ਬੂਰ ਕਰਦੇ ਸਨ। ਹਿੰਦੂਆਂ ਜਾਂ ਮੂਰਤੀ ਪੂਜਕਾਂ ਲਈ ਕੇਵਲ ਦੋ ਹੀ ਰਾਹ ਸਨ। ਪਹਿਲਾ ਕਿ ਉਹ ਇਸਲਾਮ ਧਰਮ ਧਾਰਨ ਕਰ ਲੈਣ। ਦੂਸਰਾ ਮੌਤ। ਪਰੰਤੂ ਫੇਰ ਵੀ ਜੇ ਉਹ ਜ਼ਿੰਦਾ ਰਹਿਣਾ ਚਾਹੁੰਣ ਤਾਂ ਉਹਨਾਂ ਨੂੰ ਜ਼ਜੀਏ ਜਹੇ ਟੈਕਸ ਦੇਣ ਨਾਲ ਹੀ ਇਹ ਸਹੂਲਤ ਪ੍ਰਾਪਤ ਹੋ ਸਕਦੀ ਸੀ। ਇਸ ਕਰਕੇ ਬਹੁਤ ਸਾਰੇ ਹਿੰਦੂ ਮੁਸਲਮਾਨ ਹੋ ਰਹੇ ਸਨ। ਉਹ ਆਪਣੀ ਬੋਲੀ ਤਿਆਗ ਕੇ ਤੁਰਕਾਂ ਦੀ ਬੋਲੀ ਬੋਲ ਰਹੇ ਤੇ ਉਹਨਾਂ ਦੇ ਪਹਿਰਾਵੇ ਪਹਿਨ ਰਹੇ ਸਨ ਅਤੇ ਉਹਨਾਂ ਨੂੰ ਇਕ ਖਾਸ ਕਿਸਮ ਦੇ ਨੀਲੇ ਬਸਤ੍ਰ ਪਹਿਨ ਕੇ ਦਰਬਾਰ ਵਿਚ ਹਾਜ਼ਰ ਹੋਣਾ ਪੈਂਦਾ ਸੀ :

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥

ਗਊਆਂ ਤੇ ਬ੍ਰਾਹਮਣਾਂ ਉਤੇ ਸਮਕਾਲੀਨ ਸ਼ਾਸ਼ਕਾਂ ਨੇ ਟੈਕਸ ਲਾਏ ਸਨ। ਹਿੰਦੂ ਲੋਕ ਮੁਸਲਮਾਨ ਸ਼ਾਸ਼ਕਾਂ ਤੋਂ ਬਹੁਤ ਡਰਦੇ ਅਤੇ ਉਹ ਉਹਨਾਂ ਨੂੰ ਖੁਸ਼ ਕਰਨ ਲਈ ਕੁਰਾਨ ਤਕ ਵੀ ਪੜ੍ਹਦੇ ਸਨ। ਉਸ ਅਵਸਥਾ ਨੂੰ ਆਸਾ ਦੀ ਵਾਰ ਵਿਚ ਇੰਜ ਚਿਤ੍ਰਿਆ ਗਿਆ ਹੈ :

ਗਊ ਬਿਰਾਹਮਣ ਕਉ ਕਰੁ ਲਾਵਹੁ, ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ, ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ, ਸੰਜਮੁ ਤੁਰਕਾ ਭਾਈ ॥

ਇਸ ਤਰ੍ਹਾਂ ਹਿੰਦੂ ਲੋਕਾਂ ਤਾ ਜੀਵਨ ਦੋ ਰੂਪੀ ਸੀ। ਉਹ ਬਾਹਰ ਮੁਸਲਮਾਨ ਹਾਕਮਾਂ ਨੂੰ ਖੁਸ਼ ਕਰਨ ਲਈ ਕੁਰਾਨ ਆਦਿ ਪੁਸਤਕਾਂ ਪੜ੍ਹਦੇ ਹਨ ਅਤੇ ਆਪਣੇ ਘਰ ਲੁਕ ਛਿਪ ਕੇ ਪੁਰਾਣਾਂ ਦੀ ਪੂਜਾ ਵੀ ਕਰਦੇ ਸਨ। ਗੁਰੂ ਨਾਨਕ ਨੂੰ ਇਹ ਹਾਲਤ ਚੰਗੀ ਨਾ ਲੱਗੀ। ਉਹਨਾਂ ਨੇ ਅਸਲੀਅਤ ਨੂੰ ਸਮਝਦੇ ਹੋਏ ਲੋਕਾਂ ਨੂੰ ਮੌਕਾ ਪ੍ਰਸਤ ਤੇ ਖੁਦ ਗਰਜ਼ ਹੋਣ ਤੋਂ ਵਰਜਿਆ ਅਤੇ ਉਸ ਦੀ ਥਾ ਉਸ ਸਚੇ ਧਨੀ ਪ੍ਰਭੂ ਦਾ ਨਾਮ ਸਿਮਰਨ ਲਈ ਪ੍ਰੇਰਨਾ ਦਿੱਤੀ। ਨਿਮਨ ਸ਼ਬਦਾਂ ਰਾਹੀਂ ਉਸ ਵੇਲੇ ਦੀ ਹਾਲਤ ਵੇਖ ਕੇ ਗੁਰੂ ਨਾਨਕ ਨੇ ਪੂਜਾ ਤੇ ਸ਼ਾਸ਼ਕਾਂ ਦੋਹਾ ਨੂੰ ਲਲਕਾਰਿਆ :

ਛੋਡੀਲੇ ਪਾਖੰਡਾ ॥
ਨਾਮਿ ਲਇਐ ਜਾਹਿ ਤਰੰਦਾ ॥

ਇਸ ਤਰ੍ਹਾਂ ਸ਼ਾਸ਼ਕਾਂ ਵਰਗੇ ਕੱਪੜੇ ਪਹਿਨਣ, ਉਹਨਾਂ ਵਾਂਗ ਖਾਣ ਪੀਣ ਦੇ ਢੰਗਾਂ ਦਾ ਧਾਰਨ ਕਰਨਾ ਤੇ ਆਪਣੀ ਬੋਲੀ ਦਾ ਤਿਆਗ ਕਰਨਾ, ਸ਼ਾਸ਼ਕਾਂ ਨੂੰ ਖੁਸ਼ ਕਰਨ ਲਈ ਆਪਣੇ ਦੇਸ਼ ਵਾਸੀਆਂ ਨਾਲ ਧੱਕਾ ਕਰਨਾ ਆਦਿ, ਇਹ ਸਾਰੇ ਉਸ ਵੇਲੇ ਦੀ ਸਮਾਜਕ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ ਤੇ ਸਦਾਚਾਰਕ ਗਰਾਵਟ ਦੇ ਹੀ ਤਾਂ ਚਿੰਨ੍ਹ ਹਨ। ਇਕ ਇਕ ਰੁਪਏ ਦੇ ਕਰ ਦੇਣ ਪਿੱਛੇ ਜਦ ਉਸ ਵੇਲੇ ਬਹੁਤ ਸਾਰੇ ਹਿੰਦੂ ਮੁਸਲਮਾਨ ਬਣਨੇ ਸ਼ੁਰੂ ਹੋ ਗਏ ਤਾਂ ਗੁਰੂ ਨਾਨਕ ਨੂੰ ਬਹੁਤ ਦੁਖ ਹੋਇਆ। ਉਹਨਾਂ ਨੇ ਬਾਬਰ ਦੇ ਹਮਲਿਆਂ ਨਾਲ ਦੇਸ਼ ਦੀ ਹੋਈ ਦੁਰਦਸ਼ਾ ਨੂੰ ਵੀ ਆਪਣੀ ਅੱਖੀਂ ਵੇਖਿਆ ਸੀ। ਉਸ ਦੁਰਦਸ਼ਾ ਸੰਬੰਧੀ ਉਨ੍ਹਾਂ ਨੇ ਉਸ ਵੇਲੇ ਦੇ ਸ਼ਾਸ਼ਕਾਂ ਨੂੰ 'ਬਾਬਰ ਵਾਣੀ' ਰਾਹੀਂ ਜ਼ੋਰਦਾਰ ਸ਼ਬਦਾਂ ਵਿਚ ਤਾੜਨਾ ਕੀਤੀ ਹੈ।

ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿਚ ਉਸ ਸਮੇਂ ਦਾ ਨਕਸ਼ਾ ਉਲੀਕਦੇ ਹੋਏ ਪ੍ਰਚਲਤ ਰੀਤਾਂ ਦੇ ਢੋਲ ਦੇ ਪੋਲ ਨੂੰ ਖੋਲ੍ਹਦੇ ਹੋਏ ਕਿਹਾ ਹੈ ਕਿ ਮਨੁੱਖ ਦਾ ਲਹੂ ਚੂਸਣ ਵਾਲੇ ਮੁਸਲਮਾਨ ਸ਼ਾਸ਼ਕ ਨਿਮਾਜ਼ਾਂ ਪੜ੍ਹ ਵੀ ਲੈਣ ਤਾਂ ਕੀ ਲਾਭ ਹੈ? ਇਸੇ ਤਰ੍ਹਾਂ ਜੇ ਅੰਦਰੋਂ ਛੁਰੀਆਂ ਚਲਾਉਣ ਵਾਲੇ ਹਿੰਦੂ ਜੰਞੂ ਪਹਿਨ ਵੀ ਲੈਣ ਤਾਂ ਉਸ ਦਾ ਕੋਈ ਲਾਭ ਨਹੀਂ ਹੈ:

ਮਾਣਸ-ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਉਨ੍ਹਾਂ ਭਿ ਆਵਹਿ ਓਈ ਸਾਦ ॥

ਹੋਰ ਅਭਾਖਿਆ ਕਾ ਕੁੱਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨ ਜਾਣਾ ॥

ਗੁਰੂ ਨਾਨਕ ਨੇ ਵੇਖਿਆ ਕਿ ਉਸ ਵੇਲੇ ਦੇਸ਼ ਭਰ ਵਿਚ ਹਰ ਪਾਸੇ ਪਾਪ, ਅਧਰਮ ਤੇ ਜ਼ਬਰ ਦਾ ਬੋਲ ਬਾਲਾ ਸੀ। ਸ਼ਰਮ, ਧਰਮ ਅਲੋਪ ਹੋ ਚੁੱਕੇ ਸਨ। ਕਾਜ਼ੀ ਤੇ ਮੁਸਲਮਾਨ ਸ਼ਾਸ਼ਕ ਦੂਸਰੇ ਧਰਮਾਂ ਦੇ ਲੋਕਾਂ ਉਤੇ ਅੰਨ੍ਹੇ ਅਤਿਆਚਾਰ ਤੇ ਜ਼ਬਰ ਕਰ ਰਹੇ ਸਨ। ਦੇਸ਼ ਭਰ ਵਿਚ ਭਰਿਸ਼ਟਾਚਾਰ ਤੇ ਰਿਸ਼ਵਤ ਖੋਰੀ ਦੀ ਆਮ ਸਰਦਾਰੀ ਸੀ। ਇਕ ਪਾਸੇ ਅਮੀਰ ਲੋਕ, ਰਾਜੇ ਤੇ ਸ਼ਾਸ਼ਕ ਵਲਾਸਤਾ ਦੇ ਨਸ਼ੇ ਵਿਚ ਮਸਤ ਸਨ ਤੇ ਦੂਸਰੇ ਪਾਸੇ ਆਮ ਲੋਕਾਂ ਦੀ ਹਾਲਤ ਬਹੁਤ ਹੀ ਦਰਦਨਾਕ ਤੇ ਤਰਸਯੋਗ ਸੀ। ਇਥੋਂ ਤਕ ਕਿ ਸਾਧਾਰਨ ਆਦਮੀ ਨੂੰ ਤਾਂ ਦੋ ਵੇਲੇ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ ਸੀ। ਹਰ ਪਾਸੇ ਕੇਵਲ ਕੂੜ ਜਾਂ ਝੂਠ ਦਾ ਹੀ ਰਾਜ ਸੀ। ਦੇਸ਼ ਭਰ ਵਿਚ ਲੋਭ ਤੇ ਪਾਪ ਸਿਖ਼ਰ ਉਤੇ ਪੁੱਜੇ ਹੋਏ ਸਨ। ਗੁਰੂ ਨਾਨਕ ਨੇ ਇਕ ਸੱਚੇ ਦੇਸ਼ ਹਿਤੈਸ਼ੀ ਵਾਂਗ ਸਮਕਾਲੀਨ ਰਾਜਨੀਤਿਕ ਤੇ ਆਰਥਿਕ ਵਿਵਸਥਾ ਦਾ ਅਧਿਐਨ ਕੀਤਾ ਅਤੇ ਉਸ ਅਵਸਥਾ ਨੂੰ ਇਸ ਬਾਣੀ ਵਿਚ ਉਲੀਕ ਕੇ ਮਨੁੱਖ ਨੂੰ ਸਾਵਧਾਨ ਕੀਤਾ ਹੈ:

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੱਖ ਚੋਰੀਆਂ ਲੱਖ ਜਾਰੀਆਂ ਲਖ ਕੂੜੀਆ ਲਖ ਗਾਲਿ ॥
ਲੱਖ ਠੱਗੀਆਂ ਪਹਿਨਾਮਿਆ ਰਾਤਿ ਦਿਨਸੁ ਜੀਅ ਨਾਲਿ ॥

ਉਨ੍ਹੀ ਦਿਨੀ ਜਦ ਹਿੰਦੂਆਂ ਕੋਲੋਂ ਵਪਾਰ ਵਗੈਰਾ ਖ਼ੁਸ ਗਏ ਤਾਂ ਉਹ ਪੇਟ ਭਰਨ ਦੀ ਖਾਤਰ ਜਾਂ ਰੋਟੀਆਂ ਤੋਰਨ ਦੀ ਖ਼ਾਤਰ ਝੂਠੇ ਪਾਖੰਡਾਂ ਰਾਹੀਂ ਧਨ ਕਮਾ ਰਹੇ ਸਨ। ਗੁਰੂ ਚੇਲੇ ਦੇ ਸੰਬੰਧ ਉੱਕਾ ਹੀ ਮਖੌਲ ਬਣ ਕੇ ਰਹਿ ਗਏ ਸਨ। ਅਸਲ ਵਿਚ ਉਸ ਸਮੇਂ ਸਾਮੰਤਸ਼ਾਹੀ ਜਾਗੀਰਦਾਰੀ ਤੇ ਧਾਰਮਿਕ ਆਡੰਬਰ ਦਾ ਇਹ ਗੱਠ ਜੋੜ ਆਪਣੀ ਪੂਰੀ ਕਰੂਪਤਾ ਵਿਚ ਵਿਚਰ ਰਿਹਾ ਸੀ। ਗੁਰੂ ਨਾਨਕ ਨੇ ਅਜੇਹੇ ਪਾਖੰਡੀ ਲੋਕਾਂ ਤੇ ਜ਼ੋਰਦਾਰ ਹਮਲਾ ਕੀਤਾ ਹੈ :

ਵਾਇਨਿ ਚੇਲੇ ਨਚਨਿ ਗੁਰੁ ॥ ਪੈਰ ਹਲਾਇਨਿ ਫੇਰਨਿ੍ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆਂ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥

ਉਹ ਲੋਕ ਜਿਨ੍ਹਾਂ ਲਈ ਆਸਾਨੀ ਨਾਲ ਰੋਟੀ ਪ੍ਰਾਪਤ ਕਰਨੀ ਬਹੁਤ ਹੀ ਮੁਸ਼ਕਲ ਹੋ ਗਈ ਸੀ। ਉਹ ਦਿਨੋ ਦਿਨ ਤਰ੍ਹਾਂ ਤਰ੍ਹਾਂ ਦੇ ਕੁਕਰਮਾਂ ਵਿਚ ਫਸਦੇ ਜਾ ਰਹੇ ਸਨ। ਅਜਿਹੀ ਅਵਸਥਾ ਵੇਖ ਕੇ ਗੁਰੂ ਨਾਨਕ ਜਹੇ ਸੁਹਿਰਦ ਤੇ ਮਾਨਵਵਾਦੀ ਨੇਤਾ ਕਿਵੇਂ ਚੁੱਪ ਰਹਿ ਸਕਦੇ ਸਨ ? ਇਸ ਨਾਲ ਗੁਰੂ ਜੀ ਨੂੰ ਅਤਿਅੰਤ ਸਦਮਾ ਹੋਇਆ ਕਿ ਇਕ ਪਾਸੇ ਲੋਕ ਰੋਟੀ ਨੂੰ ਤਰਸ ਰਹੇ ਹਨ ਅਤੇ ਦੂਸਰੇ ਪਾਸੇ ਅਮੀਰ ਲੋਕ ਧਨ ਇਕੱਠਾ ਕਰਨ ਲਈ ਹਰ ਯੋਗ ਜਾਂ ਅਯੋਗ ਸਾਧਨ ਵਰਤ ਰਹੇ ਹਨ। ਲੋਭ, ਲਾਲਚ, ਪਾਪ, ਧੋਖੇਬਾਜ਼ੀ, ਛਲ-ਕਪਟ ਆਦਿ ਕੁਰੀਤੀਆਂ ਹਰ ਕੰਮ, ਵਪਾਰ ਜਾਂ ਪੇਸ਼ੇ ਵਿੱਚ ਪ੍ਰਧਾਨ ਹੋ ਚੁੱਕੀਆਂ ਸਨ। ਹਿੰਦੂ ਲੋਕਾਂ ਦੀ ਕਮਰ ਤਾਂ ਟੈਕਸਾਂ ਨੇ ਭੰਨ ਸੁੱਟੀ ਸੀ ਕਿਉਂਕਿ ਉਹਨਾਂ ਤੋਂ ਜਜ਼ੀਆ, ਗਊਆਂ ਤੇ ਬ੍ਰਾਹਮਣਾਂ ਉਤੇ ਲਗੇ ਕਰਾਂ ਤੋਂ ਉਪਰੰਤ ਤੀਰਥਾਂ ਉਤੇ ਜਾਣ ਲਈ ਵੀ ਟੈਕਸ ਲਿਆ ਜਾਂਦਾ ਸੀ। ਇਸ ਸਦਕਾ ਆਮ ਲੋਕਾਂ ਦੀ ਆਰਥਿਕ ਅਵਸਥਾ ਦਿਨੋ ਦਿਨ ਬਹੁਤ ਹੀ ਮੰਦੀ ਹੋ ਰਹੀ ਸੀ। ਉਹਨਾਂ ਨੂੰ ਰੋਟੀ ਲਈ ਸ਼ਾਸ਼ਕਾਂ ਜਾਂ ਅਮੀਰਾਂ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਖੁਸ਼ਾਮਦਾਂ ਕਰਨੀਆਂ ਪੈਂਦੀਆਂ ਸਨ। ਉਹਨਾਂ ਵਲੋਂ ਕਪਟ ਢੰਗਾਂ ਰਾਹੀਂ ਰੋਟੀ ਦਾ ਸਿਲਸਿਲਾ ਤੋਰਿਆ ਜਾ ਰਿਹਾ ਸੀ। ਅਸਲ ਗੱਲ ਇਹ ਹੈ ਕਿ ਅਜੇਹੇ ਕਪਟ ਸਾਧਨ ਵਧੇਰੇ ਹਿੰਦੂ ਜਨਤਾ ਨੂੰ ਹੀ ਵਰਤਨੇ ਪੈਂਦੇ ਸਨ। ਲੋਕਾਂ ਨੂੰ ਬ੍ਰਾਹਮਣਵਾਦ ਦੇ ਕਰਮ ਕਾਂਡਾਂ ਦੇ ਜਾਲ ਨੇ ਫਜ਼ੂਲ ਦੇ ਵਹਿਮਾਂ ਭਰਮਾਂ ਵਿਚ ਜਕੜਿਆ ਹੋਇਆ ਸੀ। ਦੂਜੇ ਪਾਸੇ ਨਾਥ ਜੋਗੀ ਪੇਟ ਤੋਰਨ ਦੀ ਖਾਤਰ ਲੋਕਾਂ ਵਿੱਚ ਵੱਖ ਵੱਖ ਭੇਸ ਧਾਰਦੇ ਤੇ ਉਹਨਾਂ ਨੂੰ ਕਰਾ-ਮਾਤਾਂ ਵਿਖਾ ਕੇ ਅੰਧਕਾਰੇ ਵਿਚ ਲੈ ਜਾ ਰਹੇ ਸਨ। ਗੁਰੂ ਨਾਨਕ ਜੀ ਸਪੱਸ਼ਟ ਕਰਦੇ ਹਨ ਕਿ ਉਸ ਸਮੇਂ ਕਿਤੇ ਵੀ ਸੱਚ ਦਾ ਨਾਂ ਥੇਹ ਨਹੀਂ ਸੀ ਅਤੇ ਹਰ ਪਾਸੇ ਕੂੜ ਹੀ ਕੂੜ ਪ੍ਰਧਾਨ ਹੋ ਚੁੱਕਾ ਸੀ। ਗੁਰੂ ਜੀ ਨੇ ਇਸ ਬਾਰੇ ਵੇਖੋ ਕਿੱਨੇ ਥੋੜੇ ਸ਼ਬਦਾਂ ਵਿਚ ਕਿੱਨਾ ਵੱਡਾ ਸੱਚ ਉਲੀਕਿਆ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ।
ਮਥੈ ਟਿਕਾ ਤੇੜਿ ਧੋਤਿ ਕਖਾਈ ॥ ਹਥਿ ਛੁਰੀ ਜਗਤ ਕਸਾਈ ॥

ਕਾਲਾ ਸਿੰਘ ਬੇਦੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਨੇ ਜਨਤਾ ਦੇ ਇਹਨਾਂ ਦੁਖਾਂ, ਕਸ਼ਟਾਂ, ਦਰਦਾਂ, ਚੀਸਾਂ, ਮਾਨਸਿਕ ਰੋਗਾਂ ਦਾ ਅਨੁਭਵ ਕੀਤਾ ਤੇ ਪ੍ਰਤੀ ਕਰਮ ਵਜੋਂ ਉਹਨਾਂ ਨੇ ਲੋਕਾਂ ਦੇ ਇਹਨਾਂ ਦੁਖਾਂ ਤੇ ਹਾਲਤਾਂ ਦਾ ਵਰਣਨ ਆਪਣੀ ਬਾਣੀ ਵਿਚ ਕੀਤਾ ਖਾਸ ਕਰਕੇ ਆਸਾ ਦੀ ਵਾਰ ਵਿਚ ਉਸ ਵੇਲੇ ਦੀਆਂ ਭਾਰਤ-ਪ੍ਰਸਥਿਤੀਆਂ ਉੱਪਰ ਰੱਜ ਕੇ ਟਿੱਪਣੀ ਕੀਤੀ[2] । ਅਸਲ ਗੱਲ ਇਹ ਹੈ ਕਿ ਉਸ ਸਮੇਂ ਉਚ ਜਾਤੀਏ, ਨੀਵੀਆਂ ਜਾਤਾਂ ਨੂੰ ਘ੍ਰਿਣਾ ਦੀ ਨਜ਼ਰ ਨਾਲ ਦੇਖਦੇ ਸਨ ਜਿਸ ਕਰਕੇ ਇਨਸਾਨੀ ਰਿਸ਼ਤੇ ਮਜ਼ਬੂਤ ਹੋਣ ਦੀ ਥਾਂ ਟੁੱਟ ਰਹੇ ਸਨ । ਗੁਰੂ ਅੰਗਦ ਦੇਵ ਨੇ ਇਕ ਸਲੋਕ ਰਾਹੀਂ ਇਸ ਸਮਾਜਕ ਕਮਜ਼ੋਰੀ ਬਾਰੇ ਆਸਾ ਦੀ ਵਾਰ ਵਿਚ ਸੁਚੱਜੀ ਟਿੱਪਣੀ ਇੰਜ ਪੇਸ਼ ਕੀਤੀ ਹੈ :

ਜੋਗ ਸਬਦੰ ਗਿਆਨ ਸਬਦੰ, ਬੇਦ ਸਬਦੰ ਬ੍ਰਾਹਮਣਹ ।:
ਖਤ੍ਰੀ ਸਬਦੰ ਸੂਰ ਸਬਦੰ, ਸੂਦ੍ਰ ਸਬਦੰ ਪਰਾਕ੍ਰਿਤਹ ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥

'ਆਸਾ ਦੀ ਵਾਰ' ਉਤੇ ਵਿਚਾਰ ਕਰਦੇ ਹੋਏ ਤਾਰਨ ਸਿੰਘ ਲਿਖਦੇ ਹਨ ਇਸ ਰਚਨਾ ਵਿਚ ਦਾਰਸ਼ਨਿਕ ਤੇ ਧਾਰਮਿਕ ਵਿਚਾਰ ਤੇ ਉਹ ਹੀ ਹਨ ਜੋ ਗੁਰੂ ਸਾਹਿਬ ਦੀਆਂ ਹੋਰ ਰਚਨਾਵਾਂ ਵਿਚ ਦਿਤੇ ਹੋਏ ਹਨ । ਪਰ ਰਸਮਾਂ ਤੇ ਕਰਮ ਕਾਂਡਾਂ ਬਾਰੇ, ਰਾਜਸੀ ਤੇ ਸਭਿਆਚਾਰਕ ਅਧੋਗਤੀ ਬਾਰੇ, ਜਿੰਨੀ ਦ੍ਰਿੜ੍ਹਤਾ ਨਾਲ ਦ੍ਰਿਸ਼ਟੀਕੋਣ ਇਸ ਰਚਨਾ ਵਿਚ ਦਿੱਤੇ ਹਨ, ਸਮੁੱਚੇ ਤੌਰ ਤੇ ਇਸ ਤਰ੍ਹਾਂ ਹੋਰ ਕਿਸੇ ਰਚਨਾ ਵਿਚ ਨਹੀਂ ਦਿੱਤੇ ਗਏ[3] । ਇਸ ਤਰ੍ਹਾਂ ਗੁਰੂ ਨਾਨਕ ਦੀ ਆਸਾ ਦੀ ਵਾਰ ਵਿਚ ਉਸ ਸਮੇਂ ਦੀ ਸਮਾਜਕ, ਧਾਰਮਿਕ ਤੇ ਅਧਿਆਤਮਿਕ ਅਵਸਥਾ ਦੇ ਚਿਤ੍ਰਣ ਤੋਂ ਬਿਨਾਂ ਸਮਕਾਲੀਨ ਸਭਿਆਚਾਰਕ, ਰਾਜਨੀਤਿਕ ਤੇ ਆਰਥਿਕ ਅਵਸਥਾ ਦਾ ਸੁਵਿਸਥਾਰ ਅਧਿਐਨ ਪੇਸ਼ ਕੀਤਾ ਗਿਆ ਹੈ ।

ਹਵਾਲੇ ਅਤੇ ਟਿੱਪਣੀਆਂ

1. ਕਾਲਾ ਸਿੰਘ ਬੇਦੀ, ਵਾਰਕਾਰ ਗੁਰੂ ਨਾਨਕ, ਪੰਨਾ 82.
2. ਉਹੀ, ਪੰਨਾ 83.
3. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 117.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ : ਸਦਾਚਾਰਕ ਜੀਵਨ ਦੀ ਮਹੱਤਾ

ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿਚ ਸਮਕਾਲੀ ਯੁੱਗ ਚਿਤ੍ਰਣ ਦੇ ਨਾਲ ਨਾਲ ਇਕ ਸਰਬ ਸਾਂਝਾ ਸਮਾਜ ਉਸਾਰਨ ਦੀ ਪ੍ਰੇਰਨਾ ਅਤੇ ਸਦਾਚਾਰਕ ਜੀਵਨ ਧਾਰਨ ਕਰਨ ਦੀ ਅਗਵਾਈ ਕੀਤੀ ਹੈ। ਉਹ ਮਨੁੱਖ ਨੂੰ ਸਦਾਚਾਰਕ ਤੌਰ ਤੇ ਉੱਚਾ ਚੁੱਕ ਕੇ ਇਕ ਸੰਪੂਰਨ ਸ਼ਖਸ਼ੀਅਤ ਉਸਾਰਨ ਉਤੇ ਬਲ ਦਿੰਦੇ ਹਨ। ਗੁਰੂ ਜੀ ਨੇ ਇਨਸਾਨ ਨੂੰ ਇਸ ਸੰਸਾਰ ਵਿਚਲੀਆਂ ਝੂਠੀਆਂ ਕੀਮਤਾਂ ਤੋਂ ਨਿਰਲੇਪ ਰਹਿਣ ਤੇ ਚੰਗੇ ਗੁਣ ਗ੍ਰਹਿਣ ਕਰਨ ਲਈ ਕਿਹਾ ਹੈ। ਝੂਠੀਆਂ ਵਡਿਆਈਆਂ, ਝੂਠਾ ਇੱਜ਼ਤ ਮਾਣ, ਕਾਮ, ਕ੍ਰੋਧ ਲੋਭ, ਮੋਹ, ਹੰਕਾਰ ਅਥਵਾ ਹਉਮੈ ਦਾ ਤਿਆਗ ਕਰਕੇ ਨੈਤਿਕ ਗੁਣਾ : ਹਲੀਮੀ, ਨਿੰਮ੍ਰਤਾ, ਸੇਵਾ, ਸੰਤੋਖ, ਪਿਆਰ, ਦਇਆ ਤੇ ਸੱਚ ਦਾ ਪੱਲਾ ਫੜਨ ਦੀ ਸਿਖਿਆ ਦਿੱਤੀ ਹੈ। ਮਨੁੱਖ ਇਸ ਸੰਸਾਰ ਵਿਚ ਰਹਿ ਕੇ ਅਨੇਕਾਂ ਅਡੰਬਰ ਰਚਦਾ ਹੈ, ਪਰ ਅੰਤ ਉਸ ਨਾਲ ਕੁਝ ਵੀ ਨਹੀਂ ਜਾਂਦਾ। ਸਿਧੇ ਅਸਿਧੇ ਢੰਗ ਨਾਲ ਕਮਾਇਆ ਧਨ ਤੇ ਝੂਠੀਆਂ ਮਾਨ-ਮਰਿਯਾਦਾਵਾਂ ਸਭ ਇਥੇ ਹੀ ਰਹਿ ਜਾਂਦੀਆਂ ਹਨ। ਗੁਰੂ ਜੀ ਨੇ ਰੱਬੀ ਨਿਆਂ ਦੇ ਸਿਧਾਂਤ ਉਤੇ ਪੂਰੀ ਰੌਸ਼ਨੀ ਪਾਈ ਹੈ। ਆਪ ਨੇ ਮਨੁੱਖ ਨੂੰ ਸੁਚੇਤ ਕੀਤਾ ਹੈ ਕਿ ਰੱਬ ਦੀ ਦਰਗਾਹ ਵਿਚ ਚੰਗੇ ਕਰਮ ਕਰਨ ਵਾਲਿਆਂ ਨੂੰ ਸਤਿਕਾਰ ਤੇ ਮੰਦੇ ਕਰਮ ਕਰਨ ਵਾਲੇ ਨੂੰ ਸਜ਼ਾ ਅਵੱਸ਼ ਮਿਲਣੀ ਹੈ :

ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨਾ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥
ਮਨਿ ਅੰਧੈ ਜਨਮੁ ਗਵਾਇਆ ॥

ਇਹ ਸੰਸਾਰ ਨਾਸ਼ਮਾਨ ਹੋਣ ਕਰਕੇ ਇਸ ਨੂੰ ਕੂੜਾ ਕਿਹਾ ਗਿਆ ਹੈ। ਇਸ ਨਾਲ ਮੋਹ ਪਾਉਣਾ ਅਗਿਆਨਤਾ ਹੈ। ਮਨੁੱਖ ਨੂੰ ਸੰਸਾਰਿਕ ਮਾਇਆਜਾਲ ਆਪਣੇ ਕਲਾਵੇ ਵਿਚ ਜਕੜੀ ਬੈਠਾ ਹੈ। ਪ੍ਰਭੂ ਨੂੰ ਵਿਸਾਰ ਕੇ ਇਸ ਮਾਇਆਜਾਲ ਵਿਚ ਫਸਣਾ ਠੀਕ ਨਹੀਂ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥

ਮਨੁੱਖੀ ਸਰੀਰ ਵੀ ਨਾਸ਼ਮਾਨ ਹੈ। ਹਰ ਰੋਜ਼ ਅਨੇਕਾਂ ਮਨੁੱਖ ਮਰਦੇ ਹਨ ਪਰ ਮਨੁੱਖ ਇਸ ਤੋਂ ਸਬਕ ਨਹੀਂ ਸਿਖਦਾ। ਉਹ ਦੋ ਘੜੀ ਰੋ ਧੋ ਕੇ ਫਿਰ ਸੰਸਾਰੀ ਮਾਇਆ-ਜਾਲ ਵਿਚ ਗੁਲਤਾਨ ਹੋ ਜਾਂਦਾ ਹੈ। ਮਨੁੱਖ ਨੂੰ ਮੰਦੇ ਕਰਮ ਤਿਆਗ ਕੇ ਚੰਗੇ ਕੰਮ ਕਰਨੇ ਚਾਹੀਦੇ ਹਨ :

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥

ਮਨੁੱਖ ਜੇਹੋ ਜੇਹੇ ਕਰਮ ਕਰਦਾ ਹੈ, ਉਸ ਦੇ ਆਧਾਰ ਤੇ ਹੀ ਉਹ ਪਛਾਣਿਆ ਜਾਂਦਾ ਹੈ। ਉਹ ਮਨੁੱਖ ਜੋ ਗੁਰ-ਸਿਖਿਆ ਉਪਰ ਤੁਰਦੇ, ਨਾਮ ਜਪਦੇ ਤੇ ਮਾਇਆ ਦਾ ਡਟ ਕੇ ਵਿਰੋਧ ਕਰਦੇ ਹਨ, ਉਹ ਗੁਰਮੁਖ ਹਨ ਅਤੇ ਗੁਰੂ ਦਾ ਸਰੂਪ ਬਣ ਜਾਂਦੇ ਹਨ। ਅਤੇ ਮਾਇਆ ਵਿਚ ਫਸੇ ਮਨੁੱਖ ਮਨਮੁਖ ਹਨ, ਜੋ ਸਦਾ ਆਵਾਗਵਨ ਦੇ ਚੱਕਰ ਵਿਚ ਫਸੇ ਰਹਿੰਦੇ ਹਨ।

ਗੁਰੂ ਨਾਨਕ ਸਾਹਿਬ ਦਾ ਮੱਤ ਹੈ ਕਿ ਮਨੁੱਖ ਨੂੰ ਅਜੇਹਾ ਕੋਈ ਕੰਮ ਨਹੀਂ ਕਰਨਾ ਚਾਹੀਦਾ ਜਿਸ ਦੇ ਸਿੱਟੇ ਵਜੋਂ ਉਸ ਨੂੰ ਪ੍ਰਭੂ ਦੀ ਦਰਗਾਹ ਵਿਚ ਸ਼ਰਮਿੰਦਾ ਹੋਣਾ ਪਏ :

ਜਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥
ਐਸੀ ਕਲਾ ਨਾ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥

ਹਉਮੈ ਸਭ ਤੋਂ ਬੁਰੀ ਚੀਜ਼ ਹੈ। ਸਾਰਾ ਸੰਸਾਰ ਹਉਮੈ (ਅਹੰਕਾਰ) ਵਿਚ ਫਸਿਆ ਹੋਇਆ ਹੈ। ਹਉਮੈ ਗ੍ਰਸਤ ਮਨੁੱਖ ਅਨੇਕ ਤਰ੍ਹਾਂ ਦੇ ਬੁਰੇ ਕਰਮ ਕਰਦਾ ਹੈ। ਹਉਮੈ ਉਸ ਨੂੰ ਜਨਮ ਮਰਨ ਦੇ ਗੇੜ ਵਿਚ ਪਾਈ ਰੱਖਦੀ ਹੈ। ਹੰਕਾਰੀ ਜੀਵ ਆਪਣੇ ਅਸਲੀ ਜੀਵਨ ਆਦਰਸ਼ ਨੂੰ ਭੁੱਲ ਕੇ ਹਰ ਕਿਸੇ ਨੂੰ ਬੁਰਾ ਭਲਾ ਬੋਲਦਾ ਤੇ ਮੰਦੇ ਕਰਮ ਕਰਦਾ ਹੈ। ਮਨੁੱਖ ਦਾ ਧਰਮ ਹੈ ਕਿ ਉਹ ਸ਼ੁਭ ਗੁਣ ਪ੍ਰਾਪਤ ਕਰੇ, ਹਉਮੈ ਜੋ ਦੀਰਘ ਰੋਗ ਹੈ ਉਸ ਨੂੰ ਛੱਡ ਕੇ ਨਿਮ੍ਰਤਾ ਧਾਰਨ ਕਰੇ। ਗੁਰੂ ਨਾਨਕ ਸਾਹਿਬ ਦਾ ਮੱਤ ਹੈ ਕਿ ਇਹ ਸੰਸਾਰ ਝੂਠਾ ਹੈ। ਇਸ ਲਈ ਇਸ ਝੂਠੇ ਸੰਸਾਰ ਦੀਆਂ ਪਦਾਰਥਕ ਵਸਤਾਂ ਤੇ ਸੰਸਾਰਕ ਸੁਖਾਂ ਨਾਲ ਮੋਹ ਪਾਉਣਾ ਵਿਅਰਥ ਹੈ ਅਤੇ ਨਾ ਹੀ ਇਨ੍ਹਾਂ ਦਾ ਹੰਕਾਰ ਕਰਨਾ ਚਾਹੀਦਾ ਹੈ। ਮਨੁੱਖ ਨੂੰ ਦੂਜਿਆਂ ਨਾਲ ਚੰਗਾ ਵਿਵਹਾਰ ਕਰਨ ਦਾ ਗੁਣ ਗ੍ਰਹਿਣ ਕਰਨ ਦੀ ਲੋੜ ਹੈ। ਕਿਸੇ ਨੂੰ ਬੁਰਾ ਭਲਾ ਕਹਿਣਾ ਤੇ ਮੂਰਖਾਂ ਨਾਲ ਝਗੜਾ ਖੜਾ ਕਰਨਾ ਗਿਆਨੀ ਜਾਂ ਅਕਲਮੰਦ ਮਨੁੱਖਾਂ ਦਾ ਕੰਮ ਨਹੀਂ :

ਜਾ ਰਹਣਾ ਨਹੀ ਐਤੁ ਜਗਿ ਤਾ ਕਾਇਤ ਗਾਰਬਿ ਹੰਢੀਐ ॥
ਮੰਦਾ ਕਿਸੈ ਨਾ ਆਖੀਐ ਪੜਿ ਅਖਰੁ ਏਹੁ ਬੁਝੀਐ ॥
ਮੂਰਖੈ ਨਾਲਿ ਨਾ ਲੁਝੀਐ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਾਰ ਦੀ ਸਾਰੀ ਕਿਰਿਆ ਮਨੁੱਖ ਦੀ ਹਉਮੈ ਨਾਲ ਜੁੜੀ ਹੋਈ ਹੈ। ਮਨੁੱਖ ਲਈ ਵੱਡੀ ਲੋੜ ਹਉਮੈ ਨੂੰ ਬੁਝਣ ਦੀ ਹੈ ਤਾਂ ਕਿ ਉਹ ਪ੍ਰਭੂ ਦੇ ਦਰਸ਼ਨ ਕਰ ਸਕੇ। ਹਉਮੈ ਦੀ ਨਵਿਰਤੀ ਦੇ ਸਾਧਨ ਭਗਤੀ, ਨਿਮ੍ਰਤਾ ਤੇ ਸਦਾਚਾਰ ਹਨ। ਗੁਰੂ ਜੀ ਦਾ ਵਿਚਾਰ ਹੈ ਕਿ ਮਨੁੱਖ ਦੀ ਆਤਮਾ ਵਿਚ ਹੀ ਸਭ ਕੁਝ ਹੈ। ਰੋਗ ਵੀ ਅੰਦਰ ਹੈ ਤੇ ਦਾਰੂ ਵੀ। ਮਾਇਆ ਦਾ ਪ੍ਰਭਾਵ ਮਨੁੱਖ ਅੰਦਰ ਰੋਗ ਪੈਦਾ ਕਰਦਾ ਹੈ ਅਤੇ ਅੰਦਰੋਂ ਹੀ ਨਾਮ ਰੂਪ ਦਾਰੂ ਪੈਦਾ ਹੋ ਜਾਂਦਾ ਹੈ ਅਰਥਾਤ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੋਇਆ ਗੁਰੂ ਦਾ ਸ਼ਬਦ ਹੀ ਹਉਮੈ ਦਾ 'ਦੀਰਘ ਰੋਗ' ਕੱਟ ਸਕਦਾ ਹੈ :

ਹਉਮੈ ਦੀਰਘੁ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾਂ ਗੁਰ ਕਾ ਸ਼ਬਦ ਕਮਾਹਿ ॥

ਗੁਰੂ ਸਾਹਿਬ ਦੇ ਸਮੇਂ ਪੰਡਿਤਾਂ ਨੇ ਆਪਣੇ ਵਿਦਵਾਨ ਹੋਣ ਦਾ ਝੂਠਾ ਪ੍ਰਭਾਵ ਪੈਦਾ ਕੀਤਾ ਹੋਇਆ ਸੀ। ਬਹੁਤਾ ਪੜ੍ਹਨ ਨਾਲ ਗਿਆਨ ਨਹੀਂ ਹੁੰਦਾ, ਲੋੜ ਅਮਲ ਦੀ ਹੈ। ਗੁਰੂ ਜੀ ਵਿਦਵਾਨ ਜਾਂ ਗਿਆਨੀ ਹੋਣ ਦੀ ਥਾਂ ਚੰਗਾ ਮਨੁੱਖ ਬਣਨ ਉਤੇ ਜੋਰ ਦਿੰਦੇ ਹਨ। ਅਸਲ ਵਿਦਿਆ ਤੇ ਗਿਆਨ ਰੱਬ ਨਾਲ ਜੁੜਨ ਅਤੇ ਸਦਾਚਾਰੀ ਹੋਣ ਵਿਚ ਹੈ। ਅਜੇਹੀ ਵਿਦਿਆ ਦਾ ਕੋਈ ਲਾਭ ਨਹੀਂ ਜਿਸ ਦੇ ਹੁੰਦਿਆਂ ਮਨੁੱਖ ਮੂਰਖ, ਪਾਪੀ ਜਾਂ ਨੀਚਾਂ ਵਾਲੇ ਲੱਛਣ ਧਾਰਨ ਕਰੇ :

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥...
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

ਅਸਲ ਵਿਦਵਾਨ ਜਾਂ ਗਿਆਨੀ ਉਹ ਹੈ ਜੋ ਮੂੰਹ ਜ਼ੋਰ ਹੋ ਕੇ ਨਹੀਂ, ਸਗੋਂ ਰੱਬੀ ਹੁਕਮ ਅਧੀਨ ਤੁਰਦਾ ਹੈ ਅਤੇ ਰੱਬੀ ਹੁਕਮ ਮੰਨਦਾ ਹੈ :

ਤੂੰ ਕਰਤਾ ਕਰਣਾ ਮੈ ਨਾਹੀ
ਜਾ ਹਉ ਕਰੀ ਨ ਹੋਈ ॥

ਰੁਖਾ, ਕੌੜਾ ਜਾਂ ਫਿੱਕਾ ਬੋਲ ਮਨੁੱਖ ਦਾ ਤਨ ਮਨ ਫਿੱਕਾ ਕਰ ਦਿੰਦਾ ਹੈ ਅਤੇ ਉਸ ਅਨੁਸਾਰ ਹੀ ਇਨਸਾਨ ਦੀ ਸ਼ੁਹਰਤ ਬਣਦੀ ਹੈ। ਦਰਗਾਹ ਵਿਚੋਂ ਵੀ ਅਜੇਹੇ ਮਨੁੱਖ ਨੂੰ ਧੱਕੇ ਮਿਲਦੇ ਤੇ ਫਿਟਕਾਰਾਂ ਪੈਂਦੀਆਂ ਹਨ ਅਤੇ ਉਹ ਸਜ਼ਾ ਦਾ ਭਾਗੀ ਬਣਦਾ ਹੈ :

ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥

ਨਿਮ੍ਰਤਾ ਤੇ ਮਿੱਠੀ ਜ਼ਬਾਨ ਸਭ ਗੁਣਾ ਦਾ ਨਿਚੋੜ ਹੈ। ਪਰ ਨਿਮ੍ਰਤਾ ਵਿਖਾਵੇ ਦੀ ਨਾ ਹੋਵੇ ਜਿਵੇਂ ਹਿਰਨ ਨੂੰ ਮਾਰਨ ਵਾਲਾ ਸ਼ਿਕਾਰੀ ਝੁਕ ਕੇ ਧਰਤੀ ਤੇ ਲੱਗ ਜਾਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਇਸ ਲਈ ਗੁਰੂ ਜੀ ਨੇ ਮਿੱਠਾ ਬੋਲਣ ਅਤੇ ਨੀਵਾਂ ਹੋ ਕੇ ਚੱਲਣ ਉਤੇ ਬਲ ਦਿੱਤਾ ਹੈ। ਉਨ੍ਹਾਂ ਨੇ ਹੰਕਾਰ ਦਾ ਤਿਆਗ ਕਰਨ ਤੇ ਮਨ ਦੀ ਗਰੀਬੀ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ। ਨਾਮ, ਗਰੀਬੀ, ਤੇ ਸਾਧ ਸੰਗਤ ਸਿੱਖੀ ਦੇ ਤਿੰਨ ਵੱਡੇ ਥੰਮ ਹਨ। ਇਕ ਸੱਚੇ ਸੁੱਚੇ ਸਿਖ ਲਈ ਇਨ੍ਹਾਂ ਸਿਧਾਂਤਾਂ ਉਤੇ ਪਹਿਰਾ ਦੇਣਾ ਚਾਹੀਦਾ ਹੈ। ਸਿੰਮਲ ਰੁਖ ਦੇ ਪ੍ਰਤੀਕ ਰਾਹੀਂ ਆਪ ਨੇ ਹੰਕਾਰੀ ਮਨੁੱਖ ਦੇ ਲੱਛਣ ਦੱਸ ਕੇ ਮਿੱਠਤ ਨੂੰ ਸਭ ਗੁਣਾ ਦਾ ਤੱਤ ਦਸਿਆ ਹੈ :

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਓਇਜਿ ਆਵਹਿ ਆਸ ਕਰਿ ਜਾਹਿ ਨਿਰਾਸੈ ਕਿਤੁ ॥
ਫਲ ਫਿਕੇ ਫੁਲ ਬਕਬਕੇ ਕੰਮਿ ਨਾ ਆਵਹਿ ਪਤ ॥
ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ ॥

ਗੁਰੂ ਨਾਨਕ ਸਾਹਿਬ ਦਾ ਮੱਤ ਹੈ ਕਿ ਮਨੁੱਖ ਨੂੰ ਸਭ ਜੀਵਾਂ ਉਤੇ ਦਇਆ ਕਰਨੀ ਚਾਹੀਦੀ ਹੈ ਅਤੇ ਆਪਣੀ ਸੱਚੀ ਸੁੱਚੀ ਕਿਰਤ ਵਿਚੋਂ ਪੁੰਨ ਦਾਨ ਕਰਨ ਦੀ ਵੀ ਲੋੜ ਹੈ :

ਦਇਆ ਜਾਣੈ ਜੀਅ ਦੀ
ਕਿਛ ਪੁੰਨੁ ਦਾਨੁ ਕਰੇਇ ॥

ਜ਼ਿੰਦਗੀ ਵਿਚ ਸੰਤੋਖ ਦਾ ਬੜਾ ਉੱਚਾ ਸਥਾਨ ਹੈ। ਸੰਤੋਖ ਮੰਦੇ ਕੰਮਾਂ ਤੋਂ ਬਚਾ-ਉਂਦਾ ਹੈ। ਸੰਤੋਖੀ ਮਨੁੱਖ ਮਾਇਆ ਦੇ ਜਾਲ ਵਿਚ ਫਸਣੋ ਬਚ ਜਾਂਦਾ ਹੈ। ਸੰਤੋਖ ਕੀਤਿਆਂ ਸਾਰੇ ਦੁਖ ਦੂਰ ਹੋ ਜਾਂਦੇ ਹਨ ਅਤੇ ਪ੍ਰਭੂ ਪ੍ਰਾਪਤੀ ਛੇਤੀ ਸੰਭਵ ਹੋ ਜਾਂਦੀ ਹੈ :

ਸੇਵ ਕੀਤੀ ਸੰਤੋਖੀਈ
ਜਿਨੀ ਸਚੋ ਸਚੁ ਧਿਆਇਆ ॥

ਇਸ ਤਰ੍ਹਾਂ ਗੁਰੂ ਜੀ ਮਨੁੱਖ ਦੀ ਉੱਨਤੀ ਲਈ ਉਸ ਨੂੰ ਆਪਣੇ ਅੰਦਰ ਸਦਾਚਾਰੀ ਗੁਣ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੰਦੇ ਹਨ। ਤਤਕਾਲੀਨ ਯੁੱਗ ਵਾਂਗ ਅਜੋਕਾ ਮਨੁੱਖ ਵੀ ਉਚੇਰੇ ਨੈਤਿਕ ਗੁਣਾਂ ਤੋਂ ਡਿੱਗਦਾ ਜਾ ਰਿਹਾ ਹੈ। ਉਸ ਲਈ ਗੁਰੂ ਜੀ ਦੇ ਦਸੇ ਸਿਧਾਂਤਾਂ ਉਤੇ ਅਮਲ ਕਰਨ ਦੀ ਲੋੜ ਹੈ। ਇਕ ਸੱਚੇ ਸੁੱਚੇ ਆਚਰਣ ਵਾਲਾ ਵਿਅਕਤੀ ਹੀ ਪ੍ਰਭੂ ਨੂੰ ਪਾ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ ਦੀ ਕਾਵਿ ਸ਼ੈਲੀ

ਗੁਰੂ ਨਾਨਕ ਸਾਹਿਬ ਇਕ ਮਹਾਨ ਧਾਰਮਿਕ ਆਗੂ ਤੇ ਅਨੁਭਵੀ ਮਹਾਂ ਪੁਰਖ ਹੋਣ ਦੇ ਨਾਲ ਨਾਲ ਇਕ ਉੱਚ ਕੋਟੀ ਦੇ ਕਲਾਕਾਰ ਵੀ ਸਨ। ਉਨ੍ਹਾਂ ਦੀ ਰਚਨਾ ਵਿਚ ਜਿਥੇ ਵਿਸ਼ੇ-ਵਸਤੂ ਦੀ ਨਵੀਨਤਾ ਤੇ ਮੌਲਿਕਤਾ ਹੈ, ਉਥੇ ਕਲਾ ਪੱਖੋਂ ਵੀ ਉੱਚੀ ਪੱਧਰ ਕਾਇਮ ਹੈ। ਉਨ੍ਹਾਂ ਨੇ ਇਕ ਨਿਪੁੰਨ ਕਲਾਕਾਰ ਵਾਂਗ ਸਮਾਜ ਵਿਚ ਵਿਚਰਦੇ ਹੋਏ ਜੀਵਨ ਦੇ ਸੱਚ ਨੂੰ ਘੋਖਿਆ, ਵਾਚਿਆ ਅਤੇ ਆਪਣੀ ਕਾਵਿ ਰਚਨਾ ਵਿਚ ਪੇਸ਼ ਕੀਤਾ ਹੈ। 'ਆਸਾ ਦੀ ਵਾਰ' ਵਿਚੋਂ ਵਿਸ਼ੇਸ਼ ਰੂਪ ਵਿਚ ਉਨ੍ਹਾਂ ਦੀ ਉਚੀ ਕਾਵਿ-ਪ੍ਰਤਿਭਾ ਦਾ ਪ੍ਰਕਾਸ਼ ਹੁੰਦਾ ਹੈ। ਇੰਜ ਇਹ ਰਚਨਾ ਜਿਥੇ ਵਿਚਾਰ ਪੱਖੋਂ ਸ੍ਰੇਸ਼ਟ ਕ੍ਰਿਤ ਹੈ ਉਥੇ ਕਾਵਿ ਗੁਣਾਂ ਨਾਲ ਵੀ ਭਰਪੂਰ ਹੈ।

ਨਾਮਕਰਣ

ਡਾ. ਗੰਡਾ ਸਿੰਘ ਅਨੁਸਾਰ "ਵਾਰ ਸ਼ਬਦ ਦਾ ਮੁਢ ਵ੍ਰਿ (ਸੰਸਕ੍ਰਿਤ ਵ੍ਰਿ) ਧਾਤੂ ਤੋਂ ਹੈ, ਜਿਸ ਤੋਂ ਕਿ ਵਾਰੀ ਜਾਂ ਵੈਰੀ (ਬਹਾਦਰ, ਦੁਸ਼ਮਨ) ਅਰਥਾਤ ਵਾਰ ਕਰਨ ਵਾਲਾ ਜਾਂ ਵਾਰ ਰੋਕਣ ਵਾਲਾ ਵਾਹਰ (ਕਿਸੇ ਦੂਸਰੇ ਉਤੇ ਹੱਲਾ ਕਰਨ ਲਈ ਜਾਂ ਪਰਾਏ ਹੱਲੇ ਨੂੰ ਰੋਕਣ ਲਈ ਜਮਾਂ ਹੋਏ ਮਨੁੱਖਾਂ ਦਾ ਇਕੱਠ) ਅਤੇ ਵਾਹਰੀ ਜਾਂ ਵਾਹਰੂ ਸ਼ਬਦ ਬਣੇ ਹਨ।" ਅਗੇ ਚਲ ਕੇ ਡਾਕਟਰ ਸਾਹਿਬ ਪੰਜਾਬੀ ਵਿਚ ਵਰਤੇ ਜਾਂਦੇ ਇਸ ਸ਼ਬਦ ਦੇ ਭਿੰਨ ਭਿੰਨ ਅਰਥਾਂ ਦੀ ਸੂਚੀ ਇੰਜ ਲਿਖਦੇ ਹਨ, "ਪੰਜਾਬੀ ਬੋਲੀ ਵਿਚ 'ਵਾਰ' ਸ਼ਬਦ ਅਨੇਕਾਂ ਅਰਥਾਂ ਵਿਚ ਆਇਆ ਹੈ, ਜਿਵੇਂ ਕਿ ਵੈਰ ਕੱਢਣਾ, ਹੱਲਾ ਕਰਨਾ, ਸੱਟ ਮਾਰਨਾ (ਵਾਰ ਕਰਨਾ), ਜੁਧ-ਜੰਗ (War) ਵਿਚ ਘੇਰਾ ਜਾਂ ਵਲਗਣ ਬਣਾਉਣਾ, ਰੋਕ ਪਾਉਣਾ, ਵਾੜ ਦੇਣਾ (ਵਾਰ ਮਾਰਨਾ), ਬਦਲਾ ਲੈਣਾ (ਵਾਰੀ ਲਹੁਣਾ), ਦਰਵਾਜ਼ਾ ਭੇੜਨਾ (ਵਾਰ ਜਾਂ ਬਾਰ ਬੰਦ ਕਰਨਾ), ਕੁਰਬਾਨ ਜਾਂ ਨਿਛਾਵਰ ਕਰਨਾ (ਵਾਰਨਾ), ਬਾਰ, ਬਾਰੀ (ਕਈ ਤੇ ਕਿਤਨੀ ਵਾਰੀ) ਦਿਨ (ਸੋਮਵਾਰ, ਮੰਗਲਵਾਰ) ਆਦਿ[1]।

ਪਿਆਰਾ ਸਿੰਘ ਪਦਮ ਦੇ ਵਿਚਾਰ ਅਨੁਸਾਰ "ਵਾਰ ਸ਼ਬਦ ਦਾ ਮੂਲ ਵਾਰਤਾ' ਪਦ ਹੈ। ਪਿਛਲੇ ਜ਼ਮਾਨੇ ਵਿਚ ਜੰਗਾਂ ਜੁਧਾਂ ਦੀ ਕਥਾ ਕਹਾਣੀ ਵੀ ਕਵੀਆਂ ਦਾ ਮਨਭਾਉਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ਾ ਸੀ ਚੂੰਕਿ ਹੋਰ ਕੋਈ ਆਖੀ ਜਾਣ ਵਾਲੀ ਵਾਰਤਾ ਸਾਹਮਣੇ ਨਹੀਂ ਸੀ...ਇਸ ਲਈ ਢਾਡੀਆਂ ਤੇ ਭੱਟਾਂ ਨੇ ਬਹਾਦਰਾਂ ਦੇ ਵਾਰਤਾ ਬਿਰਤਾਂਤਾਂ ਨੂੰ ਹੀ ਆਪਣੇ ਕਾਵਿ ਦਾ ਵਿਸ਼ਾ ਬਣਾਇਆ ਤੇ ਇਸ ਦਾ ਨਾਂ 'ਵਾਰਤਾ' ਪੈ ਗਿਆ।...ਇਸ ਤਰ੍ਹਾਂ ਵਾਰ ਸ਼ਬਦ ਇਸ ਵਾਰਤਾ ਪਦ ਤੋਂ ਸੰਖੇਪ ਹੋਇਆ ਜਾਪਦਾ ਹੈ। ਇਹ ਮਤ ਸਭ ਤੋਂ ਜ਼ਿਆਦਾ ਢੁਕਵਾਂ ਤੇ ਠੀਕ ਲਗਦਾ ਹੈ। ਅੱਜ ਭਾਵੇਂ ਵਾਰ ਸ਼ਬਦ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੋਵੇ ਪਰੰਤੂ ਪਹਿਲੇ ਪਹਿਲ ਇਸ ਦਾ ਸਾਹਿਤਕ ਪ੍ਰਯੋਗ ਵਾਰਤਾ ਤੋਂ ਹੀ ਤੁਰਿਆ ਹੋਵੇਗਾ[2] ਦੀਵਾਨ ਸਿੰਘ ਵੀ 'ਵਾਰ' ਸ਼ਬਦ ਨੂੰ ਵਾਰਤਾ ਵਿਚੋਂ ਨਿਕਲਿਆ ਮੰਨਦੇ ਹਨ[3]।

ਰਤਨ ਸਿੰਘ ਜੱਗੀ ਪਹਿਲੂਆਂ ਤੋਂ ਵੱਖਰੇ ਹੋ ਕੇ ਕਹਿੰਦੇ ਹਨ, ਵਾਰ ਸ਼ਬਦ ਦਾ ਅਰਥ ਹੈ, ਸਾਹਮਣਾ ਕਰਨਾ, ਪਿੱਛੇ ਧੱਕਣਾ, ਪਰੇ ਹਟਾਣਾ, ਰੋਕਣਾ। ਇਹ ਸੰਸਕ੍ਰਿਤ ਦੇ ਸ਼ਬਦ 'ਵਾਰਣਾ' ਦਾ ਪੰਜਾਬੀ ਤਦ ਭਾਵ ਰੂਪ ਹੈ[4] ਅੱਗੇ ਚੱਲ ਕੇ ਡਾ. ਜੱਗੀ ਵਾਰ ਦੀ ਪਰਿਭਾਸ਼ਾ ਇੰਜ ਉਲੀਕਦੇ ਹਨ, "ਸਮੁੱਚੇ ਤੌਰ ਤੇ ਵਾਰ ਦਾ ਅਰਥ ਇਹ ਹੀ ਕਢਿਆ ਜਾ ਸਕਦਾ ਹੈ ਕਿ ਉਹ ਵਾਰਤਾ, ਜੋ ਆਪਣੇ ਵਿਚ ਕਿਸੇ ਹੱਲੇ ਜਾਂ ਟੱਕਰ ਦਾ ਜ਼ਿਕਰ ਰੱਖਦੀ ਹੋਏ ਪਾਠਕਾਂ ਜਾਂ ਸਰੋਤਿਆਂ ਨੂੰ ਉਤਸ਼ਾਹਿਤ ਕਰੇ, ਪੰਜਾਬੀ ਕਾਵਿ-ਰੂਪ ਵਾਰ ਹੈ।

ਵਾਰ ਸੰਬੰਧੀ ਇਹ ਵੀ ਆਮ ਵਿਚਾਰ ਹੈ ਕਿ 'ਵਾਰ' ਸ਼ਬਦ ਸੰਸਕ੍ਰਿਤ ਦੇ 'ਵ੍ਰਿਤ' ਧਾਤੂ ਤੋਂ ਨਿਕਲਿਆ ਹੈ ਜਿਸਦੇ ਅਰਥ ਹਨ—ਬੋਲਣਾ, ਵਰਣਨ ਕਰਨਾ, ਜਾਂ ਵਾਰਤਾ ਕਹਿਣਾ। ਕਾਲਾ ਸਿੰਘ ਬੇਦੀ ਅਨੁਸਾਰ ਮਗਰੋਂ ਸਹਿਜੇ ਸਹਿਜੇ 'ਜਸ ਭਰਪੂਰ ਗੀਤ' ਦੇ ਅਰਥਾਂ ਵਿਚ 'ਵਾਰਤਾ' ਪਦ ਪ੍ਰਚਲਤ ਹੋ ਗਿਆ ਹੋਵੇ ਤੇ ਸਿਟੇ ਵਜੋਂ 'ਵਾਰਤਾ' ਦੀ ਥਾਂ ਇਹ ਸੰਖੇਪ ਰੂਪ ਵਿਚ 'ਵਾਰ' ਰਹਿ ਗਿਆ ਹੋਵੇ। ਸੰਸਕ੍ਰਿਤ ਵਿਚ 'ਵਾਰਵਾਣਿ' ਪਦ ਉਤਮ ਗਵੱਯੇ ਦੇ ਅਰਥਾਂ ਵਿਚ ਮਿਲਦਾ ਹੈ। ਹੋ ਸਕਦਾ ਹੈ ਕਿ 'ਵਾਰਵਾਣਿ' ਦਾ ਸੰਖੇਪ 'ਵਾਰ' ਬੀਰ ਰਸੀ ਕਾਵਿ ਲਈ ਪ੍ਰਯੁਕਤ ਹੋ ਗਿਆ ਹੋਵੇ। ਅੰਗ੍ਰੇਜ਼ੀ ਜ਼ਬਾਨ ਵਿਚ ਵਾਰ (War) ਦੇ ਅਰਥ ਯੁਧ ਦੇ ਹਨ। ਪ੍ਰਸਿਧ ਭਾਸ਼ਾ ਵਿਗਿਆਨੀ ਸੁਨੀਤੀ ਕੁਮਾਰ ਚੈਟਰਜੀ ਦਾ ਕਥਨ ਹੈ ਕਿ ਭਾਰਤੀ, ਯੂਰਪੀ ਤੇ ਈਰਾਨੀਆਂ ਦੇ ਪੂਰਵਜਾਂ ਨੂੰ ਵਿਰੋਸ (Wiros) ਕਿਹਾ ਜਾਂਦਾ ਸੀ, ਹੋ ਸਕਦਾ ਹੈ, ਕਿ ਪੰਜਾਬ ਵਿਚ ਇਸ ਵਾਰ (War) ਦੀ ਨਿਸਬਤ ਨਾਲ ਯੁਧ ਭਰਪੂਰ ਗੀਤ ਨੂੰ 'ਵਾਰ' ਕਿਹਾ ਜਾਣ ਲੱਗ ਪਿਆ ਹੋਵੇ। ਵਾਰੀਅਰ (warrior) ਜੋਧੇ ਨੂੰ ਕਿਹਾ ਜਾਂਦਾ ਹੈ। ਪੰਜਾਬੀ ਵਿਚ ਭੈਣਾਂ ਆਪਣੇ ਭਰਾ ਨੂੰ 'ਵੀਰ' ਕਹਿੰਦੀਆਂ ਹਨ, ਕਿਉਂਕਿ ਭੈਣਾਂ ਦੀ ਰੱਖਿਆ ਪੰਜਾਬੀ ਭਰਾ ਮੁੱਢ-ਕਦੀਮਾਂ ਤੋਂ ਕਰਦੇ ਚਲੇ ਆ ਰਹੇ ਹਨ, ਸੋ ਇਸ ਵਾਰ ਨਾਲ ਹੀ 'ਵੀਰ' ਵੀ ਸੰਬੰਧਤ ਹੈ। ਵਾਰ ਸ਼ਬਦ ਚਾਹੇ ਕਿਸੇ ਵੀ ਸ਼ਬਦ ਵਿਚੋਂ ਨਿਕਲਿਆ ਹੋਵੇ, ਅੱਜ ਕੱਲ ਇਸ ਦੇ ਅਰਥ ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਵਿਚ ਜਸ-ਭਰਪੂਰ ਬੀਰਰਸੀ ਕਾਵਿ ਦੇ ਹੀ ਹਨ[5]।

ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਪੰਜਾਬੀ 'ਵਾਰ' ਰਚਨਾ ਤੇ ਭਾਵ ਦੇ ਲਿਹਾਜ਼ ਨਾਲ ਬਹੁਤ ਕੁਝ ਯੂਨਾਨੀਆਂ ਦੇ ਉਘੇ ਗੀਤ (ode) ਨਾਲ ਮਿਲਦੀ ਜੁਲਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਰ ਵਿਚ ਵੀ 'ਓਡ' ਵਾਕਰ ਕਿਸੇ ਜੋਧੇ ਦਾ ਜੱਸ ਹੁੰਦਾ ਹੈ। ਇਸ ਵਿਚ ਵਿਚਾਰ ਜਾਂ ਦਲੀਲਬਾਜ਼ੀ ਦੀ ਥਾਂ ਬਿਆਨ ਹੁੰਦਾ ਹੈ। ਬਿਆਨ ਵੀ ਸਾਦਾ ਨਹੀਂ, ਸਗੋਂ ਜੋਸ਼ ਦੁਆਣ ਵਾਲਾ ਜਾਂ ਰੁਆਣ ਵਾਲਾ ਹੁੰਦਾ ਹੈ। ਇਸ ਦੀ ਬਨਾਵਟ ਜਾਂ ਰਚਨਾ ਵੀ ਪਉੜੀਆਂ ਤੇ ਦੋਹਰੇ (ਜਾਂ ਸ਼ਲੋਕ) ਮਿਲ ਕੇ ਓਡ ਵਰਗੀ ਹੀ ਹੋ ਜਾਂਦੀ ਹੈ। ਸਭ ਤੋਂ ਵਧ ਕੇ ਗਾਉਣ ਦੇ ਤਰੀਕਿਆਂ ਵਿਚ ਇਨ੍ਹਾਂ ਦੋਹਾਂ ਦਾ ਮੇਲ ਹੈ।

(ਆਸਾ ਦੀ ਵਾਰ ਸਟੀਕ)

ਇਸ ਤਰ੍ਹਾਂ ਸਪੱਸ਼ਟ ਹੈ ਕਿ ਪੰਜਾਬੀ ਵਿਚ ਵਾਰ ਉਹ ਕਾਵਿ ਰੂਪ ਹੈ ਜਿਸ ਵਿਚ ਕਿਸੇ ਹੱਲੇ ਜਾਂ ਟੱਕਰ ਦਾ ਜ਼ਿਕਰ ਹੋਵੇ ਤੇ ਉਹ ਵਰਣਨ ਬੀਰ ਰਸੀ, ਜਸ-ਭਰਪੂਰ ਗੀਤਮਈ ਢੰਗ ਨਾਲ ਕੀਤਾ ਗਿਆ ਹੋਵੇ ਅਤੇ ਉਸ ਤੋਂ ਪਾਠਕਾਂ ਜਾਂ ਸਰੋਤਿਆਂ ਨੂੰ ਉਤਸ਼ਾਹ ਮਿਲੇ।

ਪਰੰਪਰਾ

ਗੁਰੂ ਸਾਹਿਬਾਨ ਦੇ ਵੇਲੇ ਪੰਜਾਬ ਵਿਚ ਵਾਰ ਕਾਵਿ ਚੰਗੀ ਤਰ੍ਹਾਂ ਪ੍ਰਚਲਿਤ ਸੀ। ਢਾਡੀ ਲੋਕ ਢਡ ਸਰੰਗੀ ਨਾਲ ਜੋਧਿਆਂ ਦੀਆਂ ਵਾਰਾਂ ਗਾਉਂਦੇ ਸਨ। ਢਾਡੀਆਂ ਨੇ ਖਲੋ ਕੇ ਗਾਉਣ ਦੀ ਪਿਰਤ ਨਿਰੋਲ ਪੰਜਾਬੀ ਰੂਪ ਵਿਚ ਯੂਨਾਨ ਵਾਲਿਆਂ ਤੋਂ ਅਪਣਾਈ ਲੱਗਦੀ ਹੈ। 'ਆਦਿ ਗ੍ਰੰਥ' ਵਿਚ ਪੁਰਾਤਨ ਬੀਰ ਰਸੀ ਵਾਰਾਂ ਦੀਆਂ ਧੁੰਨੀਆਂ ਦਾ ਜ਼ਿਕਰ ਵੀ ਆਉਂਦਾ ਹੈ। ਵਾਰ ਨੂੰ ਪਉੜੀਆਂ ਵਿਚ ਲਿਖਿਆ ਜਾਂਦਾ ਹੈ ਤੇ ਪਉੜੀ ਲਈ ਕੇਵਲ ਨਿਸ਼ਾਨੀ ਜਾਂ ਸਿਰਖੰਡੀ ਛੰਦ ਹੀ ਵਰਤਿਆ ਜਾਂਦਾ ਹੈ। ਗੁਰੂ ਨਾਨਕ ਤੋਂ ਪਹਿਲਾਂ ਦੀ ਵਾਰ ਗਾਉਣ ਵਾਲੇ ਆਮ ਕਰ ਕੇ ਪਉੜੀ ਤੋਂ ਪਿਛੋਂ ਕੋਈ ਕਲੀ ਬੋਲਦੇ ਸਨ। ਗੁਰੂ ਨਾਨਕ ਦੀ ਰਚੀ ਆਸਾ ਦੀ ਵਾਰ ਦੀਆਂ ਪਉੜੀਆਂ ਦੇ ਆਸ਼ਿਆਂ ਨੂੰ ਸਪੱਸ਼ਟ ਕਰਨ ਲਈ ਵੀ ਇਸ ਰਚਨਾ ਵਿਚ ਸਲੋਕ ਸ਼ਾਮਲ ਕੀਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹੋ ਜਿਹੀਆਂ ੨੨ ਵਾਰਾਂ ਹਨ ਜੋ ੧੭ ਰਾਗਾਂ ਦੇ ਹੇਠ ਦਿੱਤੀਆਂ ਹੋਈਆ ਹਨ। ਇਹ ਵਾਰਾਂ ਰਾਗੀ ਲੋਕ ਗੁਰੂ ਜੀ ਦੀ ਹਦਾਇਤ ਮੁਤਾਬਕ ਖ਼ਾਸ ਖ਼ਾਸ ਸੁਰਾਂ ਨਾਲ ਸਿੱਖ ਸੰਗਤਾਂ ਨੂੰ ਗਾ ਕੇ ਸੁਣਾਇਆ ਕਰਦੇ ਸਨ।

ਗੁਰੂ ਨਾਨਕ ਤੋਂ ਪਹਿਲਾਂ ਉਸ ਵਾਰ ਨੂੰ ਆਮ ਤੌਰ ਤੇ ਵਾਰ ਕਹਿੰਦੇ ਸਨ ਜਿਸ ਵਿਚ ਕਿਸੇ ਨਾਇਕ ਦੀ ਉਸਤਤ ਕੀਤੀ ਗਈ ਹੋਵੇ ਤੇ ਉਸ ਰਚਨਾ ਵਿਚ ਲੜਾਈ ਜਾਂ ਸੂਰਬੀਰਤਾ ਦਾ ਕੁਝ ਅੰਸ਼ ਹੋਵੇ। ਨਾਇਕ ਦੀ ਉਸਤਤ ਕਰਨ ਲੱਗਿਆਂ ਉਸ ਦੇ ਜਿਥੇ ਗੁਣ ਗਾਏ ਜਾਂਦੇ ਸਨ ਉਥੇ ਪ੍ਰਤਿ ਨਾਇਕ ਦੇ ਔਗੁਣ ਵੀ ਦੱਸੇ ਜਾਂਦੇ ਸਨ ਜਿਸ ਨਾਲ ਨਾਇਕ ਦਾ ਚਰਿਤ੍ਰ ਹੋਰ ਚੰਗੀ ਤਰ੍ਹਾਂ ਉਘੜ ਪੈਂਦਾ ਸੀ। ਉਸ ਸਮੇਂ ਨਾਇਕ ਆਮ ਤੌਰ ਤੇ ਉਚ ਸ੍ਰੇਣੀ ਦਾ ਮਨੁੱਖ ਹੀ ਹੋਇਆ ਕਰਦਾ ਸੀ। ਇਹੋ ਜਿਹੀਆਂ ਵਾਰਾਂ ਨੂੰ ਬੀਰ ਰਸੀ ਵਾਰਾਂ ਕਿਹਾ ਜਾਂਦਾ ਹੈ। ਗੁਰੂ ਨਾਨਕ ਦੀ ਰਚਨਾ ਆਸਾ ਦੀ ਵਾਰ ਵਿਚ ਇਹ ਵਿਸ਼ੇਸ਼ਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਕਿ ਇਸ ਰਚਨਾ ਵਿਚ ਕਰਤਾ ਨੇ ਪਹਿਲੀ ਵਾਰ ਪਰੰਪਰਾ ਤੋਂ ਵੱਖਰੀ ਗੱਲ ਕੀਤੀ ਅਤੇ ਅਧਿਆਤਮਕ ਵਾਰਾਂ ਦਾ ਮੁੱਢ ਬੰਨ੍ਹਿਆਂ। ਗੁਰੂ ਜੀ ਨੇ ਇਥੇ ਵਾਰ ਦੀਆਂ ਹੱਦਾਂ ਨੂੰ ਵਿਕਸਤ ਕਰਦੇ ਹੋਏ ਮਨੁੱਖ ਦੀ ਥਾਂ ਪ੍ਰਭੂ ਨੂੰ ਵਾਰ ਦਾ ਨਾਇਕ ਬਣਾਇਆ ਤੇ ਉਨ੍ਹਾਂ ਨੇ ਉਸ ਪ੍ਰਭੂ-ਪ੍ਰਮੇਸ਼ਰ ਦਾ ਕੋਈ ਵੀ ਪ੍ਰਤਿ ਨਾਇਕ ਨਹੀਂ ਖੜਾ ਕੀਤਾ। ਕਾਲਾ ਸਿੰਘ ਬੇਦੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਕਾਵਿ ਦੇ ਇਸ ਬਹਾ ਵਿਚ ਇਕ ਨਵਾਂ ਮੋੜ ਪੈਦਾ ਕੀਤਾ ਅਤੇ ਇਸ ਨੂੰ ਮਨੁੱਖੀ ਜੀਵਨ ਦੇ ਯੁਧ ਖੇਤਰ ਲਈ ਵਰਤਿਆ। ਸੰਸਾਰਕ ਸੂਰ-ਮਿਆਂ ਦੀ ਥਾਂ ਗੁਰਮੁਖ ਜੁਗਿਆਸੂ ਨੂੰ ਨਾਇਕ ਚੁਣਕੇ ਬਦੀ ਦਾ ਟਾਕਰਾ ਕਰਵਾ ਕੇ, ਜਿੱਤਾਂ ਪ੍ਰਾਪਤ ਕਰਵਾਈਆਂ ਅਤੇ ਇਸ ਮਹੱਤਵ ਪੂਰਣ ਲੋਕ-ਗੀਤ ਨੂੰ ਉਸੇ ਕੁਦਰਤੀ ਲੋਕ ਧਾਰਨਾ ਵਿਚ ਰਚ ਕੇ ਇਨਸਾਨ ਨੂੰ ਇਕ ਅੱਛੇ ਇਨਸਾਨ ਬਣਾਉਣ ਦਾ ਸਫਲ ਜਤਨ ਕੀਤਾ ਹੈ[6]। ਅਸਲ ਗੱਲ ਇਹ ਹੈ ਕਿ ਗੁਰੂ ਨਾਨਕ ਦੀ ਰਚੀ ਮੂਲ ਵਾਰ ਵਿਚ ਪ੍ਰਤਿ ਨਾਇਕ ਦੀ ਕਲਪਨਾ ਘੱਟ ਹੀ ਮੂਰਤੀਮਾਨ ਹੁੰਦੀ ਹੈ। ਅਧਿਆਤਮਿਕ ਵਾਰਾਂ ਵਿਚ ਅਜੇਹੇ ਪ੍ਰਤਿ ਨਾਇਕ ਦੀ ਕਲਪਨਾ ਦੀ ਅਵੱਸ਼ਕਤਾ ਜ਼ਰੂਰੀ ਹੈ ਅਤੇ ਉਹ ਪ੍ਰਤਿ ਨਾਇਕ ਝੂਠ, ਬੁਰਿਆਈ, ਮਾਇਆ, ਹਉਮੈ, ਦਵੈਤ ਭਟਕਣ ਹੁੰਦੀ ਹੈ। ਇਹ ਵਾਰਾਂ ਅਸਲ ਵਿੱਚ ਮਨੁੱਖ ਦੀ ਆਤਮਾ ਨੂੰ ਬਲਵਾਨ ਬਣਾਉਣ ਦੀ ਖਾਤਰ ਹੁੰਦੀਆਂ ਹਨ ਤੇ ਮਨੁੱਖ ਦੀ ਆਤਮਾ ਦੀ ਟੱਕਰ ਇਨ੍ਹਾਂ ਪ੍ਰਤਿ ਨਾਇਕਾਂ ਨਾਲ ਕਰਵਾਈ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਜਦ ਇਸ ਲੋੜ ਨੂੰ ਮਹਿਸੂਸ ਕੀਤਾ ਤਾਂ ਉਨ੍ਹਾਂ ਨੇ ਆਸਾ ਦੀ ਵਾਰ ਵਿਚਲੇ ਵਿਚਾਰਾਂ ਦੇ ਅਨੁਕੂਲ ਸ਼ਬਦ-ਚੁਣ ਕੇ ਯੋਗ ਸਥਾਨਾਂ ਉਤੇ ਵਾਰ ਵਿਚ ਸ਼ਾਮਲ ਕਰ ਦਿੱਤੇ। ਇਸ ਤਰ੍ਹਾਂ ਜਿਥੇ ਇਸ ਰਚਨਾ ਦੀ ਇਹ ਘਾਟ ਪੂਰੀ ਹੋਈ ਉਥੇ ਵਾਰ ਦੇ ਵਿਸ਼ੇ ਦਾ ਵਿਸ਼ਲੇਸ਼ਣ ਵੀ ਸੁਚੱਜੇ ਢੰਗ ਨਾਲ ਹੋਇਆ ਹੈ। ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਇਹ ਸਲੋਕ ਤੇ ਪਉੜੀਆਂ ਵਿਕੋਲਿਤਰੇ ਟੋਟਕੇ ਨਹੀਂ, ਸਗੋਂ ਇਕ ਭਾਵ ਦੀ ਲੜੀ ਵਿਚ ਪਰੋਤੇ ਹੋਏ ਹਨ। ਪਉੜੀ ਵਿਚ ਭਾਵ ਜਾਂ ਅਸੂਲ ਨੂੰ ਆਮ ਲਫ਼ਜ਼ਾਂ ਵਿਚ ਅਦਾ ਕੀਤਾ ਹੁੰਦਾ ਹੈ, ਅਤੇ ਉਸ ਦੇ ਨਾਲ ਲਗਦੇ ਸਲੋਕਾਂ ਵਿਚ ਪਉੜੀ ਦੇ ਭਾਵ ਨੂੰ ਉਦਾਹਰਣਾਂ ਦੇ ਕੇ ਜਾਂ ਰਸਮਾਂ ਰਵਾਜਾਂ ਵੱਲ ਇਸ਼ਾਰਾ ਕਰਕੇ ਸਪੱਸ਼ਟ ਕੀਤਾ ਹੁੰਦਾ ਹੈ।

ਰਚਨਾ ਪ੍ਰਕ੍ਰਿਆ

ਪਰ ਇਕ ਗੱਲ ਹੈ, ਵਾਰ ਆਮ ਕਰਕੇ ਪੌੜੀਆਂ ਵਿਚ ਰਚੀ ਜਾਂਦੀ ਹੈ ਤੇ ਸਲੋਕਾਂ ਦੇ ਵਿਚ ਸ਼ਾਮਲ ਹੋਣ ਨਾਲ ਆਸਾ ਦੀ ਵਾਰ ਤਕਨੀਕੀ ਪੱਖੋਂ ਊਣੀ ਹੋ ਗਈ ਹੈ ਪਰੰਤੂ ਵਿਸ਼ੇ ਸੰਬੰਧੀ ਚੁਸਤ ਘੋਲ ਪੈਦਾ ਹੋ ਗਿਆ। ਆਸਾ ਦੀ ਵਾਰ ਦੀਆਂ ੨੪ ਪਉੜੀਆਂ ਦੇ ਨਾਲ ਕੁਲ ੫੯ ਸਲੋਕ ਸ਼ਾਮਲ ਹਨ ਜਿਨ੍ਹਾਂ 'ਚੋਂ ੪੪ ਸਲੋਕ ਗੁਰੂ ਨਾਨਕ ਦੇਵ ਜੀ ਦੇ ਅਤੇ ਬਾਕੀ ੧੫ ਸਲੋਕ ਗੁਰੂ ਅੰਗਦ ਦੇਵ ਜੀ ਦੇ ਹਨ। ਰਤਨ ਸਿੰਘ ਜੱਗੀ ਅਨੁਸਾਰ "ਸੰਸਾਰ ਦੀਆਂ ਨਿਸਫਲ ਪੂਜਾ, ਨੇਮ, ਧਰਮ ਆਦਿ ਪ੍ਰਣਾਲੀਆਂ ਇਲਕੁਲ ਵਿਅਰਥ ਅਤੇ ਥੋਥੀਆਂ ਦਸ ਕੇ ਪ੍ਰਭੂ ਦੀ ਮਹਾਨਤਾ ਚਿਤ੍ਰਿਤ ਕਰਨਾ ਇਸ ਵਾਰ ਦਾ ਉਦੇਸ਼ ਹੈ। ਸਲੋਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿਆਦਾਤਰ ਰੂੜ੍ਹੀਆਂ ਦੇ ਖੰਡਨ ਲਈ ਆਏ ਹਨ ਅਤੇ ਪਉੜੀਆਂ ਨਾਇਕ ਪਰਮਾਤਮਾ ਦੀ ਉਸਤਤ ਸੰਬੰਧੀ।[7]

ਗੁਰੂ ਨਾਨਕ ਤੋਂ ਪਹਿਲਾਂ ਦੀ ਪਰੰਪਰਾ ਅਨੁਸਾਰ ਵਾਰ ਦਾ ਆਰੰਭ ਮੰਗਲਾਚਰਨ ਨਾਲ ਹੁੰਦਾ ਹੈ ਤੇ ਉਸ ਮੰਗਲਾਚਰਨ ਵਿਚ ਆਮ ਤੌਰ ਤੇ ਪ੍ਰਭੂ ਦਾ ਗੁਣ ਗਾਇਆ ਹੁੰਦਾ ਤੇ ਉਸ ਨੂੰ ਨਮਸਕਾਰ ਜਾਂ ਬੇਨਤੀ ਕੀਤੀ ਗਈ ਹੁੰਦੀ ਹੈ। ਪਰੰਤੂ ਗੁਰੂ ਨਾਨਕ ਨੇ ਵਾਰ ਦਾ ਆਰੰਭ 'ਜਪੁਜੀ' ਵਾਲੇ ਨਿਕੇ ਜਹੇ ਮੂਲ ਮੰਤਰ ਨਾਲ ਕੀਤਾ ਹੈ ਜਿਸ ਵਿਚ ਕੇਵਲ ਪ੍ਰਭੂ ਦਾ ਸਰੂਪ ਹੀ ਵਰਣਨ ਕੀਤਾ ਹੈ। ਇਸ ਤਰ੍ਹਾਂ ਇਹ ਰਚਨਾ ਪਰੰਪਰਾ ਤੋਂ ਵੱਖਰੀ ਹੈ। ਹਾਂ, ਇਕ ਗੱਲ ਹੈ, ਇਸ ਰਚਨਾ ਦੇ ਪਹਿਲੇ ਸਲੋਕ ਵਿਚ ਜ਼ਰੂਰ ਕੁਝ ਹੱਦ ਤਕ ਮੰਗਲਾ-ਚਰਣ ਵਾਲੀ ਭਾਵਨਾ ਹੈ ਜਿਸ ਨਾਲ ਪ੍ਰਾਚੀਨ ਤਕਨੀਕੀ ਪਰੰਪਰਾ ਵਾਲੀ ਘਾਟ ਕੁਝ ਹੱਦ ਤਕ ਪੂਰੀ ਹੋ ਗਈ ਹੈ: ਅਸਲ ਗੱਲ ਇਹ ਹੈ ਕਿ ਗੁਰੂ ਜੀ ਨੇ ਤਕਨੀਕੀ ਰੀਤੀਆਂ ਉਤੇ ਬਹੁਤਾ ਜ਼ੋਰ ਨਾ ਦਿੰਦੇ ਹੋਏ, ਵਿਸ਼ੇ ਨੂੰ ਪ੍ਰਗਟਾਉਣ ਉਤੇ ਵਧੇਰੇ ਬਲ ਦਿੱਤਾ ਹੈ। ਗੁਰੂ ਨਾਨਕ ਨੇ ਵਾਰ ਦੇ ਪ੍ਰਚਲਤ ਨਿਸ਼ਾਨੀ ਛੰਦ ਦੀ ਵਰਤੋਂ ਆਸਾ ਦੀ ਵਾਰ ਵਿਚ ਕੀਤੀ ਹੈ ਤੇ ਮਾਤ੍ਰਾਵਾਂ ਨੂੰ ਯੋਗ ਸਥਾਨ ਉਤੇ ਵਧਾਇਆ ਘਟਾਇਆ ਹੈ। ਆਸਾ ਦੀ ਵਾਰ ਵਿਚ ਪਉੜੀਆਂ ਸਾਢੇ ਚਾਰ ਤੁਕਾਂ ਤੋਂ ਲੈ ਕੇ ਅੱਠ ਤੁਕਾਂ ਤਕ ਮਿਲਦੀਆਂ ਹਨ। ਨਿਸ਼ਾਨੀ ਛੰਦ ਦੀ ਵਰਤੋਂ ਸਦਕਾ ਗੁਰੂ ਜੀ ਦੀ ਮੂਲ ਰਚਨਾ ਪ੍ਰਚਲਿਤ ਤਕਨੀਕੀ ਪ੍ਰਣਾਲੀ ਅਨੁਸਾਰ ਠੀਕ ਸੀ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਇਸ ਵਾਰ ਵਿਚ ਸਲੋਕ ਸ਼ਾਮਲ ਕਰਕੇ ਇਸ ਨੂੰ ਪਰੰਪਰਾਗਤ ਤਕਨੀਕ ਤੋਂ ਵੱਖਰਾ ਕਰ ਦਿੱਤਾ ਹੈ। ਸਲੋਕ ਸ਼ਾਮਲ ਕਰਨ ਵੇਲੇ ਗੁਰੂ ਅਰਜਨ ਦੇਵ ਜੀ ਨੇ ਕੋਈ ਵਿਸ਼ੇਸ਼ ਤਕਨੀਕ ਜਾਂ ਪ੍ਰਣਾਲੀ ਨਹੀਂ ਅਪਣਾਈ। ਉਨ੍ਹਾਂ ਨੂੰ ਜਿਵੇਂ ਹੀ ਸਲੋਕ ਪ੍ਰਾਪਤ ਹੋਏ ਅਤੇ ਭਾਵ ਪੱਖੋਂ ਉਨ੍ਹਾਂ ਨੇ ਪਉੜੀਆਂ ਨਾਲ ਮੇਲ ਖਾਧਾ, ਉਵੇਂ ਹੀ ਉਹ ਉਨ੍ਹਾਂ ਪਉੜੀਆਂ ਨਾਲ ਜੋੜ ਦਿੱਤੇ ਗਏ। ਸਲੋਕਾਂ ਨੂੰ ਜ਼ਰਾ ਵਿਚਾਰ ਨਾਲ ਸੋਚਣ ਉਤੇ ਇਹ ਪਰਤੱਖ ਪਰਗਟ ਹੋ ਜਾਂਦਾ ਹੈ ਕਿ ਹਰ ਇਕ ਸਲੋਕ ਜਿਸ ਪਉੜੀ ਦੇ ਨਾਲ ਦਰਜ ਹੈ ਉਥੇ ਉਸ ਦਾ ਮੁੱਖ ਭਾਵ ਪਉੜੀ ਨਾਲ ਮਿਲਦਾ ਹੈ। ਅਸਲ ਗੱਲ ਇਹ ਹੈ ਕਿ ਮਹਾਨ ਵਿਅਕਤੀ ਕਦੇ ਵੀ ਪਰੰਪਰਾ ਦੀ ਕੈਦ ਜਾਂ ਤਕਨੀਕ ਦੀਆਂ ਜਕੜ-ਬੰਦੀਆਂ ਤੀਕਰ ਸੀਮਤ ਨਹੀਂ ਰਹਿੰਦੇ। ਉਹ ਹਮੇਸ਼ਾਂ ਤਕਨੀਕ ਨਾਲ ਭਾਵਾਂ ਨੂੰ ਮਹੱਤਾ ਦਿੰਦੇ ਹਨ। ਇਹੋ ਕਾਰਣ ਹੈ ਕਿ ਉਹ ਹਮੇਸ਼ਾਂ ਨਿਸਚਿਤ ਘਸੇ ਪੀਡੇ ਰਾਹਾਂ ਤੋਂ ਲਾਂਭੇ ਹੋ ਕੇ ਨਵੀਨ ਪਗਡੰਡੀਆਂ ਪਾਉਂਦੇ ਤੇ ਦੁਨੀਆਂ ਨੂੰ ਨਵੇਂ ਰਸਤੇ ਵਿਖਾਉਂਦੇ ਹਨ। 'ਸੰਤ ਕਾਵਿ ਪਰੰਪਰਾ ਵਿਚ ਕਲਾ ਦਾ ਸਥਾਨ ਗੌਣ ਹੈ, ਵਿਚਾਰ ਅਤੇ ਭਾਵਾਂ ਦਾ ਪ੍ਰਮੁੱਖ। ਇਸ ਲਈ ਸ਼ਾਸਤ੍ਰੀ ਜਾਂ ਰੂੜ੍ਹੀ ਪਰੰਪਰਾ ਦਾ ਖੰਡਨ ਇਸ ਵਿਚ ਸਪੱਸ਼ਟ ਰੂਪ ਵਿਚ ਮਿਲਦਾ ਹੈ, ਕਿਉਂਕਿ ਸ਼ਾਸਤ੍ਰ-ਬੱਧ ਕਾਵਿ ਗੁਲਦਸਤੇ ਸਜਾਣੇ ਸੰਤਾਂ ਦਾ ਉਦੇਸ਼ ਨਹੀਂ ਸੀ। ... ...ਪ੍ਰਸਤੁਤ ਵਾਰ ਦਾ ਕਲਾ ਸੰਬੰਧੀ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਹ ਪਰੰਪਰਾ ਦੇ ਤਕਨੀਕੀ ਪੱਖ ਨੂੰ ਗ੍ਰਹਿਣ ਨਹੀਂ ਕਰਦੀ, ਪਰ ਫਿਰ ਵੀ ਇਸ ਵਿਚ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਮੇਲ ਹੈ, ਅਨੁਪਾਤ ਹੈ, ਲਯ ਹੈ, ਸੰਗੀਤ ਹੈ ਅਤੇ ਰਚਨਾ ਦੀ ਸਮੁੱਚੀ ਉਸਾਰੀ ਵਿਚ ਸੰਗਠਨ ਹੈ ।[8]

ਇਸ ਵਾਰ ਦੇ ਸਮੁੱਚੇ ਅਧਿਐਨ ਤੋਂ ਜਿਥੇ ਇਹ ਪਤਾ ਲੱਗਦਾ ਹੈ ਕਿ ਇਸ ਰਚਨਾ ਵਿਚ ਸਲੋਕਾਂ ਦੀ ਕੋਈ ਖਾਸ ਤਰਤੀਬ ਨਹੀਂ ਹੈ । ਉਥੇ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਆਸਾ ਦੀ ਵਾਰ ਵਿਚ ਵਰਤੇ ਗਏ ਸਲੋਕਾਂ ਵਿਚ ਪੰਕਤੀਆਂ ਜਾਂ ਚਰਣਾ ਦਾ ਵੀ ਕੋਈ ਅਨੁਪਾਤ ਨਹੀਂ ਹੈ । ਸਲੋਕਾਂ ਦੀ ਬਣਤਰ ਵਿਚ ਦੋਹਿਰਾ, ਚੌਪਈ ਤੇ ਹੋਰ ਕਈ ਛੰਦ ਵਰਤੇ ਗਏ ਹਨ । ਦੋਹਿਰਾ 13+11=24 ਮਾਤਰਾ ਜਾਂ ਕੁਝ ਘੱਟ ਵਧ ਅਤੇ ਚੌਪਈ 8+8=16 ਮਾਤਰਾਂ ਦਾ ਰੂਪ ਵਰਤਿਆ ਹੈ । ਇਨ੍ਹਾਂ ਸਲੋਕਾਂ ਦੀਆਂ ਪੰਕਤੀਆਂ ਦੀ ਗਿਣਤੀ ਵੱਖ ਵੱਖ ਹੈ ਜਿਵੇਂ 2,4,8,11,18,19 ਆਦਿ ਕਿਉਂਕਿ ਆਮ ਕਰਕੇ ਗੁਰੂ ਸਾਹਿਬਾਨ ਦੇ ਸਲੋਕਾਂ ਦੀਆਂ ਪੰਕਤੀਆਂ ਜ ਚਰਣਾਂ ਵਿਚ ਕੋਈ ਸਮਾਨਤਾ ਨਹੀਂ ਹੈ ਇਸ ਲਈ ਇਥੇ ਇਕ ਸਾਂਝੇ ਭਾਵ ਦੀਆਂ ਕੁਝ ਇਕ ਪੰਕਤੀਆਂ ਦੇ ਗੁੱਟ ਲਈ ਹੀ ਸਲੋਕ ਸ਼ਬਦ ਵਰਤਿਆ ਜਾਂਦਾ ਹੈ । ਜਿਸ ਤਰ੍ਹਾਂ ਅਸੀਂ ਪਹਿਲਾਂ ਵਿਚਾਰ ਕਰ ਚੁੱਕੇ ਹਾਂ ਕਿ ਗੁਰੂ ਜੀ ਤਕਨੀਕ ਦੀ ਥਾਂ ਵਿਚਾਰਾਂ ਜਾ ਭਾਵਾਂ ਨੂੰ ਮਹੱਤਤਾ ਦਿੰਦੇ ਹਨ, ਜਿਥੇ ਭਾਵ ਲੰਬਾ ਹੋ ਜਾਦਾ ਹੈ ਉਥੇ ਸਲੋਕ ਦੀਆਂ ਪੰਕਤੀਆਂ ਵੀ ਸੁਭਾਵਿਕ ਹੀ ਵੱਧ ਜਾਂਦੀਆਂ ਹਨ । ਇਹ ਹਾਲ ਮਾਤ੍ਰਾਵਾਂ ਦੀ ਗਿਣਤੀ ਦਾ ਹੈ । ਕੁਝ ਸਲੋਕਾਂ ਵਿਚ ਤਾਂ ਮਾਤ੍ਰਾਵਾਂ ਦੀ ਸਮਾਨਤਾ ਹੈ ਪਰ ਬਹੁਤਿਆਂ ਵਿਚ ਅਜੇਹਾ ਨਹੀਂ ਹੈ । ਕਈ ਵਾਰ ਜੇ ਇਕ ਸਲੋਕ ਦੀ ਪਹਿਲੀ ਪੰਕਤੀ ਦੀਆਂ 24 ਮਾਤਰਾਂ ਹਨ ਤਾਂ ਦੂਸਰੀ ਪੰਕਤੀ ਦੀਆਂ 28 ਤਕ ਵੀ ਮਾਤਰਾਂ ਪਹੁੰਚ ਗਈਆਂ ਹਨ । ਇਸੇ ਤਰ੍ਹਾਂ ਜੇ ਕਿਸੇ ਹੋਰ ਸਲੋਕ ਦੀ ਇਕ ਪੰਕਤੀ 15 ਮਾਤਰਾਂ ਦੀ ਹੈ ਤਾਂ ਦੂਸਰੀ 18 ਤਕ ਵੀ ਮਿਲਦੀ ਹੈ । ਇਹੋ ਹਾਲ ਹੀ ਪਉੜੀਆਂ ਦਾ ਹੈ । ਪਉੜੀਆਂ ਆਮ ਤੌਰ ਤੇ ਪੰਜ ਪੰਜ ਤੁਕਾਂ ਦੀਆਂ ਹਨ ਪਹਿਲੀਆਂ ਚਾਰ ਪੂਰੀਆਂ ਤੁਕਾਂ ਹਨ ਤੇ ਪੰਜਵੀਂ ਅੱਧੀ । ਤੇ ਉਸ ਵਿਚ ਆਮ ਤੌਰ ਤੇ ਸਾਰੀ ਪਉੜੀ ਦਾ ਸੰਖੇਪ ਭਾਵ ਦਿੱਤਾ ਹੁੰਦਾ ਹੈ । ਪਰੰਤੂ ਪਉੜੀਆਂ ਵਿਚ ਚਰਣਾ ਦੀ ਗਿਣਤੀ ਤੋਂ ਪੂਰਣ ਬਰਾਬਰਤਾ ਨਹੀਂ ਹੈ । ਬਹੁਤੀਆਂ ਪਉੜੀਆਂ ਸਾਢੇ ਚਾਰ ਭੁਕਾਂ ਦੀਆਂ ਹਨ, ਕੁਝ ਪੂਰੀਆਂ ਪੰਜ ਤੁਕਾਂ ਦੀਆਂ ਅਤੇ ਕਈ ਛੇ ਤੁਕਾਂ ਦੀਆਂ ਵੀ ਹਨ । ਉਦਾਹਰਣ ਲਈ ਵੇਖੋ; ਪਉੜੀ ਨੰਬਰ 20, 22, 23 ਆਦਿ । ਮਾਤਰਾਂ ਦੀ ਗਿਣਤੀ ਤੋਂ ਵੀ ਪਉੜੀਆਂ ਵਿਚ ਬਰਾਬਰਤਾ ਉੱਕਾ ਨਹੀਂ ਹੈ । ਮਾਤਰਾਂ ਦੀ ਗਿਣਤੀ ਵਿਚ ਬਹੁ-ਵੰਨਗੀ ਹੈ ਜੋ 25 ਤੋਂ ਲੈ ਕੇ 32 ਤਕ ਵੀ ਪੁੱਜੀ ਹੋਈ ਹੈ । ਮੁੱਖ ਰੂਪ ਵਿਚ ਵਿਸਰਾਮ 12+12, 14+14 ਜਾਂ 15+15 ਦਾ ਹੈ ਪਰ ਮਾਤਰਾਂ ਦੀ ਇਹ ਗਿਣਤੀ ਪੂਰੀ ਨਹੀਂ ਨਿਭਦੀ । ਸਪੱਸ਼ਟ ਹੈ ਕਿ ਗੁਰੂ ਜੀ ਦੀ ਇਹ ਰਚਨਾ ਤਕਨੀਕੀ ਪੱਖ ਤੋਂ ਕਿਸੇ ਵਿਸ਼ੇਸ਼ ਤਕਨੀਕ ਵਿਚ ਨਹੀਂ ਬਧੀ ਹੋਈ ਸਗੋਂ ਇਹ ਪਰੰਪਰਾ ਤੋਂ ਕਾਫੀ ਭਿੰਨ ਹੈ । ਗੁਰੂ ਜੀ ਨੇ ਪਰੰਪਰਾਗਤ ਰਚਨਾਵਾਂ ਦੀ ਤਕਨੀਕ ਅਪਨਾਉਣ ਵੱਲ ਗਹੁ ਨਹੀਂ ਦਿੱਤਾ ਤੇ ਇਸ ਵਾਰ ਵਿਚ ਛੰਦ-ਪ੍ਰਬੰਧ ਲਈ ਕਾਫੀ ਖੁੱਲ੍ਹ ਦੀ ਵਰਤੋਂ ਕੀਤੀ ਗਈ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਂ, ਪਰ ਫੇਰ ਵੀ ਲਯ, ਸੁਰ, ਤਾਲ, ਰਾਗ ਤੇ ਭਾਵ ਦਾ ਖਿਆਲ ਰੱਖਿਆ ਹੁੰਦਾ ਹੈ। ਅਸਲ ਵਿਚ ਗੁਰੂ ਜੀ ਨੇ ਸਲੋਕਾਂ ਤੇ ਪਉੜੀਆਂ ਵਿਚ ਮਾਤ੍ਰਾਵਾਂ ਦੀ ਬੰਦਸ਼ ਨੂੰ ਤੋੜ ਕੇ ਰਾਗ ਦੀ ਬੰਦਸ਼ ਨੂੰ ਅਪਣਾ ਕੇ ਨਵੀਨ ਪਰੰਪਰਾ ਨੂੰ ਜਨਮ ਦਿੱਤਾ ਹੈ। ਇਸ ਵਾਰ ਦੇ ਸਿਰਲੇਖ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਵਾਰ ਆਸਾ ਰਾਗ ਵਿਚ ਪਹਿਲੀ ਪਾਤਸ਼ਾਹੀ ਦੀ ਉਚਾਰਨ ਕੀਤੀ ਹੈ ਤੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਟੁੰਡੇ ਅਸਰਾਜੇ ਦੀ ਧੁੰਨੀ ਉਤੇ ਗਾਉਣ ਲਈ ਨਿਸ਼ਚਤ ਕਰ ਦਿੱਤਾ। ਇਸ ਤਰ੍ਹਾਂ ਅਧਿਆਤਮਕ ਖੇਤਰ ਵਿਚ ਵੀਰ ਧੁਨੀ ਰਾਹੀਂ ਮਾਨਸਿਕ ਵੀਰਤਾ ਦਾਖਲ ਹੋ ਗਈ।

ਆਮ ਤੌਰ ਤੇ ਆਸਾ ਦੀ ਵਾਰ ਵਿਚ ਪਉੜੀਆਂ ਤੇ ਸਲੋਕਾਂ ਦਾ ਸੰਬੰਧ ਘੱਟ ਹੀ ਦਿਸਦਾ ਹੈ। ਪਉੜੀਆਂ ਦਾ ਵਧੇਰੇ ਅਧਿਆਤਮਕ ਜਾਂ ਰਹੱਸਵਾਦੀ ਹੈ ਤੇ ਇਨ੍ਹਾਂ ਵਿਚ ਵਿਚਾਰਾਂ ਦੀ ਸਮਾਨਤਾ ਹੈ ਜੋ ਇਕੋ ਉਦੇਸ਼ ਦੀ ਪੂਰਤੀ ਕਰਦੇ ਹਨ। ਆਸਾ ਦੀ ਵਾਰ ਦੇ ਵਰਤਮਾਨ ਸਰੂਪ ਦੇ ਪਿਛੋਕੜ ਵਿਚ ਰਤਨ ਸਿੰਘ ਜੱਗੀ ਅਨੁਸਾਰ "ਗੁਰੂ ਅਰਜਨ ਦੇਵ ਜੀ ਦਾ ਮਸਤਕ ਵੀ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਇਸ ਦੇ ਰਹੱਸਵਾਦੀ ਦ੍ਰਿਸ਼ਟੀਕੋਣ ਦਾ ਸਮਾਜਕ ਦ੍ਰਿਸ਼ਟਕੋਣ ਅਨੁਸਾਰ ਪਰਿਵਰਤਨ ਕੀਤਾ ਹੈ ਅਤੇ ਸਮਾਜਕ ਪੱਖ ਤੋਂ ਪ੍ਰਕਾਸ਼ ਪਾਇਆ ਹੈ। ਸਾਰਾਸ ਇਹ ਕਿ ਪਉੜੀਆਂ ਵਿਚ ਰਹੱਸਵਾਦੀ ਦ੍ਰਿਸ਼ਟੀ-ਕੋਣ ਨੂੰ ਪੇਸ਼ ਕੀਤਾ ਗਿਆ ਹੈ, ਉਸੇ ਦਾ ਸਮਾਜੀਕਰਣ ਸਲੋਕਾਂ ਵਿਚ ਹੋਇਆ ਹੈ ਅਤੇ ਇਸ ਸਮਾਜੀਕਰਣ ਦੀ ਸੀਮਾ ਅਗਿਆਨ ਕਾਰਣ ਭਟਕਣ, ਸੱਚ ਦੀ ਸੋਝੀ, ਧਾਰਮਿਕ ਪਾਖੰਡ, ਜਨੇਊ, ਸੂਤਕ, ਇਸਤ੍ਰੀ ਨਿੰਦਿਆ ਆਦਿ ਸਭ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਇਸ ਤਰ੍ਹਾਂ ਪਉੜੀ ਅਨੁਸਾਰ ਸਲੋਕਾਂ ਦੀ ਤਰਤੀਬ ਅਤੇ ਉਸ ਦਾ ਵਿਸ਼ਲੇਸ਼ਣ ਇਕ ਖਾਸ ਮਹੱਤਵ ਰੱਖਦਾ ਹੈ ਅਤੇ ਗੁਰੂ ਅਰਜਨ ਦੇਵ ਜੀ ਦੀ ਕਲਾ ਸੰਬੰਧੀ ਚਿੰਤਨਾ ਦਾ ਪ੍ਰਮਾਣ ਹੈ।[9]

ਕਾਵਿ-ਭਾਸ਼ਾ

ਗੁਰੂ ਨਾਨਕ ਦੀ ਬੋਲੀ ਵਿਚ ਦੂਸਰੇ ਗੁਰੂ ਸਾਹਿਬਾਨ ਚੀ ਬੋਲੀ ਨਾਲੋਂ ਵੱਖਰਾ ਗੁਣ ਇਹ ਹੈ ਕਿ ਇਹਨਾਂ ਦੀ ਬੋਲੀ ਲੋਕ ਬੋਲੀ ਦੇ ਬਹੁਤ ਨੇੜੇ ਹੈ ਜਿਥੇ ਪਿਛਲੇ ਗੁਰੂ ਸਾਹਿਬਾਨ ਦੀ ਬੋਲੀ ਉਤੇ ਬ੍ਰਿਜ ਭਾਸ਼ਾ ਦਾ ਅਸਰ ਵਧਦਾ ਗਿਆ। ਗੁਰੂ ਨਾਨਕ ਨੇ ਆਸਾ ਦੀ ਵਾਰ ਵਿਚ ਲੋਕ ਬੋਲੀ ਨੂੰ ਹੀ ਆਪਣੇ ਵਿਚਾਰਾਂ ਦੇ ਪ੍ਰਗਟਾ ਦਾ ਮਾਧਿਅਮ ਬਣਾਇਆ ਹੈ। ਉਨ੍ਹਾਂ ਨੇ ਸਾਂਝੀ ਸ਼ਬਦਾਵਲੀ ਵਰਤ ਕੇ ਪੰਜਾਬੀ ਬੋਲੀ ਨੂੰ ਅਮੀਰ ਕੀਤਾ ਹੈ। ਇਹ ਰਚਨਾ ਮੂਲ ਰੂਪ ਵਿਚ ਪੰਜਾਬੀ ਭਾਸ਼ਾ ਵਿਚ ਹੈ ਪਰੰਤੂ ਬ੍ਰਿਜ ਭਾਸ਼ਾ ਤੋਂ ਪ੍ਰਭਾਵਿਤ ਹੈ। ਪੰਜਾਬੀ ਦੀਆਂ ਹੋਰ ਉਪ ਭਾਖਾਵਾਂ, ਪੂਰਬੀ ਪੰਜਾਬੀ, ਖੜੀ ਬੋਲੀ ਹਿੰਦੀ ਤੇ ਸਾਧੂਕੜੀ ਬੋਲੀ ਦੀ ਵੀ ਆਮ ਵਰਤੋਂ ਕੀਤੀ ਗਈ ਹੈ। ਕਿਤੇ ਕਿਤੇ ਅਰਬੀ-ਫਾਰਸੀ ਸ਼ਬਦਾਵਲੀ ਦਾ ਵੀ ਰੰਗ ਉਘੜਿਆ ਹੈ। ਇਸ ਤਰ੍ਹਾਂ ਆਸਾ ਦੀ ਵਾਰ ਵਿਚ ਪੁਰਾਤਨ ਪੰਜਾਬੀ, ਸੰਤ ਭਾਸ਼ਾ, ਸਹਿਸਕ੍ਰਿਤੀ ਤੇ ਠੇਠ ਪੰਜਾਬੀ ਦੀ ਝਲਕ ਮਿਲਦੀ ਹੈ। ਗੁਰੂ ਨਾਨਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਵ ਦੀ ਬੋਲੀ ਦੀ ਇਹ ਮਹੱਤਾ ਹੈ ਕਿ ਉਨ੍ਹਾਂ ਨੇ ਜਿਹੜੇ ਵੀ ਵਿਦੇਸ਼ੀ ਜਾਂ ਬਾਹਰਲੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਉਨ੍ਹਾਂ ਨੂੰ ਪੰਜਾਬੀਅਤ ਦੀ ਰੰਗਤ ਚਾੜ੍ਹ ਕੇ ਵਰਤਿਆ ਹੈ। ਸ਼ਬਦ ਚੋਣ ਤੇ ਉਨ੍ਹਾਂ ਦੀ ਵਰਤੋਂ ਉੱਚ ਕੋਟੀ ਦੀ ਤੇ ਵਿਸ਼ੇ ਅਨੁਸਾਰ ਢੁਕਵੀਂ ਤੇ ਕਲਾ ਭਰਪੂਰ ਹੈ। ਉਨ੍ਹਾਂ ਨੇ ਸ਼ਬਦਾਂ ਦੀ ਵਧੇਰੇ ਤਦਭਵ ਰੂਪ ਵਿਚ ਵਰਤਿਆ ਹੈ ਉਨ੍ਹਾਂ ਦੀ ਬੋਲੀ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਹ ਪਾਤਰਾਂ ਮੁਤਾਬਕ, ਭਾਵ ਅਨੁਸਾਰ ਤੇ ਪ੍ਰਸੰਗ ਦਾ ਖਿਆਲ ਰੱਖ ਕੇ ਪ੍ਰਯੋਗ ਵਿਚ ਲਿਆਂਦੀ ਗਈ ਹੈ। ਗੁਰੂ ਨਾਨਕ ਦੇਵ ਜੀ ਦੀ ਬੋਲੀ ਵਿਚ ਅਜੋਕੀ ਪੰਜਾਬੀ ਦੇ ਲਗਭਗ ਸਾਰੇ ਹੀ ਸੂਰ ਤੇ ਵਿਅੰਜਨ ਮੌਜੂਦ ਹਨ ਅਜੋਕੀ ਬੋਲੀ ਨਾਲੋਂ ਖ਼ਾਸ ਫ਼ਰਕ ਇਹਨਾਂ ਧੁੰਨੀਆਂ (ਸੂਰਾਂ ਤੇ ਵਿਅੰਜਨਾਂ) ਦੀ ਵਰਤੋਂ-ਮਾਤਰਾ Frequency ਤੇ ਵਰਤੋਂ-ਵਿਉਂਤ ਦਾ ਹੈ।[10]

ਅਰਬੀ-ਫ਼ਾਰਸੀ ਸ਼ਬਦਾਵਲੀ : ਸਿਫਤਿ, ਨੀਸਾਣ, ਹੁਕਮੁ, ਦੀਬਾਣ, ਕੁਦਰਤਿ, ਸਲਾਮ, ਦੋਜਿਕ, ਪਾਤਿਸ਼ਾਹ, ਜਬਾਬ, ਬਖਸੀਸੀ, ਸਦ, ਫੁਰਮਾਣੁ, ਕਰਮੁ, ਜੋਰਿ, ਸਾਲਾਹ, ਰਜ਼ਾਇ, ਹਜ਼ੂਰਿ, ਕਤੇਬਾ, ਜਹਾਨ, ਕਾਦਿਰੁ ਪਾਕ, ਦੁਨੀਦਾਰੁ, ਹਿਕਮਤਿ, ਖੁਆਰੁ, ਨਦਰਿ, ਸਰੀਅਤਿ, ਖਸਮੁ, ਹੁਜਤਿ, ਦੋਸਤੀ, ਸਿਖਦਾਰ, ਅਲਹੁ, ਸੁਲਤਾਨਾ, ਦਲਾਲ, ਮੁਸਫੀ, ਹਰਮ, ਕਲਮ, ਖਰਚੁ, ਸਹਿਬੁ, ਆਸਕੀ, ਸਲਾਮੁ, ਅੰਦਰਿ, ਕਰਾਮਾਤਿ, ਕਰੀਮੁ ਆਦਿ।

ਬ੍ਰਿਜੀ ਸ਼ਬਦਾਵਲੀ : ਰਿਦੈ, ਉਤਰੈ, ਉਪਜੈ, ਕਉ ਕਮਾਈਐ, ਆਦਿ।

ਖੜੀ ਬੋਲੀ : ਕੀਏ, ਕੇ, ਕੀ, ਕਾ, ਆਦਿ।

ਸੰਸਕ੍ਰਿਤ ਸ਼ਬਦਾਵਲੀ : ਮਿਥਿਆ, ਮਨ, ਨਾਦ, ਮਾਇਆ, ਆਦਿ।

ਗੁਰੂ ਨਾਨਕ ਦਾ ਆਪਣੀ ਭਾਸ਼ਾ ਉਤੇ ਪੂਰਾ ਕਾਬੂ ਹੈ ਉਹਨਾਂ ਦੀ ਬੋਲੀ ਵਿਚ ਸੰਜਮਤਾ ਇਕ ਹੋਰ ਅਜੇਹਾ ਗੁਣ ਹੈ ਜਿਸ ਨਾਲ ਕਈ ਵਾਕ ਉਕਤੀਆਂ ਹੀ ਬਣ ਗਏ ਹਨ :

1 ਆਪਣੇ ਹਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ ॥
2. ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
3. ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥
4. ਮੰਦਾ ਕਿਸੈ ਨ ਆਖੀਐ ॥
5. ਮੂਰਖੈ ਨਾਲਿ ਨ ਲੁਝੀਐ ॥
6. ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥
7. ਨਾਨਕ ਹੁਕਮੁ ਨ ਚਲਸੀ ਨਾਲਿ ਖਸਮ ਚਲੈ ਅਰਦਾਸਿ ॥

ਇਸ ਤਰ੍ਹਾਂ ਆਸਾ ਦੀ ਵਾਰ ਵਿਚ ਜੀਵਨ ਦੀਆਂ ਕਈ ਅਟੱਲ ਸਚਾਈਆਂ ਦੀ ਵਰਤੋਂ ਕੀਤੀ ਹੋਈ ਵੀ ਮਿਲਦੀ ਹੈ, ਜਿਵੇਂ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਅਪਰਾਧੀ ਦੂਣਾ ਨਿਵੈ ।
2. ਰੋਟੀਆਂ ਕਾਰਣਿ ਪੂਰਹਿ ਤਾਲ ।
3. ਹਉਮੈ ਦੀਰਘ ਰੋਗ ਹੈ ।
4. ਹੋਏ ਇਆਣਾ ਕਰੇ ਕੰਮ ਆਣ ਨ ਸਕੇ ਰਾਸ ।
5. ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤੱਤ ।
6. ਕਪੜ ਰੂਪ ਸੁਹਾਵਣਾ ਛਡ ਦੁਨੀਆਂ ਅੰਦਰਿ ਜਾਵਣਾ ।
7. ਨਾਨਕ ਫਿਕੈ ਬੋਲੀਐ, ਤਨ ਮਨੁ ਫੀਕਾ ਹੋਇ ।
8. ਜੋ ਆਇਆ ਸੋ ਚਲਸੀ ਸਭ ਕੋਈ ਆਈ ਵਾਰੀਐ ।

ਅਲੰਕਾਰ ਯੋਜਨਾ

ਅਲੰਕਾਰ ਕਾਵਿ-ਸ਼ੈਲੀ ਦਾ ਉਹ ਤੱਤ ਹਨ ਜੋ ਕਵਿਤਾ ਨੂੰ ਖ਼ੂਬਸੂਰਤੀ ਪ੍ਰਧਾਨ ਕਰਦੇ ਹਨ । ਭਾਰਤੀ ਸਮੀਖਿਆ ਪ੍ਰਣਾਲੀ ਵਿਚ ਅਲੰਕਾਰ ਦਾ ਵਿਸ਼ੇਸ਼ ਮਹੱਤਵ ਮੰਨਿਆ ਗਿਆ ਹੈ ਤੇ ਕੁਝ ਸਾਹਿਤ ਸ਼ਾਸਤ੍ਰੀਆਂ ਨੇ ਅਲੰਕਾਰਾਂ ਤੋਂ ਬਿਨਾਂ ਕਵਿਤਾ ਦੀ ਹੋਂਦ ਨੂੰ ਮੰਨਣ ਤੋਂ ਇਨਕਾਰ ਕੀਤਾ ਹੈ । ਆਸਾ ਦੀ ਵਾਰ ਗੁਰੂ ਨਾਨਕ ਦੇਵ ਜੀ ਦੀ ਵਿਚਾਰ ਪ੍ਰਧਾਨ ਕਾਵਿ ਰਚਨਾ ਹੈ । ਇਸ ਰਚਨਾ ਵਿਚ ਬੁਧੀ ਤੇ ਦਲੀਲ ਸਰਵ-ਪ੍ਰਧਾਨ ਹੈ ਪਰ ਫਿਰ ਵੀ ਇਸ ਕਾਵਿ-ਰਚਨਾ ਵਿਚੋਂ ਖ਼ੂਬਸੂਰਤ ਅਲੰਕਾਰ ਦੀ ਵੰਨਗੀ ਮਿਲ ਜਾਂਦੀ ਹੈ । ਆਸਾ ਦੀ ਵਾਰ ਦੀ ਅਲੰਕਾਰ ਯੋਜਨਾ ਵਿਚ ਆਏ ਅਲੰਕਾਰਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ (1) ਸ਼ਬਦ ਅਲੰਕਾਰ ਅਤੇ (2) ਅਰਥ ਅਲੰਕਾਰ ।

ਸ਼ਬਦ ਅਲੰਕਾਰ

ਜਦ ਕਾਵਿ-ਰਚਨਾ ਵਿਚ ਅੱਖਰਾਂ ਦੀ ਵਰਤੋਂ ਨਾਲ ਕੋਈ ਚਮਤਕਾਰ ਪੈਦਾ ਹੋਵੇ ਤਾਂ ਸ਼ਬਦ ਅਲੰਕਾਰ ਹੁੰਦਾ ਹੈ । ਸ਼ਬਦ ਅਲੰਕਾਰ ਕੇਵਲ ਸਤਹੀ ਪੱਧਰ ਤੇ ਹੁੰਦੇ ਹਨ ਪਰ ਕਵਿਤਾ ਵਿਚ ਧੁਨੀ ਤੇ ਸੰਗੀਤ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ ।

ਅਨੁਪ੍ਰਾਸ : ਇਹ ਇਕ ਸ਼ਬਦ ਅਲੰਕਾਰ ਹੈ । ਜਦ ਕਿਸੇ ਕਾਵਿ-ਪੰਕਤੀ ਵਿਚ ਇਕੋ ਅੱਖਰ ਜਾਂ ਇਕੋ ਥਾਂ ਤੋਂ ਉਚਾਰੇ ਜਾਣ ਵਾਲੇ ਅੱਖਰ ਦਾ ਆਦਿ, ਮੱਧ ਜਾਂ ਅੰਤ ਵਿਚ ਕਈ ਵਾਰ ਪ੍ਰਯੋਗ ਕੀਤਾ ਜਾਵੇ ਤਾਂ ਅਨੁਪ੍ਰਾਸ ਅਲੰਕਾਰ ਮੰਨਿਆ ਜਾਂਦਾ ਹੈ । ਅੱਖਰਾਂ ਦੇ ਅਜਿਹੇ ਪ੍ਰਯੋਗ ਨਾਲ ਕਵਿਤਾ ਵਿਚ ਸੰਗੀਤ ਪੈਦਾ ਹੁੰਦਾ ਹੈ । ਆਸਾ ਦੀ ਵਾਰ ਵਿਚ ਅਨੁਪ੍ਰਾਸ ਦੇ ਕਈ ਭੇਦ ਦ੍ਰਿਸ਼ਟੀਗੋਚਰ ਹੁੰਦੇ ਹਨ । ਇਕੋ ਅੱਖਰ (ਭ) ਦੇ ਸ਼ਬਦਾਂ ਦੇ ਆਦਿ ਵਿਚ ਕੀਤੇ ਪ੍ਰਯੋਗ ਨਾਲ ਉਤਪਨ ਅਨੁਪ੍ਰਾਸ ਦੀ ਇਕ ਵੰਨਗੀ ਵੇਖੋ :

ਆਪੀਨੈ ਭੋਗ ਭੋਗਿ ਕੈ ਹੋਇ
ਭਸਮੜਿ ਭਉਰ ਸਿਧਾਇਆ ।।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀਪਸਾ : ਵੀਪਸਾ ਸ਼ਬਦ ਅਲੰਕਾਰ ਦਾ ਇਕ ਭੇਦ ਹੈ। ਖ਼ੁਸ਼ੀ, ਗ਼ਮੀ ਆਦਿ ਦੇ ਪ੍ਰਭਾਵ ਅਧੀਨ ਜਦ ਕਵਿਤਾ ਵਿਚ ਕਿਸੇ ਖ਼ਾਸ ਸ਼ਬਦ ਦੀ ਵਾਰ ਵਾਰ ਵਰਤੋਂ ਕੀਤੀ ਜਾਵੇ ਤਾਂ ਵੀਪਸਾ ਅਲੰਕਾਰ ਮੰਨਿਆ ਜਾਂਦਾ ਹੈ। ਆਸਾ ਦੀ ਵਾਰ ਵਿਚ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਉਦਾਹਰਣ ਵਜੋਂ "ਪੜਿ" ਸ਼ਬਦ ਦਾ ਪ੍ਰਯੋਗ ਵੇਖੋ :

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

ਅਰਥ ਅਲੰਕਾਰ

ਜਦ ਕਵਿਤਾ ਦੇ ਅਰਥਾਂ ਵਿਚ ਸੁਹਜ ਦੀ ਉਤਪਤੀ ਹੋਵੇ ਤਾਂ ਅਰਥ ਅਲੰਕਾਰ ਦੀ ਉਤਪਤੀ ਮੰਨੀ ਜਾਂਦੀ ਹੈ। ਅਰਥ ਅਲੰਕਾਰ ਕਵੀ ਦੇ ਭਾਵਾਂ ਨੂੰ ਖ਼ੂਬਸੂਰਤੀ ਪ੍ਰਦਾਨ ਕਰਦੇ ਹਨ।

ਉਪਮਾ : ਜਦ ਉਪਮੇਯ ਤੇ ਉਪਮਾਨ ਵਿਚਕਾਰ ਕਿਸੇ ਸਾਂਝੇ ਧਰਮ ਦੀ ਕਲਪਨਾ ਕੀਤੀ ਜਾਵੇ ਤਾਂ ਉਪਮਾ ਅਲੰਕਾਰ ਦੀ ਉਤਪਤੀ ਹੁੰਦੀ ਹੈ। ਉਦਾਹਰਣ ਵਜੋਂ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਮਨ ਵਿਚ ਵਿਦਮਾਨ "ਹਉਮੈ" ਨੂੰ ਇਕ ਲੰਮੇ ਰੋਗ ਸਮਾਨ ਮੰਨਿਆ ਹੈ, ਜਿਵੇਂ :

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥

ਰੂਪਕ : ਉਪਮੇਯ ਨੂੰ ਉਪਮਾਨ ਵਿਚ ਅਭੇਦ ਸਮਝ ਕੇ ਕੀਤਾ ਗਿਆ ਵਰਣਨ ਰੂਪਕ ਦੀ ਸਿਰਜਨਾ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਵਾਰ ਵਿਚ ਆਪਣੇ ਭਾਵਾਂ ਨੂੰ ਰੂਪਮਾਨ ਕਰਨ ਲਈ ਥੋੜੇ ਜਹੇ ਪਰ ਸੁੰਦਰ ਰੂਪਕਾਂ ਦੀ ਸਿਰਜਨਾ ਕੀਤੀ ਹੈ। ਕੁਝ ਵੰਨਗੀ ਵੇਖੋ :

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਇਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਵੀਚਾਰੁ ॥...

ਦੂਖੁ ਦਾਰੂ ਸੁਖੁ ਰੋਗੁ ਭਇਆ, ਜਾ ਸੁਖੁ ਤਾਮਿ ਨ ਹੋਈ ॥
ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥...

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਵਿ-ਅਲੰਕਾਰ : ਜਦ ਵਿਸ਼ੇਸ਼ ਯੁਕਤੀ ਨਾਲ ਕਵਿਤਾ ਵਿਚ ਅੰਕਿਤ ਭਾਵਾਂ ਨੂੰ ਸਪਸ਼ਟ ਕੀਤਾ ਜਾਵੇ ਤਾਂ ਕਾਵਿ-ਅਲੰਕਾਰ ਦੀ ਹੋਂਦ ਮੰਨੀ ਜਾਂਦੀ ਹੈ ਜਿਵੇਂ :

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨ ਨ ਹੋਇ ॥

ਯੁਕਤੀ ਅਲੰਕਾਰ : ਜਦ ਕਿਸੇ ਵਿਚਾਰ ਦਾ ਦਲੀਲ ਨਾਲ ਖੰਡਨ ਜਾਂ ਮੰਡਨ ਕੀਤਾ ਜਾਵੇ ਤਾਂ ਯੁਕਤੀ ਅਲੰਕਾਰ ਦੀ ਹੋਂਦ ਮੰਨੀ ਜਾਂਦੀ ਹੈ, ਜਿਵੇ :

ਜੇ ਕਰਿ ਸੂਤਕੁ ਮੰਨੀਐ ਸਭੁ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥

ਵਿਪਰਯੈ ਅਲੰਕਾਰ : ਜਦ ਕਵਿਤਾ ਵਿਚ ਵਿਰੋਧੀ ਗਿਆਨ ਦਾ ਵਰਣਨ ਕੀਤਾ ਜਾਵੇ ਤਾਂ ਵਿਪਰਯੈ ਅਲੰਕਾਰ ਮੰਨਿਆ ਜਾਂਦਾ ਹੈ, ਜਿਵੇਂ :

ਵਾਇਨਿ ਚੇਲੇ ਨਚਨਿ ਗੁਰ ॥
ਪੈਰ ਹਲਾਇਨਿ ਫੇਰਨਿ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥
ਵੇਖੈ ਲੋਕੁ ਹਸੈ ਘਰਿ ਜਾਇ ॥

ਉਲੇਖ ਅਲੰਕਾਰ : ਜਦ ਇਕ ਹੀ ਵਸਤੂ ਦੀ ਵੱਖ ਵੱਖ ਰੂਪਾਂ ਵਿਚ ਕਲਪਨਾ ਕੀਤੀ ਜਾਵੇ ਤਾਂ ਉਲੇਖ ਅਲੰਕਾਰ ਦੀ ਉਤਪਤੀ ਹੁੰਦੀ ਹੈ। ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਭਾਵਾਂ ਨੂੰ ਦ੍ਰਿੜ੍ਹਾਉਣ ਲਈ ਇਕ ਵਿਚਾਰ ਨੂੰ ਕਈ ਰੂਪਾਂ ਵਿਚ ਦੁਹਰਾਇਆ ਹੈ। ਅਜਿਹੀ ਇਕ ਉਦਾਹਰਣ ਵੇਖੋ ਜਿਸ ਵਿਚ ਕੂੜ ਦੀ ਕਲਪਨਾ ਕਈ ਰੂਪਾਂ ਵਿਚ ਕੀਤੀ ਗਈ ਹੈ, ਜਿਵੇਂ :

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣ ਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥
ਕੂੜੁ ਮਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥

ਕਾਵਿ ਰਸ :

ਭਾਵ, ਵਿਭਾਵ ਤੇ ਸੰਚਾਰੀ ਭਾਵ ਦੇ ਸੁਮੇਲ ਨਾਲ ਕਵਿਤਾ ਵਿਚ ਕਾਵਿ-ਰਸ ਦੀ ਉਤਪਤੀ ਹੁੰਦੀ ਹੈ। ਕਾਵਿ-ਰਸ ਬਿਨਾਂ ਕਵਿਤਾ ਨੀਰਸ ਜਹੀ ਲਿਖਤ ਬਣ ਕੇ ਰਹਿ ਜਾਂਦੀ ਹੈ। ਰਸ ਸੰਪਰਦਾਇ ਦਾ ਮੋਢੀ ਵਿਸ਼ਵਾ ਨਾਥ ਰਸੀਲੀ ਬਾਣੀ ਨੂੰ ਹੀ ਕਵਿਤਾ ਮੰਨਦਾ ਹੈ।[11] ਪੰਡਿਤ ਰਾਮ ਦਹਨ ਮਿਸ਼ਰ ਦੇ ਕਥਨ ਅਨੁਸਾਰ ਰਸ ਤੋਂ ਬਿਨਾਂ ਕਵਿਤਾ ਕਵਿਤਾ ਅਖਵਾਉਣ ਦੀ ਹੱਕਦਾਰ ਨਹੀਂ।[12] ਇਸ ਤਰ੍ਹਾਂ ਕਾਵਿ-ਰਸ ਨੂੰ ਕਵਿਤਾ ਦੇ ਪ੍ਰਾਣ-ਤੱਤ ਦੇ ਰੂਪ ਵਿਚ ਸਵੀਕਾਰ ਕੀਤਾ ਜਾ ਸਕਦਾ ਹੈ।

ਆਸਾ ਦੀ ਵਾਰ ਕਾਵਿ-ਰਸ ਨਾਲ ਭਰਪੂਰ ਰਸੀਲੀ ਬਾਣੀ ਹੈ। ਇਹ ਇਕ ਅਧਿਆਤਮਕ ਵਾਰ ਹੈ, ਇਸ ਲਈ ਇਸ ਵਿਚ ਸ਼ਾਂਤ ਰਸ ਹੀ ਪ੍ਰਧਾਨ ਰੂਪ ਵਿਚ ਹੋਣਾ ਚਾਹੀਦਾ ਸੀ ਪਰ ਅਜਿਹਾ ਨਹੀਂ। ਵਾਰ ਵਿਚ ਧਾਰਮਿਕ ਭੇਖਾਂ ਤੇ ਸਮਾਜਕ ਰਹੁ ਰੀਤਾਂ ਤੇ ਕੀਤੀ ਗਈ ਟਿੱਪਣੀ ਦੇ ਫਲ ਸਰੂਪ ਰੌਦਰ, ਭਿਆਨਕ ਤੇ ਸ਼ਾਂਤ ਰਸ ਦੀ ਵੀ ਬਰਾਬਰ ਉਤਪਤੀ ਹੋਈ ਹੈ।

ਸ਼ਿੰਗਾਰ ਰਸ—ਸ਼ਿੰਗਾਰ ਰਸ ਨੂੰ ਕਵਿਤਾਂ ਦੇ ਰਸਾਂ ਵਿਚ ਸ਼ਿਰੋਮਣੀ ਸਥਾਨ ਪ੍ਰਾਪਤ ਹੈ ਤੇ ਇਸ ਨੂੰ ਰਸਾਂ ਦਾ ਸਮਰਾਟ ਮੰਨਿਆ ਜਾਂਦਾ ਹੈ। ਇਸ ਰਸ ਦਾ ਸਥਾਈ ਭਾਵ ਹੈ—ਪ੍ਰੇਮ (ਰਤਿ)। ਆਸਾ ਦੀ ਵਾਰ ਵਿਚ ਪ੍ਰਭੂ ਪ੍ਰੇਮ ਦਾ ਗਾਇਨ ਸ਼ਿੰਗਾਰ ਦੀ ਉਤਪਤੀ ਲਈ ਸਾਰਥਿਕ ਸਿੱਧ ਹੋਇਆ ਹੈ। ਪ੍ਰਭੂ ਪ੍ਰੇਮ ਵਿਚ ਲੀਨ ਸਾਧਕ ਆਪਣੇ ਸਤਿਗੁਰ ਤੋਂ ਬਲਿਹਾਰ ਜਾਂਦਾ ਹੈ ਜਿਵੇਂ :

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਨਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥

ਸ਼ਾਂਤ ਰਸ—ਵੈਰਾਗ ਸ਼ਾਂਤ ਰਸ ਦਾ ਸਥਾਈ ਭਾਵ ਹੈ। ਜੀਵਨ ਤੋਂ ਉਪਰਾਮਤਾ ਤੇ ਪ੍ਰਭੂ ਭਗਤੀ ਵਿਚ ਲੀਨ ਹੋਣ ਦਾ ਵਰਣਨ ਕਵਿਤਾ ਵਿਚ ਸ਼ਾਂਤ ਰਸ ਉਤਪਨ ਕਰਦਾ ਹੈ। ਆਸਾ ਦੀ ਵਾਰ ਵਿਚ ਮਨੁੱਖ ਨੂੰ ਸੰਸਾਰ ਦੀ ਨਾਸ਼ਮਾਨਤਾ ਦਾ ਗਿਆਨ ਕਰਵਾ ਕੇ ਪ੍ਰਭੂ ਭਗਤੀ ਲਈ ਪ੍ਰੇਰਨਾ ਕੀਤੀ ਗਈ ਹੈ ਅਤੇ ਅਜਿਹਾ ਵਰਣਨ ਸ਼ਾਂਤ ਰਸ ਉਤਪਨ ਕਰਨ ਵਿਚ ਸਹਾਈ ਹੋਇਆ ਹੈ, ਜਿਵੇਂ :

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਕਮੁ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥
ਕਰਿ ਅਉਗਣ ਪਛੋਤਾਵਣਾ ॥...

ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥
ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਇਐ ॥
ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥
ਜੇ ਜਰਵਾਣਾ ਪਰਹਰੈ ਜਰੁ ਵੇਸੁ ਕਰੇਦੀ ਆਈਐ
ਕੋ ਰਹੈ ਨ ਭਰੀਐ ਪਾਈਐ ॥

ਅਦੁਭੁਤ ਰਸ : ਵਿਸਮਯ ਅਰਥਾਤ ਹੈਰਾਨੀ ਇਸ ਰਸ ਦਾ ਸਥਾਈ ਭਾਵ ਹੈ। ਕਵਿਤਾ ਵਿਚ ਅਨੋਖੀਆਂ ਵਸਤੰ ਜਾਂ ਸਥਿਤੀ ਦਾ ਵਰਣਨ ਅਦੁਭੁਤ ਰਸ ਉਤਪਨ ਕਰਦਾ ਹੈ। ਪ੍ਰਭੂ ਦੀ ਅਨੰਤਤਾ ਦਾ ਅਨੁਭਵ ਅਚਰਜਤਾ ਤੇ ਆਤਮਕ ਅਨੰਦ ਪੈਦਾ ਕਰਦਾ ਹੈ। ਨਿੰਮਨਾਂਕਤ ਅਜਿਹੀਆਂ ਕਾਵਿ-ਪੰਕਤੀਆਂ ਅਜਿਹੀ ਵਿਸਮੈਕਾਰੀ ਅਵਸਥਾ ਦਾ ਵਰਨਣ ਕਰਦੀਆਂ ਹਨ ਜਿਸ ਦੇ ਫਲਸਰੂਪ ਅਦੁਭੁਤ ਰਸ ਉਤਪਨ ਹੋਇਆ ਹੈ।

ਵਿਸਮਾਦੁ ਨਾਦ ਵਿਸਮਾਦੁ ਵੇਦ ॥
ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫਿਰਹਿ ਜੰਤ ॥...

ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥

ਭਿਆਨਕ ਰਸ : ਭਿਆਨਕ ਰਸ ਦਾ ਸਥਾਈ-ਭਾਵ ਹੈ ਡਰ ਜਾਂ ਭੈ। ਡਰਾਉਣੇ ਜੀਵ-ਜੰਤੂ ਤੇ ਜ਼ਾਲਮ ਹੁਕਮਰਾਨਾਂ ਦੇ ਜ਼ੁਲਮ ਦਾ ਵਰਨਣ ਕਵਿਤਾ ਵਿਚ ਭਿਆਨਕ ਰਸ ਉਤਪਨ ਕਰਦਾ ਹੈ। ਨਿਰਭੈ ਪ੍ਰਭੂ ਦੇ ਭੈਅ ਵਿਚ ਗ੍ਰਸਤ ਸ੍ਰਿਸ਼ਟੀ ਦਾ ਪ੍ਰਭਾਵਸ਼ਾਲੀ ਵਰਣਨ ਭਿਆਨਕ ਰਸ ਦੀ ਵਧੀਆ ਉਦਾਹਰਣ ਹੈ, ਜਿਵੇਂ :

ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰਿਆਉ ॥
ਭੈ ਵਿਚਿ ਅਗਨਿ ਕਢੈ ਵੇ ਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥...

...ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥

ਰੌਦਰ ਰਸ : ਕ੍ਰੋਧ ਰੌਦਰ ਰਸ ਦਾ ਸਥਾਈ ਭਾਵ ਹੈ। ਕਿਸੇ ਵਿਰੋਧੀ ਵਲੋਂ ਆਪਣੇ ਧਰਮ, ਕੌਮ ਆਦਿ ਪ੍ਰਤੀ ਨਿੰਦਣਯ ਸ਼ਬਦਾਂ ਨਾਲ ਮਨ ਵਿਚ ਕ੍ਰੋਧ ਉਪਜਦਾ ਹੈ ਜਿਸ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰਣਨ ਰੌਦਰ ਰਸ ਉਤਪਨ ਕਰਦਾ ਹੈ। ਧਰਮ ਦੇ ਨਾਂ ਤੇ ਕਰਮ-ਕਾਂਡਾਂ ਵਿਚ ਫੱਸੇ ਨਾਮ-ਵਿਹੂਣੇ ਵਿਅਕਤੀਆਂ ਬਾਰੇ ਗੁਰੂ ਨਾਨਕ ਦੇਵ ਜੀ ਦੀ ਟਿੱਪਣੀ ਵਿਚੋਂ ਕ੍ਰੋਧ ਦੀ ਝਲਕ ਮਿਲਦੀ ਹੈ ਜੋ ਰੌਦਰ ਰਸ ਭਰਪੂਰ ਹੈ, ਜਿਵੇਂ :

ਲਿਖਿ ਲਿਖਿ ਪੜਿਆ ਤੇਤਾ ਕੜਿਆ ॥...

ਸਤਿਗੁਰੁ ਭੇਟੇ ਸੁ ਸੁਖੁ ਪਾਏ ॥

ਕਰੁਣਾ ਰਸ : ਸ਼ੋਕ (ਗ਼ਮ) ਕਰੁਣਾ ਰਸ ਦਾ ਸਥਾਈ ਭਾਵ ਹੈ। ਕਿਸੇ ਮਿੱਤਰ ਪਿਆਰੇ ਦੀ ਲੰਮੀ ਜੁਦਾਈ ਜਾਂ ਮੌਤ ਜਾਂ ਕਿਸੇ ਹੋਰ ਦੁਖਦਾਈ ਘਟਨਾ ਦਾ ਕਵਿਤਾ ਵਿਚ ਕੀਤਾ ਗਿਆ ਵਰਣਨ ਕਰੁਣਾ ਰਸ ਪੈਦਾ ਕਰਦਾ ਹੈ। ਸੰਸਾਰਕ ਭੋਗਾਂ ਵਿਚ ਗ੍ਰਸਤ ਪ੍ਰਾਣੀ ਦੇ ਦੁਖਦਾਈ ਭਵਿਖ ਦਾ ਵਰਣਨ ਕਰੁਣਾ ਰਸ ਉਤਪਨ ਕਰਨ ਵਿਚ ਸਹਾਈ ਹੋਇਆ ਹੈ, ਜਿਵੇਂ :

ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥
ਮਨਿ ਅੰਧੈ ਜਨਮੁ ਗਵਾਇਆ ॥

ਹਾਸ ਰਸ : ਹਾਸ ਰਸ ਦਾ ਸਥਾਈ ਭਾਵ ਪ੍ਰਸੰਨਤਾ ਹੈ। ਵਿਗੜਿਆ ਰੂਪ, ਗ਼ਲਤ ਉਚਾਰਣ, ਅਜੀਬ ਪਹਿਰਾਵਾ ਆਦਿ ਹਾਸ ਰਸ ਪੈਦਾ ਕਰਦਾ ਹੈ। ਆਸਾ ਦੀ ਵਾਰ ਭਾਵੇਂ ਭਗਤੀ ਭਾਵਨਾ ਵਾਲੀ ਰਚਨਾ ਹੈ ਪਰ ਫਿਰ ਵੀ ਕੋਈ ਕਥਨ ਮਿਲ ਹੀ ਜਾਂਦਾ ਹੈ ਜੋ ਹਾਸ-ਰਸ ਭਰਪੂਰ ਹੋਵੇ। ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਵਿਚ ਧਰਮ ਦੇ ਨਾਂ ਤੇ ਸਵਾਰਥ ਲਈ ਹੋ ਰਹੇ ਪਾਖੰਡ ਦਾ ਕੀਤਾ ਗਿਆ ਚਿਤ੍ਰਣ ਨਿਸ਼ਚੇ ਹੀ ਹਾਸ-ਰਸ ਭਰਪੂਰ ਹੈ, ਜਿਵੇਂ :

ਵਾਇਨਿ ਚੇਲੇ ਨਚਨਿ ਗੁਰ ॥
ਪੈਰ ਹਲਾਇਨ ਫੇਰਨਿ੍ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥
ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥
ਆਪੁ ਪਛਾੜਹਿ ਧਰਤੀ ਨਾਲਿ ॥

ਵੀਭਤਸ ਰਸ : ਘਿਰਣਾ ਵੀਭਤਸ ਰਸ ਦਾ ਸਥਾਈ ਭਾਵ ਹੈ। ਕਵਿਤਾ ਵਿਚ ਮੁਰਦਾ, ਗੰਦਗੀ ਆਦਿ ਘਿਨੌਣੀਆਂ ਵਸਤਾਂ ਦੇ ਵਰਣਨ ਦੁਆਰਾ ਵੀਭਤਸ ਰਸ ਦੀ ਉਤਪਤੀ ਹੁੰਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ । ਨਿੰਮਨਅੰਕਤ ਕਾਵਿ ਪੰਕਤੀਆਂ ਵਿਚ ਕਰਮ ਕਾਂਡਾਂ ਵਿਚ ਫਸੇ ਨਾਮ ਵਿਹੂਣੇ ਵਿਅਕਤੀ ਦੀ ਘਨੌਣੀ ਤਸਵੀਰ ਉਘੜਦੀ ਹੈ ਜਿਸ ਦੇ ਫਲਸਰੂਪ ਵੀਭਤਸ ਰਸ ਉਤਪਨ ਹੁੰਦਾ ਹੈ।

ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥...
ਤਗੁ ਇੰਦ੍ਰੀ ਨ ਤਗੁ ਨ ਨਾਰੀ ॥
ਭਲਕੇ ਥੁਕ ਪਵੈ ਨਿਤ ਦਾੜੀ ॥

ਬਿੰਬ ਵਿਧਾਨ

ਕਾਵਿ-ਬਿੰਬ ਕਾਵਿ-ਸ਼ੈਲੀ ਦਾ ਇਕ ਮਹੱਤਵਪੂਰਣ ਤੱਤ ਹੈ । ਲੀਵਸ ਦੇ ਕਥਨ ਅਨੁਸਾਰ, "ਕਾਵਿ-ਬਿੰਬ ਥੋੜੇ ਜਹੇ ਵਾਧੇ-ਘਾਟੇ ਨਾਲ, ਇਕ ਇੰਦ੍ਰਿਆਈ ਸ਼ਬਦ-ਚਿਤ੍ਰ ਹੈ, ਜੋ ਥੋੜਾ ਜਿਹਾ ਰੂਪਕਮਈ ਹੁੰਦਾ ਹੈ, ਜਿਸ ਦੀ ਸੀਰਤ ਵਿਚ ਕੁਝ ਕੁ ਮਨੁੱਖੀ ਭਾਵਾਂ ਦੀ ਰੰਗਤ ਹੁੰਦੀ ਹੈ, ਜੋ ਵਿਸ਼ੇਸ਼ ਕਾਵਿਕ ਭਾਵ ਤੇ ਆਵੇਗ ਨਾਲ ਭਰਪੂਰ ਹੁੰਦਾ ਹੈ ਅਤੇ ਇਸ ਦਾ ਸੰਚਾਰ ਪਾਠਕ ਦੇ ਮਨ ਵਿਚ ਕਰਦਾ ਹੈ ।[13] ਕਾਵਿ-ਬਿੰਬ ਕਾਵਿ-ਅਭਿ-ਵਿਅਕਤੀ ਦਾ ਸਭ ਤੋਂ ਵਧੀਆ ਸਾਧਨ ਹੈ ਤੇ ਇਹ ਕਵੀ ਦੀ ਉਚੇਰੀ ਕਾਵਿ-ਪ੍ਰਤਿਭਾ ਦਾ ਸੂਚਿਕ ਮੰਨਿਆ ਜਾਂਦਾ ਹੈ :

ਕਾਵਿ-ਬਿੰਬ ਨਾਨਕਬਾਣੀ ਦੀ ਕਾਵਿ-ਸ਼ੈਲੀ ਦੀ ਅੰਤਰ ਆਤਮਾ ਹੈ ਪਰ ਆਸਾ ਦੀ ਵਾਰ ਵਿਚ ਉਨ੍ਹਾਂ ਨੇ ਦਲੀਲਬਾਜੀ ਉਤੇ ਵਧੇਰੇ ਬਲ ਦਿੱਤਾ ਹੈ । ਜਿਸ ਦੇ ਫਲਸਰੂਪ ਇਸ ਕਾਵਿ-ਰਚਨਾ ਵਿਚ ਬਿੰਬਾਂ ਦਾ ਪ੍ਰਯੋਗ ਬਹੁਤ ਘੱਟ ਹੋਇਆ ਹੈ । ਫਿਰ ਵੀ ਜੋ ਬਿੰਬ ਗੁਰੂ ਨਾਨਕ ਜੀ ਨੇ ਸਿਰਜੇ ਹਨ ਬੜੇ ਖ਼ੂਬਸੂਰਤ ਤੇ ਪ੍ਰਭਾਵਸ਼ਾਲੀ ਹਨ। ਬਿੰਬਾਵਲੀ ਦਾ ਪ੍ਰਮੁੱਖ ਸਰੋਤ ਪ੍ਰਕ੍ਰਿਤੀ ਤੇ ਜਨ-ਜੀਵਨ ਹੈ। ਵੱਖ ਵੱਖ ਵਿਚਾਰਾਂ ਜਾਂ ਵਿਚਾਰਾਂ ਲਈ ਪ੍ਰਯੁੱਕਤ ਬਿੰਬਾਂ ਦਾ ਵਿਸ਼ਲੇਸ਼ਣ ਅਸੀਂ ਹੇਠਾਂ ਕਰ ਰਹੇ ਹਾਂ ।

ਮਨੁੱਖੀ ਜੀਵਨ : ਮਨੁੱਖੀ ਜੀਵਨ, ਵਿਸ਼ੇਸ਼ ਕਰਕੇ ਮਨੁੱਖੀ ਸਰੀਰ ਅਤੇ ਉਸ ਦੀ ਸੰਸਾਰ-ਯਾਤ੍ਰਾ ਬਾਰੇ ਆਸਾ ਦੀ ਵਾਰ ਵਿਚ ਪ੍ਰਯੁਕਤ ਕੀਤੇ ਗਏ ਬਿੰਬ ਬੜੇ ਖ਼ੂਬਸੂਰਤ ਤੇ ਵਿਅੰਜਨਾ ਭਰਪੂਰ ਹਨ । ਮਨੁੱਖ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਚੰਗੇ-ਮੰਦੇ ਕਾਰਜਾਂ ਵਿਚ ਜੁਟਿਆ ਰਹਿੰਦਾ ਹੈ । ਇਸ ਪ੍ਰਸੰਗ ਵਿਚ ਗੁਰੂ ਨਾਨਕ ਜੀ ਨੇ ਭਾਂਡੇ (ਬਰਤਨ) ਦਾ ਬਿੰਬ ਪ੍ਰਯੁੱਕਤ ਕੀਤਾ ਹੈ, ਜਿਵੇਂ :

ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥
ਇਕਨੀ ਦੁਧੁ ਸਮਾਈਐ, ਇਕਿ ਚੁਲੈ ਰਹਨਿ ਚੜੇ ॥
ਇਕਿ ਨਿਹਾਲੀ ਪੈ ਸਵਨਿ੍ ਇਕਿ ਉਪਰਿ ਰਹਨਿ ਖੜੇ ॥
ਤਿਨ੍ਹਾ ਸਵਾਰੇ ਨਾਨਕਾ ਜਿਨਿ੍ ਕਉ ਨਦਰਿ ਕਰੇ ॥

ਸਰੀਰ ਨੂੰ ਗੁਰੂ ਜੀ ਨੇ ਰਥ ਅਤੇ ਇਸ ਨੂੰ ਚਲਾਉਣ ਵਾਲੀ ਪ੍ਰੇਰਕ ਸ਼ਕਤੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਥਵਾਨ ਦਾ ਰੂਪ ਦਿੱਤਾ ਹੈ, ਅਰਥਾਤ :

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਹੁ ॥
ਜੁਗੁ ਜੁਗੁ ਫੇਰਿ ਵਟਾਈਅਹਿ, ਗਿਆਨੀ ਬੁਝਹਿ ਤਾਹਿ ॥...
ਕਲ ਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥

ਇਸ ਤਰ੍ਹਾਂ ਸਰੀਰ ਦੀ ਕਲਪਨਾ ਜੀਵਾਤਮਾ ਦੇ ਕਪੜੇ ਦੇ ਰੂਪ ਵਿਚ ਕੀਤੀ ਹੈ, ਜਿਵੇਂ

ਕਪੜੁ ਰੂਪ ਸੁਹਾਵਿਣਾ ਛਡਿ ਦੁਨੀਆ ਅੰਦਰਿ ਜਾਵਣਾ ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥

ਗੁਰੂ ਨਾਨਕ ਜੀ ਨੇ ਜੀਵਾਤਮਾ ਨੂੰ ਭੰਵਰੇ ਦਾ ਰੂਪ ਦਿੱਤਾ ਹੈ। ਮਨੁੱਖ ਸੰਸਾਰ ਵਿਚ ਆ ਕੇ ਇਹ ਭੋਗ ਭੋਗਦਾ ਹੈ ਤੇ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਜੀਵਨ ਵਿਅਰਥ ਗੁਆ ਕੇ ਤੁਰ ਜਾਂਦਾ ਹੈ, ਅਰਥਾਤ :

ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰ ਸਿਧਾਇਆ ।
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥...
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ।
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥
ਮਨਿ ਅੰਧੈ ਜਨਮੁ ਗਵਾਇਆ ॥

ਪਰਮਾਤਮਾ ਤੇ ਜੀਵਾਤਮਾ ਦੇ ਸੰਬੰਧ ਦਾ ਨਿਰੂਪਣ ਮਾਲਕ ਤੇ ਦਾਸ ਦੇ ਉਪਮਾਨ ਦੁਆਰਾ ਕੀਤਾ ਗਿਆ ਹੈ, ਜਿਵੇਂ :

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥
ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭੀ ਦੂਣਾ ਖਾਇ ॥
ਖਸਮੈ ਕਰੇ ਬਰਾਬਰੀ, ਫਿਰਿ ਗੈਰਤਿ ਅੰਦਰਿ ਪਾਇ ॥
ਵਜਹੁ ਗਵਾਏ ਅਗਲਾ, ਮੁਹੇ ਮੁਹਿ ਪਾਣਾ ਖਾਇ ॥
ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥
ਨਾਨਕੁ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥

ਪਰਮਾਤਮਾ ਦੇ ਦਰ ਉਤੇ ਤਿਲਾਂ ਵਾਂਗ ਪੀੜੇ ਜਾਣ ਉਤੇ ਹੀ ਛੁਟਕਾਰਾ ਮਿਲਦਾ ਹੈ, ਅਰਥਾਤ :

ਦਰ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥

ਸਤਿਗੁਰ, ਸਿਮਰਨ ਤੇ ਗਿਆਨ : ਸਤਿਗੁਰ, ਸਿਮਰਨ ਤੇ ਗਿਆਨ ਸਿੱਖ ਚਿੰਤਨ ਦੇ ਪ੍ਰਮੁੱਖ ਤੱਤ ਹਨ ਜਿਨ੍ਹਾਂ ਦੇ ਨਿਰੂਪਣ ਲਈ ਗੁਰੂ ਨਾਨਕ ਜੀ ਨੇ ਬੜੇ ਖ਼ੂਬਸੂਰਤ ਬਿੰਬਾਂ ਦਾ ਪ੍ਰਯੋਗ ਕੀਤਾ ਹੈ। ਆਸਾ ਦੀ ਵਾਰ ਵਿਚ ਸਤਿਗੁਰ ਲਈ ਜਹਾਜ਼ ਦਾ ਬਿੰਬ ਪ੍ਰਯੁਕਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੀਤਾ ਗਿਆ ਹੈ, ਜਿਵੇਂ :

ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥

ਗੁਰੂ ਨਾਨਕ ਜੀ ਨੇ ਆਪਣੇ ਆਪ ਨੂੰ ਪ੍ਰਭੂ ਦਾ ਜਸ ਗਾਉਣ ਵਾਲੇ ਢਾਡੀ ਦਾ ਰੂਪ ਦਿੱਤਾ ਹੈ, ਜਿਵੇ :

ਤਉ ਢਾਡੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥

ਗੁਰੂ ਦੁਆਰਾ ਆਤਮਿਕ ਗਿਆਨ ਦੀ ਪ੍ਰਾਪਤੀ ਦੇ ਪ੍ਰਸੰਗ ਵਿਚ ਜਲ ਅਤੇ ਕੁੰਭ (ਪਾਣੀ ਤੇ ਕੂੰਜਾ) ਦਾ ਖ਼ੂਬਸੂਰਤ ਬਿੰਬ ਵਰਤਿਆ ਗਿਆ ਹੈ, ਜਿਵੇਂ :

ਕੁੰਭੇ ਬੱਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨ ਗਿਆਨੁ ਨ ਹੋਇ ॥

ਗਿਆਨ ਲਈ ਸੁਰਮੇ ਦਾ ਖ਼ੂਬਸੂਰਤ ਬਿੰਬ ਪ੍ਰਯੁਕਤ ਕੀਤਾ ਗਿਆ ਹੈ, ਜਿਵੇਂ :

ਜਿਨਿ ਕਰਿ ਉਪਦੇਸ਼ ਗਿਆਨ ਅੰਜਨੁ ਦੀਆ
ਇਨੀ ਨੇਤ੍ਰੀ ਜਗਤੁ ਨਿਹਾਲਿਆ ॥

ਪ੍ਰਭੂ ਦੇ ਨਾਮ ਲਈ ਬੀਜ ਅਤੇ ਦੁਬਿਧਾ ਗ੍ਰਸਤ ਮਨ ਨੂੰ ਗੁਰੂ ਨਾਨਕ ਜੀ ਨੇ ਦੌਫਾੜ ਹੋਈ ਦਾਲ ਦਾ ਰੂਪ ਦਿੱਤਾ ਹੈ। ਪ੍ਰਭੂ-ਸਿਮਰਨ ਦੇ ਪ੍ਰਸੰਗ ਵਿਚ ਵਰਤੇ ਗਏ ਇਹ ਬਿੰਬ ਬੜੇ ਪ੍ਰਭਾਵਸ਼ਾਲੀ ਹਨ, ਜਿਵੇਂ :

ਬੀਉ ਬੀਜ ਪਤਿ ਲੈ ਗਏ ਅਬ ਕਿਉਂ ਉਗਵੈ ਦਾਲਿ ॥...
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥

ਨਾਮ-ਵਿਹੂਣੇ ਪ੍ਰਾਣੀ ਦੇ ਜੀਵਨ ਦੀ ਨਿਰਾਰਥਕਤਾ ਦੇ ਨਿਰੂਪਣ ਲਈ ਗੁਰੂ ਨਾਨਕ ਜੀ ਨੇ ਤਿਲ ਬੁਆੜਾ ਅਤੇ ਸਿੰਮਲ ਦਾ ਪ੍ਰਭਾਵਸ਼ਾਲੀ ਬਿੰਬ ਪ੍ਰਯੁਕਤ ਕੀਤਾ ਹੈ, ਜਿਵੇਂ :

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੁਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥...
ਸਿੰਮਲ ਰੁਖੁ ਸਰਾਇਆ ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕ ਬਕੇ ਕੰਮਿ ਨ ਆਵਹਿ ਪਤੁ ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

ਯੁੱਗ-ਚਿੱਤ੍ਰਣ : ਆਪਣੀ ਸਮਕਾਲੀ ਰਾਜਸੀ ਤੇ ਧਾਰਮਿਕ ਅਵਸਥਾ ਦਾ ਚਿੱਤ੍ਰਣ ਕਰਦਿਆਂ ਗੁਰੂ ਨਾਨਕ ਜੀ ਨੇ ਬੜੇ ਪ੍ਰਭਾਵਸ਼ਾਲੀ ਬਿੰਬ ਪ੍ਰਯੁਕਤ ਕੀਤੇ ਹਨ। ਲੋਭ ਨੂੰ ਰਾਜਾ, ਪਾਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਉਸ ਦਾ ਵਜ਼ੀਰ ਅਤੇ ਕੂੜ ਨੂੰ ਚੌਧਰੀ ਦਾ ਰੂਪ ਦਿੱਤਾ ਹੈ। ਗਿਆਨ ਤੋਂ ਸੱਖਣੀ ਜਨਤਾ ਨੂੰ ਅੰਨੀ ਅਤੇ ਤ੍ਰਿਸ਼ਨਾ ਲਈ ਅਗਨੀ ਦਾ ਬਿੰਬ ਵਰਤਿਆ ਗਿਆ ਹੈ। ਨਿੰਮਨਾਂਕਿਤ ਕਾਵਿ-ਪੰਕਤੀਆਂ ਵਿਚ ਅਜਿਹੇ ਬਿੰਬਾਂ ਦੀ ਵਰਤੋਂ ਕੀਤੀ ਗਈ ਹੈ।

ਲਬੁ ਪਾਪ ਦੁਇ ਰਾਜਾ ਮਹਤਾ ਕੂੜ ਹੋਇਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥

ਇਸੇ ਤਰ੍ਹਾਂ ਜਨੇਊ ਦੇ ਪ੍ਰਸੰਗ ਵਿਚ ਗੁਰੂ ਨਾਨਕ ਜੀ ਨੇ ਸੰਤੋਖ ਨੂੰ ਕਪਾਹ, ਅਤੇ ਜਤ-ਸਤ ਨੂੰ ਸੂਤੁ ਦਾ ਰੂਪ ਦਿੱਤਾ ਹੈ, ਅਰਥਾਤ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥

ਧਾਰਮਿਕ ਕਰਮ-ਕਾਂਡਾਂ ਵਿਚ ਫਸੇ ਅਖੌਤੀ ਪੰਡਿਤਾਂ ਦੀ ਕਲਪਨਾ ਗੁਰੂ ਨਾਨਕ ਜੀ ਨੇ ਕਸਾਈ ਦੇ ਰੂਪ ਵਿਚ ਕੀਤੀ ਹੈ, ਜਿਵੇਂ :

ਮੱਥੇ ਟਿੱਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਸਾਈ ॥

ਤੀਬਰਤਾ, ਨਵੀਨਤਾ ਤੇ ਤਾਜ਼ਗੀ, ਪਰਿਚਯਤਾ, ਉਰਵਤਾ ਤੇ ਵਿਅੰਜਨਾ ਅਤੇ ਅਨੁਰੂਪਤਾ ਆਸਾ ਦੀ ਵਾਰ ਵਿਚ ਪ੍ਰਯੁਕਤ ਬਿੰਬਾਂ ਦੀ ਵਿਸ਼ੇਸ਼ਤਾ ਹੈ। ਸੰਵੇਦਨਾ ਪ੍ਰਦਾਨ ਕਰਨਾ, ਅਮੂਰਤ ਭਾਵਾਂ ਦਾ ਮੂਰਤੀਕਰਨ, ਸੁੰਦਰ ਅਭਿਵਿਅਕਤੀ, ਕਾਵਿ ਨੂੰ ਸਜੀਵਤਾ ਪ੍ਰਦਾਨ ਕਰਨਾ, ਪ੍ਰਭਾਵ ਦੀ ਉਤਪਤੀ, ਕ੍ਰਮਬੱਧਤਾ ਲਿਆਉਣਾ ਅਤੇ ਬਾਹਰਲੇ ਜਗਤ ਨਾਲ ਭਾਵਾਤਮਕ ਸੰਬੰਧਾਂ ਦੀ ਸਥਾਪਨਾ ਕਾਵਿ-ਬਿੰਬਾਂ ਦਾ ਕਾਰਜ ਤੇ ਉਪਯੋਗਤਾ ਹੈ।

ਭਾਵੇਂ ਇਸ ਵਾਰ ਵਿਚ ਵਰਤੇ ਬਿੰਬਾਂ ਦੀ ਮਾਤ੍ਰਾ ਥੋੜੀ ਹੀ ਹੈ ਪਰ ਜੋ ਬਿੰਬ ਵਰਤੇ ਹਨ ਉਹ ਬਿੰਬ ਗੁਰੂ ਜੀ ਦੀ ਨਵੇਕਲੀ ਤੇ ਸ੍ਰੇਸ਼ਟ ਕਾਵਿ-ਪ੍ਰਤਿਭਾ ਨੂੰ ਪ੍ਰਮਾਣਿਤ ਕਰਦੇ ਹਨ। ਏਜ਼ਰਾ ਪਾਊਂਡ ਦਾ ਇਹ ਕਥਨ-"ਜਾਂ ਤਾਂ ਬਿੰਬ ਹੀ ਨਾ ਵਰਤੋ, ਜੇ ਵਰਤਣੇ ਹਨ ਤਾਂ ਵਧੀਆ ਵਰਤੋ"[14]—ਇਸ ਕਾਵਿ ਰਚਨਾ ਉਪਰ ਬਿਲਕੁਲ ਠੀਕ ਢੁਕਦਾ ਹੈ ਕਿਉਂਕਿ ਜੋ ਬਿੰਬ ਵਰਤੇ ਹਨ, ਉਹ ਵਧੀਆ ਹੀ ਹਨ।

ਹਵਾਲੇ ਅਤੇ ਟਿੱਪਣੀਆਂ

1. ਪੰਜਾਬ ਦੀਆਂ ਵਾਰਾਂ (ਸੰਪਾਦਿਤ ਗੰਡਾ ਸਿੰਘ), ਪੰਨਾ 6.
2. ਪੰਜਾਬੀ ਵਾਰਾਂ (ਸੰਪਾਦਿਤ ਪਿਆਰਾ ਸਿੰਘ ਪਦਮ) "ਵਾਰ ਰੂਪ ਰੇਖਾ" ਵਿਚੋਂ।
3. ਸੂਫ਼ੀਵਾਦ ਤੇ ਹੋਰ ਲੇਖ, ਪੰਨਾ 86.

CC-0. In Public Domain. Gurukul Kangri Collection, Haridwar

4. ਵਿਚਾਰਧਾਰਾ, ਪੰਨਾ 153.

Digitized by Arya Samaj Foundation Chennai and eGangotri

5. ਵਾਰਕਾਰ ਗੁਰੂ ਨਾਨਕ, ਪੰਨਾ 10 ਤੇ ਫੁਟ ਨੋਟ ਵਿਚੋਂ ।
6. ਉਹੀ, ਪੰਨਾ 36.
7. ਵਿਚਾਰਧਾਰਾ, ਪੰਨਾ 155.
8. ਰਤਨ ਸਿੰਘ ਜੱਗੀ, ਵਿਚਾਰਧਾਰਾ, ਪੰਨਾ 157.
9. ਉਹੀ, ਪੰਨਾ 160.
10. ਹਰਕੀਰਤ ਸਿੰਘ, ਆਲੋਚਨਾ, (ਗੁਰੂ ਨਾਨਕ ਅੰਕ), ਜਨ–ਦਸੰਬਰ 1969, ਪੰਨਾ 200,
11. ਵਾਕਜੰ, ਰਸਾਤਮਕੰ ਕਾਵਯ
12. ਕਾਵਿ–ਦਰਪਣ, ਪੰਨਾ 44.
13. "The poetic image is more or less sensuous picture in words, to some degree metaphorical with some undertone of some human emotion in its context but also charged wirh and releasing in to the reader a special emotion or passion." C. D. Lewis, 'The Poetic Image', P. 22.
14. "Use either no ornament or good ornament-" 'Literary Essays of Exra Pound (Ed. T.S. Eliot), P. 5.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ

(ਮੂਲ ਪਾਠ)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ ॥

ਆਸਾ ਮਹਲਾ ੧ ॥

ਵਾਰ ਸਲੋਕਾਂ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ ॥

ਸਲੋਕ ਮਹਲਾ ੧

ਬਲਿਹਾਰੀ[1] ਗੁਰ ਆਪਣੇ ਦਿਉਹਾੜੀ[2] ਸਦ ਵਾਰ[3] ॥
ਜਿਨਿ ਮਾਣਸ[4] ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ[5] ॥੧॥

ਸਲੋਕ ਮਹਲਾ ੨

ਜੇ ਸਉ ਚੰਦਾ[6] ਉਗਵਹਿ[7] ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ[8] ਅੰਧਾਰ[9] ॥੨॥

ਸਲੋਕ ਮਹਲਾ ੧

ਨਾਨਕ[10] ਗੁਰੂ ਨ ਚੇਤਨੀ[11] ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੂਆੜ[12] ਜਿਉ ਸੁੰਞੇ[13] ਅੰਦਰਿ ਖੇਤ ॥

---

1 ਕੁਰਬਾਨ 2 ਦਿਹਾੜੀ ਵਿਚ, ਦਿਨ ਵਿਚ 3 ਸੌ ਵਾਰ 4 ਮਨੁੱਖ 5 ਦੇਰ 6 ਸੈਂਕੜੇ ਚੰਦ 7 ਚੜ੍ਹ ਪੈਣ 8 ਘੁਪ 9 ਹਨੇਰਾ 10 ਹੇ ਨਾਨਕ ! 11 ਯਾਦ ਕਰਦੇ ਹਨ 12 ਮਰਿਆ ਹੋਇਆ ਤਿਲ ਦਾ ਬੂਟਾ ਅਰਥਾਤ ਨਿਕੰਮਾ 13 ਖਾਲੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ[1] ਨਾਹ[2] ॥
ਫਲੀਅਹਿ ਫੁਲੀਅਹਿ ਬਪੁੜੇ[3] ਭੀ ਤਨ ਵਿਚਿ ਸੁਆਹ ॥੩॥

ਪਉੜੀ

ਆਪੀਨੈ੍[4] ਆਪੁ ਸਾਜਿਓ ਆਪੀਨੈ੍ ਰਚਿਓ ਨਾਉ[5] ॥
ਦੁਯੀ ਕੁਦਰਤਿ[6] ਸਾਜੀਐ ਕਰਿ ਆਸਣੁ ਡਿਠੋ ਚਾਉ[7] ॥
ਦਾਤਾ ਕਰਤਾ ਆਪਿ ਤੂੰ ਤੁਸਿ[8] ਦੇਵਹਿ ਕਰਹਿ ਪਸਾਉ[9] ॥
ਤੂੰ ਜਾਣੋਈ[10] ਸਭਸੈ ਦੇ ਲੈਸਹਿ ਜਿੰਦੁ ਕਵਾਉ[11] ॥
ਕਰਿ ਆਸਣੁ ਡਿਠੋ ਚਾਉ ॥ ੧ ॥

ਸਲੋਕ ਮਹਲਾ ੧

ਸਚੇ[12] ਤੇਰੇ ਖੰਡ[13] ਸਚੇ ਬ੍ਰਹਮੰਡ[14] ॥ ਸਚੇ ਤੇਰੇ ਲੋਅ[15] ਸਚੇ ਆਕਾਰ[16] ॥
ਸਚੇ ਤੇਰੇ ਕਰਣੇ[17] ਸਰਬ ਵੀਚਾਰ ॥ ਸਚਾ ਤੇਰਾ ਅਮਰੁ[18] ਸਚਾ ਦੀਬਾਣੁ[19] ॥
ਸਚਾ ਤੇਰਾ ਹੁਕਮੁ[20] ਸਚਾ ਫੁਰਮਾਣੁ[21] ਸਚਾ ਤੇਰਾ ਕਰਮੁ[22] ਸਚਾ ਨੀਸਾਣੁ[23]॥
ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੇ[24] ਸਭਿ ਤਾਣਿ[25] ਸਚੈ ਸਭਿ ਜਰਿ ॥
ਸਚੀ ਤੇਰੀ ਸਿਫਤਿ ਸਚੀ ਸਾਲਾਹ[26]॥ ਸਚੀ ਤੇਰੀ ਕੁਦਰਤਿ[27]ਸਚੇ ਪਾਤਿਸਾਹ॥
ਨਾਨਕ ਸਚੁ ਧਿਆਇਨਿ ਸਚੁ ॥ ਜੋ ਮਹਿ ਜੰਮੇ ਸੁ ਕਚੁ ਨਿਕਚੁ ॥ ੪ ॥

ਸਲੋਕ ਮਹਲਾ ੧

ਵਡੀ ਵਡਿਆਈ[28] ਜਾ ਵਡਾ ਨਾਉ[29] ॥ ਵਡੀ ਵਡਿਆਈ ਜਾ ਸਚੁ ਨਿਆਉ ॥
ਵਡੀ ਵਡਿਆਈ ਜਾ ਨਿਹਚਲ[30] ਥਾਉ ॥ ਵਡੀ ਵਡਿਆਈ ਜਾਣੈ ਆਲਾਉ[31] ॥
ਵਡਿਆਈ ਬੁਝੈ ਸਭਿ ਭਾਉ[32] ਵਡੀ ਵਡਿਆਈ ਜਾ ਪੁਛਿ ਨ ਦਾਤਿ ॥

---

1 ਸੌ 2 ਮਾਲਕ, ਖਸਮ 3 ਵਚਾਰੇ 4 ਖ਼ੁਦ, ਪਰਮਾਤਮਾ ਨੇ 5 ਨਾਮ, ਵਡਿਆਈ 6 ਦੂਜੀ ਕੁਦਰਤ, ਮਾਇਆ 7 ਖ਼ੁਸ਼ੀ, ਰੰਗ ਤਮਾਸ਼ਾ, ਖੇਲ੍ਹ 5 ਖ਼ੁਸ਼ ਹੋ ਕੇ 9 ਕਿਰਪਾ, ਬਖ਼ਸ਼ਸ਼, ਪਸਾਰਾ 10 ਜਾਣਦਾ ਹੈ, ਜਾਣੂ 11 ਹੁਕਮ 12 ਸਦਾ ਕਾਇਮ ਰਹਿਣ ਵਾਲੇ 13 ਹਿਸੇ, ਭਾਗ, ਨੌ ਖੰਡ ਪ੍ਰਿਥਵੀ 14 ਸ੍ਰਿਸ਼ਟੀ, ਸੰਸਾਰ 15 ਚੌਦਾਂ ਲੋਕ 16 ਸਰੀਰ, ਰੂਪ, ਸ਼ਕਲਾਂ 17 ਕੰਮ ਕਾਜ 18 ਆਗਿਆ, ਹੁਕਮ 19 ਕਚਹਿਰੀ, ਦਰਬਾਰ 20 ਪਰਮਾਤਮਾ ਦਾ ਵਿਧਾਨ 21 ਹੁਕਮ 22 ਬਖਸ਼ਸ਼ 23 ਨਿਸ਼ਾਨ, ਜਲਵਾ 24 ਸਚੇ ਵਾਹਗੁਰੂ ਦੇ 25 ਤਾਕਤ 26 ਪ੍ਰਸੰਸਾ 27 ਮਾਇਆ 28 ਸਿਫਤ-ਸਲਾਹ, ਵੱਡਪਣ 29 ਨਾਮ, ਪ੍ਰਸਿਧੀ 30 ਅਟੱਲ ਅਚੱਲ 31 ਅਰਦਾਸ, ਆਲਾਪ 32 ਰੀਝਾਂ, ਸਧਰਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਡੀ ਵਡਿਆਈ ਜਾ ਆਪੇ ਆਪਿ ॥ ਨਾਨਕ ਕਾਰ[1] ਨ ਕਥਨੀ ਜਾਇ ॥
ਕੀਤਾ ਕਰਣਾ ਸਰਬ ਰਜਾਇ ॥ ੫ ॥

ਸਲੋਕ ਮਹਲਾ ੨

ਇਹੁ ਜਗੁ[2] ਸਚੈ ਕੀ ਹੈ ਕੋਠੜੀ[3] ਸਚੇ ਕਾ ਵਿਚਿ ਵਾਸੁ ॥
ਇਕਨ੍ਹਾ[4] ਹੁਕਮਿ ਸਮਾਇ[5] ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ[6] ॥
ਇਕਨਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ[7] ॥
ਨਾਨਕ ਗੁਰਮੁਖਿ[8] ਜਾਣੀਐ ਜਾਕਉ ਆਪਿ ਕਰੇ ਪਰਗਾਸੁ[9] ॥੬॥

ਪਉੜੀ

ਨਾਨਕ ਜੀਅ ਉਪਾਇ[10] ਕੈ ਲਿਖਿ[11] ਨਾਵੈ ਧਰਮੁ[12] ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ[13] ॥
ਥਾਉ ਨ ਪਾਇਨਿ ਕੂੜਿਆਰ[14] ਮੁਹ ਕਾਲ੍ਹੈ ਜਦੋਕਿ[15] ਚਾਲਿਆ ॥
ਤੇਰੈ ਨਾਇ ਰਤੇ ਸੇ ਜਿਣਿ[16] ਗਏ ਹਰਿ ਗਏ ਸਿ ਠਗਣ ਵਾਲਿਆ ॥
ਲਿਖਿ ਨਾਵੈ ਧਰਮੁ ਬਹਾਲਿਆ ॥ ੨ ॥

ਸਲੋਕ ਮਹਲਾ ੧

ਵਿਸਮਾਦੁ[17] ਨਾਦੁ[18] ਵਿਸਮਾਦੁ ਵੇਦ[19] ॥ ਵਿਸਮਾਦੁ ਜੀਅ ਵਿਸਮਾਦੁ ਭੇਦ[20] ॥
ਵਿਸਮਾਦੁ ਰੂਪ ਵਿਸਮਾਦੁ ਰੰਗ । ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ[21] ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ[22] ॥ ਵਿਸਮਾਦੁ ਸਾਦਿ[23] ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ[24] ਵਿਸਮਾਦੁ ਵਿਜੋਗੁ[25] ॥ ਵਿਸਮਾਦੁ ਭੁਖ ਵਿਸਮਾਦੁ ਭੋਗੁ ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ[26] ਵਿਸਮਾਦੁ ਰਾਹ ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ[27] ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥ ੭ ॥

---

1 ਕੀਤਾ ਹੋਇਆ ਕੰਮ, ਰਚੀ ਹੋਈ ਸ੍ਰਿਸ਼ਟੀ 2 ਸੰਸਾਰ ਦੁਨੀਆ 3 ਨਿਵਾਸ-ਸਥਾਨ 4 ਕਈ ਜੀਵਾਂ ਨੂੰ 5 ਲੀਨ 6 ਨਾਸ਼ 7 ਠੀਕ 8 ਗੁਰੂ ਰਾਹੀਂ 9 ਚਾਨਣ, ਗਿਆਨ ਪ੍ਰਕਾਸ਼ 10 ਪੈਦਾ ਕਰਕੇ 11 ਹਿਸਾਬ ਲਿਖਣ ਲਈ 12 ਧਰਮ 13 ਕੁ ਕਰਮੀ ਜੀਵ1 4 ਝੂਠੇ, ਫਰੇਬੀ 15 ਨਰਕ 16 ਜਿੱਤ ਗਏ 17 ਅਸਚਰਜ ਕਰ ਦੇਣ ਵਾਲਾ, ਮਸਤੀ 18 ਧੁਨੀ, ਆਵਾਜ਼ 19 ਗਿਆਨ, ਚਾਰੇ ਵੇਦ 20 ਕਿਸਮਾਂ, ਅੰਤਰ 21 ਅਸਚਰਜ 22 ਖਾਣੀਆਂ, ਪ੍ਰਾਣੀਆਂ ਦੀਆਂ ਕਿਸਮਾਂ 23 ਸਵਾਦ 24 ਮਿਲਾਪ 25 ਵਿਛੋੜਾ 26 ਉਜਾੜ 27 ਸਾਮ੍ਹਣੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਲੋਕ ਮਹਲਾ ੧

ਕੁਦਰਤਿ[1] ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖਸਾਰੁ[2] ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ[3] ॥
ਕੁਦਰਤਿ ਵੇਦ ਪੁਰਾਣ ਕਤੇਬਾ[4] ਕੁਦਰਤਿ ਸਰਬ ਵੀਚਾਰੁ ॥
ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥
ਕੁਦਰਤਿ ਪਉਣੁ ਪਾਣੀ ਬੈਸੰਤਰੁ[5] ਕੁਦਰਤਿ ਧਰਤੀ ਖਾਕੁ[6] ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ[7] ਕਰਤਾ ਪਾਕੀ ਨਾਈ[8] ਪਾਕ[9] ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ[10] ਤਾਕੁ ॥ ੮ ॥

ਪਉੜੀ

ਆਪੀਨ੍ਹੈ ਭੋਗ[11] ਭੋਗਿ[12] ਕੈ ਹੋਇ ਭਸਮੜਿ[13] ਭਉਰ[14] ਸਿਧਾਇਆ ॥
[15]ਵਡਾ ਹੋਆ ਦੁਨੀਦਾਰੁ[16] ਗਲਿ ਸੰਗਲੁ ਘਤਿ ਚਲਾਇਆ ॥
ਅਗੈ[17] ਕਰਣੀ[18] ਕਰਤਿ[19] ਵਾਚੀਐ[20] ਬਹਿ ਲੇਖਾ ਕਰਿ ਸਮਝਾਇਆ ॥
ਥਾਉ[21] ਨ ਹੋਵੀ ਪਉਦੀਈ[22] ਹੁਣਿ ਸੁਣੀਐ ਕਿਆ ਰੂਆਇਆ[23] ॥
ਮਨਿ ਅੰਧੈ ਜਨਮੁ ਗਵਾਇਆ ॥ ੩ ॥

ਸਲੋਕ ਮਹਲਾ ੧

ਭੈ[24] ਵਿਚਿ ਪਵਣੁ[25] ਵਹੈ ਸਦਵਾਉ[26] ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ[27] ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ[28] ਫਿਰੈ ਸਿਰ ਭਾਰਿ[29] ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ[30] ਬੁਧ[31] ਸੁਰ[32] ਨਾਥ ॥ ਭੈ ਵਿਚਿ ਆਡਾਣੇ[33] ਆਕਾਸ ॥

---

1 ਪ੍ਰਕ੍ਰਿਤੀ, ਮਾਇਆ 2 ਸੁਖਾਂ ਦਾ ਸਾਰ 3 ਰੂਪ, ਸ਼ਕਲਾਂ 4 ਚਾਰੇ ਕਿਤਾਬਾਂ (ਇੰਜੀਲ, ਫੁਰਕਾਨ, ਕੁਰਾਨ, ਤੌਰੇਤ) 5 ਅਗਨੀ 6 ਮਿੱਟੀ 7 ਕੁਦਰਤ ਸਾਜਣ ਵਾਲਾ 8 ਨਾਮ ਵਾਲਾ 9 ਪਵਿਤਰ 10 ਇੱਕਲਾ, ਇਕ ਪਰਮਾਤਮਾ 11 ਸੰਸਾਰਕ ਪਦਾਰਥਾਂ ਦਾ ਭੋਗ 12 ਮਾਣ ਕੇ 13 ਸਵਾਹ ਦੀ ਢੇਰੀ 14 ਰੂਹ, ਆਤਮਾ 15 ਮਰ ਗਿਆ 16 ਦੁਨੀਆ ਦਾਰ, ਸੰਸਾਰੀ 17 ਦੂਜੀ ਦੁਨੀਆ 18 ਕਾਰਜ 19 ਵਡਿਆਈ, ਪ੍ਰਸਿਧੀ 20 ਪੜ੍ਹੀ ਜਾਂਦੀ ਹੈ 21 ਢੋਈ 22 ਜੁੱਤੀਆਂ ਪੈਂਦੀਆਂ ਨੂੰ 23 ਰੋਇਆ 24 ਰੱਬੀ ਡਰ 25 ਹਵਾ 26 ਸੈਂਕੜੇ ਹਵਾਵਾਂ, ਸਦੀਵੀ 27 ਵਿਗਾਰ ਵਿਚ 28 ਇੰਦਰ, ਬੱਦਲ 29 ਭਾਰ ਕਰਕੇ 30 ਪੂਰਨ ਯੋਗੀ 31 ਗਿਆਨਵਾਨ, ਭਿਖੂ 32 ਦੇਵਤੇ 33 ਤਣੇ ਹੋਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੈ ਵਿਚਿ ਜੋਧ[1] ਮਹਾਬਲ[2] ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ[3] ॥
ਸਗਲਿਆ[4] ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ੯ ॥

ਸਲੋਕ ਮਹਲਾ ੧

ਨਾਨਕ ਨਿਰਭਉ ਨਿਰੰਕਾਰੁ ਹਰਿ ਕੇਤੇ ਰਾਮ ਰਵਾਲ[5] ॥
ਕੇਤੀਆ ਕੰਨ੍[6] ਕਹਾਣੀਆ ਕੇਤੇ ਬੇਦ ਬੀਚਾਰ ॥
ਕੇਤੇ ਨਚਹਿ ਮੰਗਤੇ ਗਿੜਿ[7] ਮੁੜਿ ਪੂਰਹਿ ਤਾਲੁ ॥
ਬਾਜਾਰੀ[8] ਬਾਜਾਰ ਮਹਿ ਆਇ ਕਢਹਿ ਬਾਜਾਰ[9] ॥
ਗਾਵਹਿ ਰਾਜੇ ਰਾਣੀਆ ਬੋਲਹਿ ਆਲ[10] ਪਤਾਲ[11] ॥
ਲਖ ਟਕਿਆ ਕੇ ਮੁੰਦੜੇ[12] ਲਖ ਟਕਿਆ ਕੇ ਹਾਰ ॥
ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ[13] ॥
ਗਿਆਨੁ ਨ ਗਲੀਈ[14] ਢੂਢੀਐ ਕਥਨਾ ਕਰੜਾ[15] ਸਾਰੁ ॥
ਕਰਮਿ[16] ਮਿਲੈ ਤਾ ਪਾਈਐ ਹੋਰ ਹਿਕਮਤਿ[17] ਹੁਕਮੁ ਖੁਆਰੁ[18] ॥੧੦॥

ਪਉੜੀ ॥

ਨਦਰਿ[19] ਕਰਹਿ ਜੇ ਆਪਣੀ ਤਾ ਨਦਰੀ[20] ਸਤਿਗੁਰੁ ਪਾਇਆ ॥
ਏਹ ਜੀਉ ਬਹੁਤੇ ਜਨਮ ਭਰੰਮਿਆ[21] ਤਾ ਸਤਿਗੁਰਿ ਸਬਦੁ[22] ਸੁਣਾਇਆ ॥
ਸਤਿਗੁਰ ਜੇਵਡ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ[22] ॥
ਸਤਿਗੁਰਿ ਮਿਲਿਐ ਸਚੁ ਪਾਇਆ, ਜਿਨ੍ਹੀ ਵਿਚਹੁ ਆਪੁ[24] ਗਵਾਇਆ ॥
ਜਿਨਿ [25]ਸਚੋ ਸਚੁ ਬੁਝਾਇਆ[26] ॥ ੪ ॥

ਸਲੋਕ ਮਹਲਾ ੧

ਘੜੀਆ[27] ਸਭੇ ਗੋਪੀਆ[28] ਪਹਰ[29] ਕੰਨ੍[30] ਗੋਪਾਲ[31] ॥
ਗਹਣੇ ਪਉਣੁ ਪਾਣੀ ਬੈਸੰਤਰ ਚੰਦੁ ਸੂਰਜੁ ਅਵਤਾਰ ॥

---

1 ਜੋਧੇ 2 ਬਹੁਤ ਜ਼ੋਰ ਵਾਲੇ, ਮਹਾਂ ਬਲੀ 3 ਸੰਸਾਰ ਰੂਪੀ ਤ਼ਬੇਲੇ ਵਿਚ ਬੈਠੇ ਸਾਰੇ ਜੀਵ 4 ਸਾਰਿਆਂ 5 ਤੁਛ, ਧੂੜ 6 ਕਾਨ੍ਹ, ਸ੍ਰੀ ਕ੍ਰਿਸ਼ਨ ਜੀ 7 ਭਉਂ ਭਉਂ ਕੇ 8 ਰਾਸਧਾਰੀਏ 9 ਰਾਸ 10 ਫਰੇਬ, ਚਾਲ 11 ਡੂੰਘਾ 12 ਕੰਨਾਂ ਦੇ ਵਾਲੇ 13 ਮਿਟੀ, ਸੁਆਹ 14 ਗੱਲਾਂ ਨਾਲ 15 ਬਹੁਤ ਔਖਾ 16 ਮਿਹਰ, ਬਖਸ਼ਸ਼ 17 ਸਿਆਣਪਾਂ, ਚਾਲਾਕੀ 18 ਜ਼ਲੀਲ 19 ਮਿਹਰ, ਕਿਰਪਾ 20 ਮਿਹਰ ਨਾਲ 21 ਭਟਕਿਆ 22 ਗੁਰ-ਸ਼ਬਦ 23 ਸਾਰੇ, ਸਭ 24 ਆਪਾ, ਭਾਵ, ਹੰਕਾਰ, ਖ਼ੁਦੀ 25 ਵਾਹਿਗੁਰੂ 26 ਸਮਝਾਇਆ 27 ਵਕਤ ਦਾ ਹਿੱਸਾ, 24 ਮਿੰਟਾਂ ਦਾ ਸਮਾਂ 28 ਗਵਾਲਣਾ 29 ਤਿੰਨ ਘੰਟੇ ਦਾ ਸਮਾਂ, ਇਕ ਪਹਿਰ 30 ਕਾਨ੍ਹ 31 ਗਊ ਪਾਲਕ ਕ੍ਰਿਸ਼ਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਗਲੀ[1] ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥

ਨਾਨਕ ਮੁਸੈ[2] ਗਿਆਨ ਵਿਹੂਣੀ[3] ਖਾਇ ਗਇਆ ਜਮਕਾਲੁ ॥੧੧॥

ਸਲੋਕ ਮਹਲਾ ੧

ਵਾਇਨਿ[4] ਚੇਲੇ ਨਚਨਿ ਗੁਰੂ ॥ ਪੈਰ ਹਲਾਇਨਿ ਫੇਰਨਿ੍ ਸਿਰ ॥
ਉਡਿ ਉਡਿ ਰਾਵਾ[5] ਝਾਟੈ[6] ਪਾਇ ॥ ਵੇਖੇ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥
ਗਾਵਨਿ ਗੋਪੀਆ ਗਾਵਨਿ ਕਾਨ੍ ॥ ਗਾਵਨਿ ਸੀਤਾ ਰਾਜੇ ਰਾਮ ॥
ਨਿਰਭਉ ਨਿਰੰਕਾਰੁ ਸਚੁ ਨਾਮ ॥ ਜਾ ਕਾ ਕੀਆ ਸਗਲ ਜਹਾਨੁ ॥
ਸੇਵਕ ਸੇਵਹਿ[7] ਕਰਮਿ[8] ਚੜਾਉ[9] ॥ [10]ਭਿੰਨੀ ਰੈਣਿ ਜਿਨ੍ਾ ਮਨਿ ਚਾਉ॥
ਸਿਖੀ ਸਿਖਿਆ ਗੁਰ ਵੀਚਰਿ ॥ ਨਦਰੀ ਕਰਮਿ ਲੰਘਾਏ ਪਾਰਿ ॥
ਕੋਲੂ ਚਰਖਾ ਚਕੀ ਚਕੁ ॥ ਥਲ[11] ਵਾਰੋਲੇ[12] ਬਹੁਤੁ ਅਨੰਤੁ ॥
ਲਾਟੂ ਮਾਧਾਣੀਆ ਅਨਗਾਹ[13]॥ ਪੰਖੀ ਭਉਦੀਆ[14] ਲੈਨਿ ਨ ਸਾਹ ॥
ਸੂਐ ਚਾੜਿ ਭਵਾਈਅਹਿ ਜੰਤ ॥ ਨਾਨਕ ਭਉਦਿਆ ਗਣਤ ਨ ਅੰਤ ।
ਬੰਧਨ ਬਧਿ ਭਵਾਏ ਸੋਇ ॥ [15]ਪਇਐ ਕਿਰਤਿ ਨਚੈ ਸਭੁ ਕੋਇ ॥
ਨਚਿ ਨਚਿ ਹਸਹਿ ਚਲਹਿ ਸੇ ਰੋਇ ॥ ਉਡਨਿ ਜਾਹੀ ਸਿਧ ਨ ਹੋਇ ॥

ਨਚਣੁ ਕੁਦਣੁ ਮਨ ਕਾ ਚਾਉ ॥
ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ[16] ਭਾਉ ॥੧੨॥

ਪਉੜੀ

ਨਾਉ ਤੇਰਾ ਨਿਰੰਕਾਰੁ ਹੈ ਨਾਇ[17] ਲਇਐ ਨਰਕਿ ਨ ਜਾਈਐ ॥
ਜੀਉ ਪਿੰਡੁ[18] ਸਭੁ ਤਿਸ[19] ਦਾ ਦੇ ਖਾਜੈ[20] ਆਖਿ ਗਵਾਇਐ ॥
ਜੇ ਲੋੜਹਿ[21] ਚੰਗਾ ਆਪਣਾ ਕਰਿ[22] ਪੁੰਨਹੁ ਨੀਚੁ ਸਦਾਈਐ ॥
ਜੇ ਜਰਵਾਣਾ[23] ਪਰਹਰੈ[24] ਜਰੁ[25] ਵੇਸ[26] ਕਰੇਦੀ ਆਈਐ ॥
ਕੋ ਰਹੈ ਨ ਭਰੀਐ[27] ਪਾਈਐ ॥ ੫ ॥

---

1 ਸਾਰੀ 2 ਠੱਗੀ ਹੋਈ 3 ਬਿਨਾ, ਸੱਖਣੀ, ਖਾਲੀ 4 ਸਾਜ ਵਜਾਉਂਦੇ ਹਨ 5 ਧੂੜ, ਮਿੱਟੀ, 6 ਵਾਲਾਂ ਵਿਚ 7 ਸਿਮਰਦੇ ਹਨ 8 ਬਖਸ਼ਸ਼ ਦੁਆਰਾ 9 ਚੜ੍ਹਦੀ ਕਲਾ ਵਿਚ, ਖੁਸ਼ੀ 10 ਜੀਵਨ ਰੂਪੀ ਰਾਤ ਸੁਆਦਲੀ ਹੈ। 11 ਖੁਸ਼ਕੀ 12 ਵਾ ਵਰੋਲਾ 13 ਫਲਾਂ 14 ਭੰਬੀਰੀਆਂ 15 ਕੀਤੇ ਕਰਮਾਂ ਅਨੁਸਾਰ 16 ਪ੍ਰੇਮ 17 ਨਾਮ ਸਿਮਰੀਏ 18 ਸਰੀਰ, ਜਿਸਮ 19 ਵਾਹਿਗੁਰੂ 20 ਖਾਜਾ, ਖੁਰਾਕ 21 ਚਾਹੁੰਨਾ ਹੈ 22 ਭਲਾਈ ਕਰਕੇ 23 ਤਾਕਤਵਰ, ਬਲਵਾਨ 24 ਛੱਡਣਾ ਚਾਹੁੰਦਾ ਹੈ 25 ਬੁਢੇਪਾ 26 ਵੇਸ ਧਾਰਨ ਕਰਕੇ 27 ਜਦੋਂ ਆਯੂ ਪੂਰੀ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਲੋਕ ਮਹਲਾ ੧

ਮੁਸਲਮਾਨਾ [1]ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ[2] ਸੇ ਜਿ ਪਵਹਿ ਵਿਚਿ ਬੰਦੀ[3] ਵੇਖਣ ਕਉ ਦੀਦਾਰੁ[4] ॥
ਹਿੰਦੂ ਸਾਲਾਹੀ ਸਾਲਾਹਨਿ[5] ਦਰਸਨਿ[6] [7]ਰੂਪਿ ਅਪਾਰੁ ॥
ਤੀਰਥਿ ਨਾਵਹਿ ਅਰਚਾ[8] ਪੂਜਾ ਅਗਰਵਾਸੁ[9] ਬਹਕਾਰੁ[10] ॥
ਜੋਗੀ ਸੁੰਨਿ[11] ਧਿਆਵਨਿ ਜੇਤੇ ਅਲਖ[12] ਨਾਮੁ ਕਰਤਾਰੁ ॥
ਸੂਖਮ ਮੂਰਤਿ ਨਾਮੁ ਨਿਰੰਜਨ[13] ਕਾਇਆ ਕਾ ਆਕਾਰੁ[14] ॥
ਸਤੀਆ[15] ਮਨਿ ਸੰਤੋਖ ਉਪਜੈ ਦੇਣੈ ਕੈ ਵੀਚਾਰਿ ॥
ਦੇ ਦੇ ਮੰਗਹਿ ਸਹਸ[16] ਗੂਣਾ ਸੋਭ ਕਰੇ ਸੰਸਾਰੁ ॥
ਚੋਰਾ ਜਾਰਾ[17] ਤੇ ਕੂੜਿਆਰਾ[18] ਖਾਰਾਬਾ[19] ਵੇਕਾਰ[20] ॥
ਇਕਿ ਹੋਦਾ ਖਾਇ ਚਲਹਿ ਐਥਾਊ[21] ਤਿਨ ਭਿ ਕਾਈ ਕਾਰ ॥
ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥
ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ[22]॥
ਨਾਨਕ ਭਗਤਾ ਭੂਖ ਸਾਲਾਹਣੁ ਸਚੁ ਨਾਮੁ ਆਧਾਰੁ[23] ॥
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾਛਾਰੁ[24]॥੧੩॥

ਸਲੋਕ ਮਹਲਾ ੧

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥
ਘੜਿ ਭਾਂਡੇ ਇਟਾ ਕੀਆ[25] ਜਲਦੀ[26] ਕਰੇ ਪੁਕਾਰ ॥
ਜਲਿ ਜਲਿ ਰੋਵੈ ਬਪੁੜੀ[27] ਝੜਿ ਝੜਿ ਪਵਹਿ ਅੰਗਿਆਰ ॥
ਨਾਨਕ ਜਿਨਿ ਕਰਤੈ ਕਾਰਣੁ[28] ਕੀਆ ਸੋ ਜਾਣੈ ਕਰਤਾਰੁ ॥੧੪॥

ਪਉੜੀ

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ[29] ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥

---

1 ਸ਼ਰ੍ਹਾ ਦੀ ਸਿਫਤ 2 ਦਾਸ, ਗੁਲਾਮ 3 ਕੈਦ, ਬੰਦਸ਼, ਬੰਦਗੀ 4 ਦਰਸ਼ਨ 5 ਸਿਫਤ ਕਰਦੇ ਹਨ 6 ਦਰਸ਼ਨ ਕਰਕੇ 7 ਬੇਅੰਤਸੁੰਦਰਤਾ 8 ਆਦਰ, ਪੂਜਾ 9 ਚੰਦਨ ਦੀ ਖੁਸ਼ਬੋ 10 ਮਹਿਕ, ਸੁਗੰਧੀ 11 ਸੁਨ ਅਵਸਥਾ ਵਿਚ 12 ਜੋ ਦੇਖਿਆ ਨ ਜਾ ਸਕੇ 13 ਮਾਇਆ ਰਹਿਤ 14 ਰੂਪ, ਸ਼ਕਲਾਂ, ਮੂਰਤਾਂ 15 ਦਾਨੀਆਂ 16 ਹਜ਼ਾਰ ਗੁਣਾਂ 17 ਕੁਕਰਮੀ, ਇਸਤ੍ਰੀ ਗਮੀ 18 ਝੂਠੇ 19 ਬੁਰੇ, ਬਦਚਲਨ 20 ਬੁਰੇ ਕੰਮ, ਵਿਕਾਰੀ, ਪਾਪੀ 21 ਇਥੋਂ, ਇਸ ਥਾਂ ਤੋਂ 22 ਸਹਾਰਾ, ਸੰਭਾਲ 23 ਸਹਾਰਾ 24 ਚਰਨ ਧੂੜ 25 ਬਣਾਈਆਂ 26 ਸੜਦੀ ਹੋਈ। 27 ਵਿਚਾਰੀ 28 ਸ੍ਰਿਸ਼ਟੀ, ਜਗਤ, ਮਾਇਆ 29 ਆਪਣਾ ਆਪ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਿਗੁਰ ਮਿਲੀਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹ ਚੁਕਾਇਆ[1] ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗ ਜੀਵਨੁ[2] ਦਾਤਾ ਪਾਇਆ ॥ ੬ ॥

ਸਲੋਕ ਮਹਲਾ ੧

ਹਉ[3] ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚਿ ਜੰਮਿਆ ਹਉ ਵਿਚਿ ਮੂਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥
ਹਉ ਵਿਚਿ ਖਟਿਆ[4] ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ [5]ਨਰਕਿ ਸੁਰਗਿ ਅਵਤਾਰੁ ॥

ਹਉ ਵਿਚਿ ਹਸੈ ਹਉ ਵਿਚਿ ਰੋਵੈ ॥
ਹਉ ਵਿਚਿ ਭਰੀਐ[6] ਹਉ ਵਿਚਿ ਧੋਵੈ ॥
ਹਉ ਵਿਚਿ [7]ਜਾਤੀ ਜਿਨਸੀ ਖੋਵੈ ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥
ਮੋਖ ਮੁਕਤਿ ਕੀ ਸਾਰ[8] ਨ ਜਾਣਾ ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥
ਹਉਮੈ ਕਰਿ ਕਰਿ ਜੰਤ ਉਪਾਇਆ ॥
ਹਉਮੈ ਬੂਝੈ ਤਾ ਦਰੁ ਸੂਝੈ ॥
ਗਿਆਨ ਵਿਹੂਣਾ ਕਥਿ ਕਥਿ ਲੂਝੈ[9] ॥
ਨਾਨਕ ਹੁਕਮੀ[10] ਲਿਖੀਐ ਲੇਖੁ ॥
ਜੇਹਾ ਵੇਖਹਿ ਤੇਹਾ ਵੇਖੁ ॥ ੧੫ ॥

ਸਲੋਕ ਮਹਲਾ ੨

ਹਉਮੈ ਏਹਾ ਜਾਤਿ[11] ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ[12] ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਉਪਜੈ ਕਿਤੁ[13] ਸੰਜਮਿ[14] ਇਹ ਜਾਇ ॥

---

1 ਦੂਰ ਕੀਤਾ 2 ਜਗਤ-ਜੀਵਨ, ਪਰਮਾਤਮਾ 3 ਹਉਮੈ, ਹੰਕਾਰ, 'ਮੈਂ' 4 ਕਮਾਇਆ 5 ਨਰਕਾਂ ਸਵਰਗਾਂ ਦਾ ਭਾਗੀ ਹੋਣਾ 6 ਪਾਪਾਂ ਨਾਲ ਲਿਬੜਦਾ ਹੈ 7 ਜ਼ਾਤਾਂ ਪਾਤਾਂ ਵਿਚ ਆਪਣਾ ਆਪ ਨਾਸ਼ ਕਰ ਲੈਂਦਾ ਹੈ 8 ਸਮਝ, ਅਸਲੀਅਤ, ਨਚੋੜ, ਖੁਲਾਸਾ 9 ਖਿਝਦਾ ਹੈ, ਲੁਝਦਾ ਹੈ, ਝਗੜੇ ਵਿਚ ਪੈਂਦਾ ਹੈ 10 ਰੱਬੀ ਹੁਕਮ ਅਨੁਸਾਰ 11 ਲੱਛਣ, ਸੁਭਾ 12 ਇਹੋ ਹੀ 13 ਕਿਹੜੇ 14 ਉਪਾ, ਜੁਗਤੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ[1] ਫਿਰਾਹਿ ॥
ਹਉਮੈ ਦੀਰਘ[2] ਰੋਗੁ ਹੈ ਦਾਰੂ[3] ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੧੬॥

ਪਉੜੀ

ਸੇਵ ਕੀਤੀ ਸੰਤੋਖੀਈ[4] ਜਿਨੀ [5]ਸਚੋ ਸਚੁ ਧਿਆਇਆ ॥
ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ[6] ਧਰਮੁ ਕਮਾਇਆ ॥
ਓਨੀ ਦੁਨੀਆ ਤੋੜੇ ਬੰਧਨਾ[7] ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ[8] ਅਗਲਾ[9] ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥ ੭ ॥

ਸਲੋਕ ਮਹਲਾ ੧

ਪੁਰਖਾਂ ਬਿਰਖਾਂ[10] ਤੀਰਥਾਂ ਤਟਾਂ[11] ਮੇਘਾਂ[12] ਖੇਤਾਂਹ ॥
ਦੀਪਾਂ ਲੋਆਂ[13] ਮੰਡਲਾਂ ਖੰਡਾਂ ਵਰਭੰਡਾਂਹ[14] ॥
[15]ਅੰਡਜ ਜੇਰਜ[16] ਉਤਭੁਜਾਂ[17] ਖਾਣੀ ਸੇਤਜਾਂਹ[18] ॥
ਸੋ ਮਿਤਿ[19] ਜਾਣੈ ਨਾਨਕਾ ਸਰਾਂ[20] ਮੇਰਾ[21] ਜੰਤਾਹ ॥
ਨਾਨਕ ਜੰਤ ਉਪਾਇ ਕੈ [22]ਸੰਮਾਲੇ ਸਭਨਾਹ ॥
ਜਿਨਿ ਕਰਤੈ ਕਰਣਾ[23] ਕੀਆ ਚਿੰਤਾ ਭਿ ਕਰਣਿ ਤਾਹ ॥
ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥
ਤਿਸੁ ਜੋ ਹਾਰੀ[24] ਸੁਅਸਤਿ[25] ਤਿਸੁ ਤਿਸੁ ਦੀਬਾਣੁ[26] ਅਭਗੁ[27] ॥
ਨਾਨਕ ਸਚੇ ਨਾਮੁ ਬਿਨੁ ਕਿਆ ਟਿਕਾ ਕਿਆ ਤਗੁ ॥ ੧੭ ॥

ਸਲੋਕ ਮਹਲਾ ੧

ਲਖ ਨੇਕੀਆਂ ਚੰਗਿਆਈਆਂ ਲਖ ਪੁੰਨਾ[28] ਪਰਵਾਣੁ[29] ॥
ਲਖ ਤਪ ਉਪਰਿ ਤੀਰਥਾਂ ਸਹਜ[30] ਜੋਗ ਬੇਬਾਣ[31] ॥

---

1 ਕੀਤੇ ਕਰਮ 2 ਲੰਮਾ 3 ਇਲਾਜ ਦਾਰੂ 4 ਸੰਤੋਖੀਆਂ ਨੇ 5 ਸਚਾ ਵਾਹਿਗੁਰੂ 6 ਭਲਾ ਕਰਮ, ਚੰਗੀ ਕਿਰਤ 7 ਕੈਦ 8 ਬਖ਼ਸ਼ਣਹਾਰ, ਦਾਨੀ 9 ਬਹੁਤਾ, ਵੱਡਾ 10 ਬ੍ਰਿਛਾਂ 11 ਨਦੀ ਕਿਨਾਰਿਆਂ 12 ਬੱਦਲਾਂ 13 ਲੋਕਾਂ 14 ਬ੍ਰਹਿਮੰਡਾਂ 15 ਆਂਡਿਆਂ ਤੋਂ ਪੈਦਾ ਹੋਣ ਵਾਲੇ 16 ਜਿਓਰ ਤੋਂ ਪੈਦਾ ਹੋਣ ਵਾਲੇ 17 ਬਨਸਪਤੀ 18 ਪਸੀਨੇ ਤੋਂ ਪੈਦਾ ਹੋਣ ਵਾਲੇ 19 ਅਨੁਮਾਨ, ਅੰਦਾਜ਼ਾ 20 ਸਰੋਵਰਾਂ 21 ਪ੍ਰਬਤਾਂ 22 ਸੰਭਾਲ ਕਰਦਾ ਹੈ 23 ਸ੍ਰਿਸ਼ਟੀ 24 ਪ੍ਰਣਾਮ, ਨਮਸਕਾਰ 25 ਜੈ ਹੋਵੇ, ਸਦਾ ਕਾਇਮ ਰਹਿਣ ਵਾਲਾ 26 ਦੀਵਾਨ 27 ਅਟੁੱਟ, ਅਟੱਲ, ਅਚੱਲ 28 ਧਰਮ ਦੇ ਕੰਮ 29 ਮਨਜ਼ੂਰ, ਕਬੂਲ 30 ਸੁਭਾਵਕ 31 ਜੰਗਲਾਂ ਵਿਚ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਖ ਸੂਰਤਣ[1] ਸੰਗਰਾਮ[2] ਰਣ[3] ਮਹਿ ਛੁਟਹਿ ਪਰਾਣ ॥
ਲਖ ਸੁਰਤੀ[4] ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ[5] ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥
ਨਾਨਕ ਮਤੀ[6] ਮਿਥਿਆ[7] ਕਰਮੁ[8] ਸਚਾ ਨੀਸਾਣੁ[9] ॥ ੧੮ ॥

ਪਉੜੀ ॥

ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥
ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ[10] ਤਾ ਤਿਨੀ ਸਚੁ ਕਮਾਇਆ ॥
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ ॥
ਮੂਰਖ ਸਚੁ ਨ ਜਾਣਨੀ ਮਨਮੁਖੀ[11] ਜਨਮੁ ਗਵਾਇਆ ॥
ਵਿਚਿ ਦੁਨੀਆ ਕਾਹਿ[12] ਆਇਆ ॥ ੮ ॥

ਸਲੋਭ ਮਹਲਾ ੧

ਪੜਿ ਪੜਿ ਗਡੀ ਲਦੀਅਹਿ[13] ਪੜਿ ਪੜਿ ਭਰੀਅਹਿ ਸਾਥ[14] ॥
ਪੜਿ ਪੜਿ [15]ਬੇੜੀ ਪਾਈਐ ਪੜਿ ਪੜਿ [16]ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ[17] ॥
ਪੜੀਐ ਜੇਤੀ ਆਰਜਾ[18] ਪੜੀਅਹਿ ਜੇਤੇ ਸਾਸ[19] ॥
ਨਾਨਕ ਲੇਖੈ ਇਕ[20] ਗਲ ਹੋਰੁ ਹਉਮੈ[21] ਝਖਣਾ ਝਾਖ ॥ ੧੯ ॥

ਸਲੋਕ ਮਹਲਾ ੧

ਲਿਖਿ ਲਿਖਿ ਪੜਿਆ ॥ ਤੇਤਾ[22] ਕੜਿਆ[23] ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ[24] ॥
ਬਹੁ ਭੇਖ ਕੀਆ ॥ ਦੇਹੀ[25] ਦੁਖੁ ਦੁਖੁ ਦੀਆ ॥ ਸਹੁ[26] ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਦੁ[27] ਗਵਾਇਆ ॥ ਬਹੁ ਦੁਖੁ ਪਾਇਆ ਦੂਜਾ[28] ਭਾਇਆ[29] ॥
ਬਸਤ੍ਰ ਨ ਪਹਿਰੈ ॥[30]ਅਹਿਨਿਸਿ ਕਹਰੈ ॥ [31]ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥
[32]ਪਗ ਉਪੇਤਾਣਾ ॥ ਆਪਣਾ ਕੀਆ ਕਮਾਣਾ ॥ [33]ਅਲੁ ਮਲੁ ਖਾਈ ਸਿਰਿ ਛਾਈ[34] ਪਾਈ ॥

---

1 ਸੂਰਮਤਾਈ, ਬਹਾਦਰੀ 2 ਰਣ, ਯੁਧ 3 ਰਣ ਭੂਮੀ, ਲੜਾਈ 4 ਸੁਰਤ ਟਿਕਾਉਣਾ, ਧਿਆਨ 5 ਅਠਾਰਾਂ ਪੁਰਾਣ 6 ਬੁਧੀ, ਮਤਾਂ 7 ਝੂਠ, ਬੇਅਰਥ, ਬੇਕਾਰ 8 ਬਖ਼ਸ਼ਿਸ਼ 9 ਨਿਸ਼ਾਨ, ਪਰਵਾਨਾ, ਰਾਹਦਾਰੀ 10 ਵਾਹਿਗੁਰੂ 11 ਮਨਮਤੀਏ 12 ਕਿਸ ਵਾਸਤੇ, ਕਿਸ ਲਈ, 13 ਲੱਦ ਲਈਆਂ ਜਾਣ, ਭਰੀਏ 14 ਢੇਰ 15 ਬੇੜੀ ਜਾਂ ਕਿਸ਼ਤੀ ਭਰ ਲਈਏ 16 ਟੋਟੇ ਭਰੇ ਜਾ ਸਕਣ 17 ਅੰਨ੍ਹੇ 18 ਉਮਰ 19 ਸਾਹ 20 ਵਾਹਿਗੁਰੂ ਦੀ 21 ਖਪਣਾ, ਖਿਝਣਾ, ਵਿਅਰਥ, ਝੱਖਾਂ ਮਾਰਨੀਆਂ 22 ਉਹਨਾਂ ਹੀ 23 ਹੰਕਾਰੀ ਹੋਇਆ, ਦੁਖੀ ਹੋਇਆ, ਖਪਿਆ 24 ਫਜ਼ੂਲ ਬੋਲਿਆ, ਕਾਂ ਕਾਂ ਕੀਤਾ 25 ਸਰੀਰ ਨੂੰ 26 ਸਹਾਰ 27 ਜਾਇਕਾ, ਸਵਾਦ 28 ਪ੍ਰਭੂ ਬਿਨ ਹੋਰ 29 ਚੰਗਾ ਲੱਗਾ 30 ਦਿਨ ਰਾਤ 31 ਚੁੱਪ ਰਿਹਾ, ਕੁਰਾਹੇ ਪਿਆ 32 ਪੈਰੋਂ ਨੰਗਾ 33 ਗੰਦ, ਮੰਦ 34 ਸਵਾਹ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂਰਖਿ ਅੰਧੈ ਪਤਿ[1] ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥
ਰਹੈ ਬੇਬਾਣੀ[2] ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥
ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ[3] ਵਸਾਏ ॥
ਨਾਨਕ ਨਦਰਿ ਕਰੇ ਸੋ ਪਾਇ॥ਆਸ ਅੰਦੇਸੇ[4] ਤੇ ਨਿਹਕੇਵਲੁ[5] ਹਉਮੈ ਸਬਦਿ[6] ਜਲਾਇ॥[7]॥੨੦॥

ਪਉੜੀ

ਭਗਤ ਤੇਰੈ ਮਨਿ ਭਾਵਦੇ[8] ਦਰਿ[9] ਸੋਹਨਿ ਕੀਰਤਿ[10] ਗਾਵਦੇ ॥
ਨਾਨਕ ਕਰਮਾ ਬਾਹਰੇ ਦਰਿ ਢੋਅ[11] ਨ ਲਹਨੀ ਧਾਵਦੇ[12] ॥
ਇਕਿ ਮੂਲੁ[13] ਨ ਬੁਝਨਿ ਆਪਣਾ ਅਣਹੋਦਾ[14] ਆਪੁ ਗਣਾਇਦੇ ॥
ਹਉ ਢਾਢੀ[15] ਕਾ ਨੀਚ[16] ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥
ਤਿਨ੍ਹ ਮੰਗਾ ਜਿ ਤੁਝੈ ਧਿਆਇਦੇ ॥੯॥

ਸਲੋਕ ਮਹਲਾ ੧

ਕੂੜੁ[17] ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ[18] ਕੂੜੁ ਮਾੜੀ[19] ਕੂੜੁ ਬੈਸਣਹਾਰੁ[20] ॥
ਕੂੜੁ ਸੁਇਨਾ ਕੂੜੁ ਰੂਪਾ[21] ਕੂੜੁ ਪੈਨ੍ਹਣਹਾਰੁ ॥
ਕੂੜੁ ਕਾਇਆ[22] ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ[23] ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ[24] ਦੋਸਤੀ ਸਭੁ ਜਗੁ ਚਲਣਹਾਰੂ ॥
ਕੂੜੁ ਮਿਠਾ ਕੂੜੁ ਮਾਖਿਉ[25] ਕੂੜੁ ਡੋਬੇ ਪੂਰੁ[26] ॥
ਨਾਨਕੁ ਵਖਾਣੈ[27] ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੨੧॥

ਸਲੋਕ ਮਹਲਾ ੧

ਸਚੁ ਤਾ ਪਰੁ[28] ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ[29] ਉਤਰੈ ਤਨੁ ਕਰੇ ਹਛਾ ਧੋਇ ॥
ਸਚਾ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ[30] ਤਾ ਪਾਏ ਮੋਖ[31] ਦੁਆਰ ॥

---

1 ਇਜ਼ਤ 2 ਜੰਗਲਾਂ ਵਿਚ 3 ਮਨ ਵਿਚ 4 ਅੰਦੇਸ਼ਾ, ਫ਼ਿਕਰ 5 ਨਿਰਲੇਪ 6 ਨਾਮ ਰਾਹੀਂ 7 ਸਾੜਦਾ ਹੈ 8 ਚੰਗੇ ਲੱਗਦੇ 9 ਦਰਵਾਜ਼ਾ 10 ਜਸ, ਵਡਿਆਈ 11 ਸਹਾਰਾ, ਆਸਰਾ 12 ਭਟਕਦੇ 13 ਸੋਮਾ, ਅਸਲ 14 ਬਿਨਾ ਕਿਸੇ ਗੁਣ ਦੇ 15 ਜਸ ਗਾਉਣ ਵਾਲੇ 16 ਨੀਵੀਂ ਜ਼ਾਤ 17 ਨਾਸ਼ਮਾਨ, ਝੂਠ 18 ਮਹੱਲ, ਸ਼ਾਮਿਆਨਾ 19 ਅਟਾਰੀ 20 ਬੈਠਣ ਵਾਲਾ, ਵਸਨੀਕ 21 ਚਾਂਦੀ, ਰੁਪਿਆ 22 ਸਰੀਰ 23 ਖੁਆਰ, ਜ਼ਲੀਲ 24 ਕਰੀਏ 25 ਸ਼ਹਿਦ 26 ਸਾਰੇ, ਬੇੜੀ ਦਾ ਪੂਰ 27 ਕਹਿੰਦਾ ਹੈ, ਕਰਦਾ ਹੈ 28 ਤਦ ਹੀ 29 ਮੈਲ 30 ਖ਼ੁਸ਼ ਹੁੰਦਾ ਹੈ 31 ਮੁਕਤੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਚੁ ਤਾ ਪਰੁ ਜਾਣੀਐ ਜਾ ਜੁਗਤਿ[1] ਜਾਣੈ ਜੀਉ ॥
ਧਰਤਿ ਕਾਇਆ[2] ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ[3] ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨੁ ਕਰੇਇ ॥
ਸਚੁ ਤਾ ਪਰੁ ਜਾਣੀਐ ਜਾ ਆਤਮ ਤਿਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨੨॥

ਪਉੜੀ

ਦਾਨੁ ਮਹਿੰਡਾ[4] ਤਲੀ[5] ਖਾਕੁ ਜੇ ਮਿਲੈ ਤ ਮਸਤਕਿ[6] ਲਾਈਐ ॥
ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ[7] ਧਿਆਈਐ ॥
ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥
ਜੇ ਹੋਵੈ ਪੂਰਬਿ[8] ਲਿਖਿਆ ਤਾ ਧੂੜਿ ਤਿਨ੍ਾ ਦੀ ਪਾਈਐ ॥
ਮਤਿ ਥੋੜੀ ਸੇਵ ਗਵਾਈਐ ॥੧੦॥

ਸਲੋਕ ਮਹਲਾ ੧

ਸਚਿ ਕਾਲੁ ਕੂੜੁ ਵਰਤਿਆ [9]ਕਲਿ ਕਾਲਖ ਬੇਤਾਲੁ[10] ॥
ਬੀਉ[11] ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ[12] ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥
ਨਾਨਕ ਪਾਹੈ[13] ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ[14] ਪਾਹੁ ਤਨਿ ਹੋਇ ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ[15] ਨ ਕੋਇ ॥੨੩॥

ਸਲੋਕ ਮਹਲਾ ੧

ਲਬੁ[16] ਪਾਪੁ ਦੁਇ ਰਾਜਾ ਮਹਤਾ[17] ਕੂੜੁ ਹੋਇਆ ਸਿਕਦਾਰੁ[18] ॥
ਕਾਮੁ ਨੇਬੁ[19] ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ[20] ਰਯਤਿ ਗਿਆਨ ਵਿਹੂਣੀ ਭਾਹਿ[21] ਭਰੇ ਮੁਰਦਾਰੁ[22] ॥
ਗਿਆਨੀ ਨਚਹਿ ਵਾਜੇ ਵਾਵਹਿ[23] ਰੂਪ ਕਰਹਿ ਸੀਗਾਰੁ ॥

---

1 ਢੰਗ 2 ਸਰੀਰ 3 ਸਿਖਿਆ 4 ਮੇਰਾ 5 ਚਰਨ ਧੂੜ 6 ਮੱਥੇ ਤੇ 7 ਵਹਿਗੁਰੂ 8 ਪਹਿਲਾ 9 ਕਲਯੁਗ ਦੀ ਕਾਲਖ਼ 10 ਭੂਤਨੇ 11 ਨਾਮ ਦਾ ਬੀਜ 12 ਦਚਿੱਤਾਪਣ 13 ਪਾਣ, ਲਾਗ 14 ਉਦਮ, ਮਿਹਨਤ 15 ਰੰਗਿਆ ਜਾਏ 16 ਲੋਭ, ਲਾਲਚ, ਜੀਭ-ਚਸਕਾ 17 ਵਜ਼ੀਰ, ਦੀਵਾਨ 18 ਚੌਧਰੀ, ਲੰਬਰਦਾਰ 19 ਨਾਇਬ 20 ਅੰਨ੍ਹੀ, ਬੇਸਮਝ 21 ਲਾਲਚ ਦੀ ਅੱਗ 22 ਰਿਸ਼ਵਤ, ਵੱਢੀ 23 ਵਜਾਂਦੇ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਚੇ ਕੂਕਹਿ ਵਾਦਾ[1] ਗਾਵਹਿ ਜੋਧਾ ਕਾ ਵੀਚਾਰੁ ॥
[2]ਮੂਰਖੁ ਪੰਡਿਤ ਹਿਕਮਤਿ[3] ਹੁਜਤਿ[4] ਸੰਜੈ[5] ਕਰਹਿ ਪਿਆਰੁ ॥
ਧਰਮੀ ਧਰਮੁ ਕਰਹਿ, ਗਾਵਾਵਹਿ, ਮੰਗਹਿ ਮੋਖ ਦੁਆਰੁ ॥
ਜਤੀ ਸਦਾਵਹਿ ਜੁਗਤਿ[6] ਨ ਜਾਣਹਿ, ਛਡਿ ਬਹਹਿ ਘਰ ਬਾਰੁ ॥
ਸਭ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥
[2]ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥੨੪॥

ਸਲੋਕ ਮਹਲਾ ੧

[8]ਵਦੀ ਸੁ ਵਜਹਿ[9] ਨਾਨਕਾ ਸਚਾ ਵੇਖੈ ਸੋਇ ॥
ਸਭਨੀ ਛਾਲਾਂ ਮਾਰੀਆ ਕਰਤਾ ਕਰੇ ਸੁ ਹੋਇ ॥
ਅਗੈ[10] ਜਾਤਿ ਨ ਜੋਰੁ[11] ਹੈ ਅਗੈ ਜੀਉ ਨਵੇ[12] ॥
ਜਿਨ ਕੀ ਲੇਖੈ ਪਤਿ[13] ਪਵੈ ਚੰਗੇ ਸੇਈ ਕੇਇ ॥੨੫॥

ਪਉੜੀ

ਧਰਿ[14] ਕਰਮੁ[15] ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ ॥
ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ[16] ਜਗਤੁ ਉਪਾਇਆ[17] ॥
ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ[18] ॥
ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ[19] ॥
ਸਹਜੇ[20] ਹੀ ਸਾਚਿ ਸਮਾਇਆ ॥੧੧॥

ਸਲੋਕ ਮਹਲਾ ੧

ਦੁਖੁ ਦਾਰੂ ਸੁਖੁ ਰੋਗੁ ਭਾਇਆ, ਜਾ ਸੁਖੁ ਤਾਮਿ[21] ਨ ਹੋਈ ॥
ਤੂੰ ਕਰਤਾ ਕਰਣਾ[22] ਮੈਂ ਨਾਹੀ ਜਾ ਹਉ[23] ਕਰੀ ਨ ਹੋਈ ॥
ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨਾ ਜਾਇ ਲਖਿਆ[24] ॥੧॥ਰਹਾਉ॥
ਜਾਤਿ[25] ਮਹਿ ਜੋਤਿ[26] ਜੋਤਿ ਮਹਿ ਜਾਤਾ[27] ਅਕਲ ਕਲਾ ਭਰਪੂਰਿ ਰਹਿਆ ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ[28] ਜਿਨਿ ਕੀਤਾ ਸੁ ਪਾਰਿ ਪਇਆਂ ॥
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨੬॥

ਸਲੋਕ ਮਹਲਾ ੨

ਗਜੋ ਸਬਦੰ[29] ਗਿਆਨ ਸਬਦ ਬੇਦ ਸਬਦੰ ਬ੍ਰਾਹਮਣਹ ॥

---

1 ਝਗੜੇ, ਲੜਾਈਆਂ 2 ਮੂਰਖ ਵਿਦਵਾਨ, 3 ਚਲਾਕੀ 4 ਦਲੀਲ 5 ਦੌਲਤ ਇਕੱਠੀ ਕਰਦੇ ਹਨ 6 ਜਾਚ, ਢੰਗ 7 ਇੱਜ਼ਤ ਦਾ ਵੱਟਾ 8 ਮਿਥੀ ਹੋਈ 9 ਪ੍ਰਗਟ ਹੋਵੇਗੀ 10 ਅਗਲੀ ਦੁਨੀਆਂ 11 ਬਲ 12 ਨਵੇਂ ਜੀਵ 13 ਇੱਜ਼ਤ 14 ਮੁਢ 15 ਬਖ਼ਸ਼ਿਸ਼ 16 ਤਰ੍ਹਾਂ ਤਰ੍ਹਾਂ ਦਾ, ਰੰਗ ਬਰੰਗਾ 17 ਪੈਦਾ ਕੀਤਾ 18 ਖੁੰਝਾਇਆ 19 ਸਮਝਾਇਆ 20 ਸੁਤੇ ਸਿਧ ਹੀ 21 ਤਦ ਰੋਗ 22 ਕਰਨਹਾਰ 23 ਹਉਮੈ 24 ਦੇਖਿਆ 25 ਸ੍ਰਿਸ਼ਟੀ 26 ਨੂਰ 27 ਅਖੰਡ ਸ਼ਕਤੀ ਵਾਲਾ ਪ੍ਰਭੂ 28. ਸੁੰਦਰ 29 ਧਰਮ ਚਚਨ, ਉਪਦੇਸ਼ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਤ੍ਰੀ ਸਬਦੰ ਸੂਰ[1] ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ[2] ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ[3] ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੨੭॥

ਸਲੋਕ ਮਹਲਾ ੨

ਏਕ ਕ੍ਰਿਸਨੰ[4] ਸਰਬ ਦੇਵਾ ਦੇਵ ਤ[5] ਆਤਮਾ ॥
ਆਤਮਾ ਬਾਸੁਦੇਵਸਿ[6] ਜੇ ਕੋ ਜਾਣੈ ਭੇਉ[7] ॥
ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨੁ[8] ਦੇਉ ॥੨੮॥

ਸਲੋਕ ਮਹਲਾ ੧

ਕੁੰਭੇ[9] ਬਧਾ ਜਲੁ ਰਹੈ ਜਲੁ ਬਿਨੁ ਕੁੰਭ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥੨੯॥

ਪਉੜੀ

ਪੜਿਆ ਹੋਵੈ ਗੁਨਹਗਾਰੁ[10] ਤਾ ਓਮੀ[11] ਸਾਧ ਨਾ ਮਾਰੀਐ ॥
ਜੇਹਾ ਘਾਲੇ[12] ਘਾਲਣਾ[13] ਤੇਵੇਹੋ[14] ਨਾਉ ਪਚਾਰੀਐ[16] ॥
ਐਸਾ ਕਲਾ[13] ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥
ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥
[17]ਮੁਹਿ ਚਲੈ ਸੁ ਅਗੈ ਮਾਰੀਐ ॥੧੨॥

ਸਲੋਕ ਮਹਲਾ ੧

ਨਾਨਕ[18] ਮੇਰੁ ਸਰੀਰ ਕਾ ਇਕੁ ਰਥੁ[19] ਇਕੁ ਰਥਵਾਹੁ[20] ॥
[21]ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥
ਸਤਿਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥
ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥
ਦੁਆਪਰਿ ਰਥੁ ਤਪੈ ਕਾ ਸਤੁ[22] ਅਗੈ ਰਥਵਾਹੁ ॥
ਕਲਿਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੩੦॥

ਸਲੋਕ ਮਹਲਾ ੧

ਸਾਮ[24] ਕਹੈ ਸੇਤੰਬਰ[25] ਸੁਆਮੀ, ਸਚ ਮਹਿ ਆਛੈ ਸਾਚਿ ਰਹੈ ॥

---

1 ਬਹਾਦਰੀ 2 ਪਰਾਈ ਕਿਰਤ 8 ਭੇਦ 4 ਪ੍ਰਭੂ 5 ਵੀ, ਭੀ 6 ਪ੍ਰਭੂ ਦਾ 7 ਭੇਤ 8 ਮਾਇਆ ਰਹਿਤ ਪ੍ਰਭੂ 9 ਘੜੇ ਵਿਚ 10 ਪਾਪੀ 11 ਅਨਪੜ੍ਹ 12 ਕਰੇ 13 ਕਮਾਈ 14 ਉਹੋ ਜਿਹਾ 15 ਸਦਿਆ ਜਾਂਦਾ ਹੈ, ਪ੍ਰਚਲਿਤ ਹੁੰਦਾ ਹੈ 16 ਖੇਡ 17 ਆਪ ਮੁਹਾਰਾ, ਮੂੰਹ ਜ਼ੋਰ, 18 ਸ਼ਿਰੋਮਣੀ, ਵੱਡਾ ਕੇਂਦਰ 19 ਸ਼ਰੀਰ ਰੂਪੀ ਰਥ 20 ਰਥਵਾਨ, ਆਤਮਕ ਰੂਪੀ ਚਾਲਕ 21 ਜੁਗਾਂ ਜੁਗਾਂ ਵਿਚ 22 ਸੱਚ 23 ਤ੍ਰਿਸ਼ਨਾ ਰੂਪੀ ਅੱਗ 24 ਇਕ ਵੇਦ ਦਾ ਨਾਂ 25 ਪਰਮਾਤਮਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭੁ ਕੋ ਸਾਚਿ ਸਮਾਵੈ ॥
ਰਿਗੁ ਕਹੈ ਰਹਿਆ ਭਰਪੂਰ ॥ ਰਾਮ ਨਾਮੁ ਦੇਵਾ ਮਹਿ ਸੂਰੁ ॥
ਨਾਇ ਲਇਐ ਪਰਾਛਤੁ[1] ਜਾਹਿ ॥ ਨਾਨਕ ਤਉ ਮੋਖੰਤਰੁ ਪਾਹਿ ॥
ਜੁਜ[2] ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕਿਸਨੁ ਜਾਦਮੁ ਭਇਆ ॥
ਪਾਰਜਾਤੁ[3] ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥
ਕਲਿ[4] ਮਹਿ ਬੇਦੁ ਅਥਰਬਣੁ ਹੂਆ, ਨਾਉ ਖੁਦਾਈ ਅਲਹੁ ਭਇਆ ॥
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ[5] ਅਮਲੁ ਕੀਆ ॥
ਚਾਰੇ ਵੇਦ ਹੋਏ ਸਚਿਆਰ ॥ ਪੜਹਿ ਗੁਣਹਿ[6] ਤਿਨ੍ ਚਾਰ ਵੀਚਾਰ ॥
ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰ ਪਾਏ ॥੩੧॥

ਪਉੜੀ

ਸਤਿਗਰ ਵਿਟਹੁ[8] ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ[9] ਦੀਆ ਇਨੀ ਨੇਤ੍ਰੀ ਜਗਤੁ ਨਿਹਾਲਿਆ[10] ॥
ਖਸਮੁ ਛੋਡਿ ਦੂਜੇ ਲਗੇ ਡੁਬੇ ਸੇ ਵਣਜਾਰਿਆ[11] ॥
ਸਤਿਗੁਰੂ ਹੈ ਬੋਹਿਥਾ[12] ਵਿਰਲੈ ਕਿਨੈ ਵੀਚਾਰਿਆ ॥
ਕਰਿ ਕਿਰਪਾ ਪਾਰਿ ਉਤਾਰਿਆ ॥੧੩॥

ਸਲੋਕ ਮਹਲਾ ੧

ਸਿੰਮਲੁ ਰੁਖੁ ਸਰਾਇਰਾ[13] [14]ਅਤਿ ਦੀਰਘ ਅਤਿ ਮੁਚੁ ॥
[15]ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ[16] ॥
ਫਲ ਫਿਕੇ ਫੁਲ ਬਕ-ਬਕੇ ਕੰਮਿ ਨ ਆਵਹਿ ਪਤ ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ[17] ॥
ਸੁਭ ਕੋ ਨਿਵੈ ਆਪ ਕਉ [18]ਪਰ ਕਉ ਨਿਵੈ ਨ ਕੋਇ ॥
ਧਰਿ ਤਾਰਾਜੂ ਤੋਲੀਐ ਨਿਵੈ ਸੁ[19] ਗਉਰਾ[20] ਹੋਇ ॥
ਅਪਰਾਧੀ ਦੂਣਾ ਨਿਵੈ ਜੋ [21]ਹੰਤਾ ਮਿਰਗਾਹਿ ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ[22] ਜਾਹਿ ॥੩੨॥

ਸਲੋਕ ਮਹਲਾ ੧

ਪੜਿ ਪੁਸਤਕ[23] ਸੰਧਿਆ[24] ਬਾਦੰ[25] ॥ ਸਿਲ[26] ਪੂਜਸਿ ਬਗੁਲ ਸਮਾਧੰ ॥

1 ਪਾਪ ਦਾ ਪਛਤਾਵਾ ਪ੍ਰਾਸ਼ਚਿਤ 2 ਦੁਆਪਰ ਜੁਗ ਵਿਚ 3 ਸਵਰਗ ਦੇ ਇਕ ਬ੍ਰਿਛ ਦਾ ਨਾਂ 4 ਕਲਜੁਗ 5 ਰਾਜ ਹੋ ਗਿਆ 6 ਵਿਚਾਰੇ 7 ਅਚਾਰ ਵਿਹਾਰ 8 ਤੋਂ, ਉਪਰੋਂ 9 ਸੁਰਮਾ 10 ਦੇਖਿਆ 11 ਜਗਿਆਸੂ, ਵਪਾਰੀ 12 ਜਹਾਜ 13 ਹਰਾ ਭਰਾ 14 ਬਹੁਤ ਲੰਮਾ, ਚੌੜਾ ਤੇ ਮੋਟਾ 15 ਉਹ (ਪੰਛੀ) 16 ਕਿਸ ਕਾਰਨ 17 ਸਾਰ ਖੁਲਾਸਾ। 18 ਕਿਸੇ ਹੋਰ ਵਾਸਤੇ 19 ਉਹ 20 ਭਾਰਾ, ਗੰਭੀਰ 21 ਮਿਰਗਾਂ ਦਾ ਸ਼ਿਕਾਰੀ 22 ਖੋਟਾ 23 ਧਾਰਮਿਕ ਗ੍ਰੰਥ 24 ਸ਼ਾਮ ਦੀ ਅਰਦਾਸ 25 ਵਾਦ-ਵਿਵਾਦ, 26 ਮੂਰਤੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਖਿ[1] ਝੂਠ ਬਿਭੁਖਣ[2] ਸਾਰੰ ॥ ਤ੍ਰੈ ਪਾਲ[3] ਤਿਹਾਲ[4] ਬਿਚਾਰੰ ॥
ਗਲਿ ਮਾਲਾ ਤਿਲਕ ਲਿਲਾਟੰ[5] ॥ ਦੁਇ ਧੋਤੀ ਬਸਤ੍ਰ ਕਪਾਟੰ[6] ॥
ਜੇ ਜਾਣਸਿ[7] ਬ੍ਰਹਮੰ ਕਰਮੰ ॥ ਸਭਿ ਫੋਕਟ ਨਿਸਚਉ[8] ਕਰਮੰ ॥
ਕਹੁ ਨਾਨਕ ਨਿਹਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥੩੩॥

ਪਉੜੀ

ਕਪੜੁ[9] ਰੂਪੁ ਸੁਹਾਵਣਾ[10] ਛਡਿ ਦੁਨੀਆ ਅੰਦਰਿ ਜਾਵਣਾ ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥
ਹੁਕਮੁ ਕੀਏ ਮਨਿ ਭਾਵਦੇ ਰਾਹਿ ਭੀੜੈ[11] ਅਗੈ ਜਾਵਣਾ ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥
ਕਰਿ ਅਉਗਣ ਪਛੋਤਾਵਣਾ ॥੧੪॥

ਸਲੋਕ ਮਹਲਾ ੧

ਦਇਆ[12] ਕਪਾਹ ਸੰਤੋਖੁ ਸੂਤੁ ਜਤੁ[13] ਗੰਢੀ[14] ਸਤੁ[15] ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥
ਚਉਕੜਿ[16] ਮੁਲਿ ਅਣਾਇਆ ਬਹਿ ਚਉਕੈ ਪਾਇਆ ॥
ਸਿਖਾ[17] ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ[18] ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੩੪॥

ਸਲੋਕ ਮਹਲਾ ੧

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥
ਲਖ ਠਗੀਆ ਪਹਿਨਾਮੀਆ[19] ਰਾਤਿ ਦਿਨਸੁ ਜੀਅ ਨਾਲਿ ॥
ਤਗੁ[20] ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥
ਕੁਹਿ[21] ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥੩੫॥

---

1 ਮੂੰਹ 2 ਗਹਿਣੇ 3 ਗਾਇਤ੍ਰੀ, ਤਿੰਨਾ ਪਾਲਾ ਵਾਲਾ ਪਵਿਤ੍ਰ ਮੰਤ੍ਰ-ਗਾਇਤ੍ਰੀ 4 ਤਿੰਨ ਵਾਚ 5 ਮੱਥੇ ਤੇ 6 ਸਿਰਾ ਤੇ 7 ਪ੍ਰਭੂ ਦੇ ਕੰਮ 8 ਸ਼ਰਧਾ ਨਾਲ, ਸ਼ਰਧਾ ਧਾਰ ਕੇ 9 ਸਰੀਰ ਰੂਪੀ ਕਪੜਾ 10 ਸੁਹਣਾ 11 ਅਗਲੇ ਸੰਸਾਰ ਵਿਚ ਭੀੜੇ ਰਾਹ ਰਾਹੀਂ 12 ਰਹਿਮ, ਤਰਸ 13 ਆਪਣੇ ਉਪਰ ਕਾਬੂ 14 ਗੰਢਾਂ 15 ਉਚਾ ਆਚਰਣ 16 ਚਾਰ ਕੌਡਾਂ ਦਾ 17 ਸਿਖਿਆ, ਉਪਦੇਸ਼, ਗੁਰਮੰਤ੍ਰ 18 ਹੋਇਆ 19 ਬਦਨਾਮੀਆਂ, ਲੁਕਵੇਂ ਪਾਪ, ਖਿਆਨਤਾਂ 20 ਜੰਞੂ, ਧਾਗਾ, ਜਨੇਊ 21 ਕੋਹ ਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਲੋਕ ਮਹਲਾ ੧

[1]ਨਾਇ ਮੰਨਿਐ ਪਤਿ ਊਪਜੈ [2]ਸਾਲਾਹੀ ਸਚੁ ਸੂਤੁ ॥
ਦਰਗਾਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ[3] ॥੩੬॥

ਸਲੋਕ ਮਹਲਾ ੧

ਤਗੁ ਨ ਇੰਦ੍ਰੀ[4] ਤਗੂ ਨ ਨਾਰੀ[5] ॥ ਭਲਕੇ[6] ਥੁਕ ਪਵੈ ਨਿਤ ਦਾੜੀ ॥
ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥
ਵੇ ਤਗਾ[7] ਆਪੇ ਵਤੈ[8] ॥ ਵਟਿ ਧਾਗੇ ਅਵਰਾ ਘਤੈ[9] ॥
ਲੈ ਭਾੜਿ[10] ਕਰੇ ਵੀਆਹੁ ॥ ਕਢਿ ਕਾਮਲੁ[11] ਦਸੇ ਰਾਹੁ ॥
ਸੁਣਿ ਵੇਖਹੁ ਲੋਕਾ ਇਹੁ ਵਿਡਾਣੁ[12] ॥ ਮਨਿ ਅੰਧਾ ਨਾਉ ਸੁਜਾਣੁ[13] ॥੩੭॥

ਪਉੜੀ

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥
ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥
ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ[14] ਪਾਇਸੀ ॥
ਖਸਮੈ ਭਾਵੈ ਸੋ ਕਰੇ [15]ਮਨਹੁ ਚਿੰਦਿਆ ਸੋ ਫਲੁ ਪਾਇਸੀ ॥
ਤਾ ਦਰਗਾਹ ਪੈਧਾ[16] ਜਾਇਸੀ ॥੧੫॥

ਸਲੋਕ ਮਹਲਾ ੧

ਗਊ ਬਿਰਾਹਮਣ ਕਉ ਕਰੁ[17] ਲਾਵਹੁ, ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ, ਧਨੁ[18] ਮਲੇਛਾਂ ਖਾਈ ॥
ਅੰਤਰਿ[19] ਪੂਜਾ ਪੜਹਿ ਕਤੇਬਾ ਸੰਜਮੁ[20] ਤੁਰਕਾ ਭਾਈ ॥
ਛੋਡੀਲੇ[21] ਪਾਖੰਡਾ ॥ ਨਾਮ ਲਇਐ ਜਾਹਿ ਤਰੰਦਾ ॥ ੩੮ ॥

ਸਲੋਕ ਮਹਲਾ ੧

[22]ਮਾਣਸ-ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ[23] ॥
ਤਿਨ ਘਰਿ ਬ੍ਰਹਮਣ [24]ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦੁ[25] ॥
ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ[26] ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥
ਮਥੇ ਟਿਕਾ ਤੇੜਿ ਧੋਤੀ ਕਖਾਈ[27] ॥ ਹਥਿ ਛੁਰੀ ਜਗਤ ਕਾਸਾਈ ॥

---

1 ਪ੍ਰਭੂ ਦਾ ਨਾਮ ਮੰਨਣ ਨਾਲ 2 ਪ੍ਰਭੂ ਦੀ ਸਿਫਤ ਸਲਾਹ ਹੀ ਸੱਚਾ ਜਨੇਊ ਹੈ। 3 ਪਵਿਤਰ 4 ਗਿਆਨ ਇਦਰੇ 5 ਨਾੜਾ, ਨਾੜੀ 6 ਨਿੱਤ 7 ਬਿਨਾ ਜੰਜੂ ਦੇ 8 ਜਾਂਦਾ ਹੈ। 9 ਪਾਉਂਦਾ ਹੈ। 10 ਮਜ਼ੂਰੀ, ਭਾੜਾ 11 ਕਾਗਜ਼ 12 ਅਚਰਜ 13 ਸਿਆਣਾ 14 ਘਰ 15 ਮਨ ਭਾਉਂਦਾ 16 ਸਿਰੋਪਾ ਲੈ ਕੇ 17 ਟੈਕਸ 18 ਭੋਜਨ, ਰੋਜ਼ੀ 19 ਅੰਦਰ ਵੜਕੇ 20 ਰਹਿਤ ਬਹਿਤ 21 ਛੱਡਦੇ 22 ਵੱਡੀ-ਖੋਰ 23 ਜਨੇਊ 24 ਸੰਖ ਵਜਾਂਦੇ ਹਨ 25 ਸੁਆਦ 26 ਖਾਣਾ 27 ਭਗਵੇਂ ਰੰਗ ਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੀਲ ਵਸਤ ਪਹਿਰਿ ਹੋਵਹਿ ਪਰਵਾਣੁ ॥ ਮਲੈਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ[1] ਕਾ ਕੁਠਾ[2] ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥
ਦੇ ਕੇ ਚਉਕਾ ਕਢੀ ਕਾਰ[3] ॥ ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥
[4]ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥ ਸੁਚਿ[5] ਹੋਵੈ ਤਾ ਸਚੁ ਪਾਈਐ ॥੩੯॥

ਪਉੜੀ

ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥
ਆਪੇ ਦੇ ਵਡਿਆਇਆ ਆਪੇ ਹੀ ਕਰਮ ਕਰਾਇਦਾ ॥
ਵਡਹੁ ਵਡਾ[6] ਵਡ ਮੇਦਨੀ[7] ਸਿਰੇ[8] ਸਿਰਿ ਧੰਧੈ ਲਾਇਦਾ ॥
ਨਦਰਿ ਉਪਠੀ[9] ਜੇ ਕਰੇ ਸੁਲਤਾਨਾ [10] ਘਾਹੁ ਕਰਾਇਦਾ ॥
ਦਰਿ[11] ਮੰਗਨਿ ਭਿਖ[12] ਨ ਪਾਇਦਾ ॥੧੯॥

ਸਲੋਕ ਮਹਲਾ ੧

ਜੋ ਮੋਹਾਕਾ[13] ਘਰੁ ਮੁਹੈ[14] [15]ਘਰੁ ਮੁਹਿ ਪਿਤਰੀ[16] ਦੇਇ ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥
ਵਢੀਅਹਿ ਹਥ ਦਲਾਲ[17] ਕੇ ਮੁਸਫ਼ੀ[18] ਏਹ ਕਰੇਇ ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ[19] ਦੇਇ ॥ ੪੦ ॥

ਸਲੋਕ ਮਹਲਾ ੧

ਜਿਉ ਜੋਰੂ[20] ਸਿਰਨਾਵਣੀ[21] ਆਵੈ [22]ਵਾਰੋ ਵਾਰ ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥
ਸੂਚੇ[23] ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੪੧॥

ਪਉੜੀ

ਤੁਰੇ[24] ਪਲਾਣ[25] [26]ਪਉਣ-ਵੇਗ ਹਰ ਰੰਗੀ ਹਰਮ[27] ਸਵਾਰਿਆ ॥
ਕੋਠੇ ਮੰਡਪ[28] ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥

---

1 ਪਰਾਈ ਬੋਲੀ ਵਿਚ ਲਿਖਿਆ, ਕਲਮਾ ਪੜ੍ਹਿਆ 2 ਹਲਾਲ ਕੀਤਾ 3 ਲਕੀਰ ਹੱਦ 4 ਗੰਦੇ ਸਰੀਰ ਨਾਲ ਬੁਰਿਆਈਆਂ ਕਰਦੇ ਹਨ 5 ਪਵਿੱਤਰਤਾ 6 ਬਹੁਤ ਵੱਡਾ 7 ਸ੍ਰਿਸ਼ਟੀ ਬੇਅੰਤ ਹੈ 8 ਥਾਉਂ ਥਾਈਂ 9 ਉਲਟੀ 10 ਘਾਹ ਖੋਦਣ ਤੇ ਲਾਉਂਦਾ ਹੈ, ਕੱਖੋਂ ਹੌਲਾ ਕਰਦਾ ਹੈ 11 ਦਰਵਾਜ਼ਾ 12 ਭਿਖਿਆ 13 ਲੁਟੇਰਾ, ਠੱਗ 14 ਠੱਗੇ, ਲੁਟੇ 15 ਕਿਸੇ ਦਾ ਘਰ ਲੁਟ ਕੇ ਪਿਤਰਾ ਨਮਿਤ ਦੇ ਦੇਵੇ 16 ਬਜ਼ੁਰਗ, ਮਾਤਾ ਪਿਤਾ 17 ਵਚੋਲਾ 18 ਇਨਸਾਫ਼ 19 ਕਮਾਏ 20 ਇਸਤ੍ਰੀ 21 ਮਾਹਵਾਰੀ ਰਿਤੁ 22 ਹਰ ਮਹੀਨੇ 23 ਪਵਿਤਰ 24 ਘੋੜੇ 25 ਕਾਠੀਆਂ, ਪਲਾਣ 26 ਹਵਾ ਦੀ ਚਾਲ ਵਾਲੇ 27 ਇਸਤ੍ਰੀਆਂ, ਟੱਬਰ, ਮਹੱਲ 28 ਸ਼ਾਨਦਾਰ ਇਮਾਰਤ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੋਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨ ਹੀ ਹਾਰਿਆ ॥
ਕਰਿ ਫੁਰਮਾਇਸਿ[2] ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥
ਜਰ[3] ਆਈ ਜੋਬਨਿ[4] ਹਾਰਿਆ ॥ ੧੭ ॥

ਸਲੋਕ ਮਹਲਾ ੧

ਜੇ ਕਰਿ ਸੂਤਕੁ ਮੰਨੀਐ ਸਭ ਤੈ[5] ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਾਰਿਆ ਸਭ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ[6] ਨ ਉਤਰੈ ਗਿਆਨੁ ਉਤਾਰੈ ਧੋਇ ॥੪੨ ॥

ਸਲੋਕ ਮਹਲਾ ੧

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ[7] ॥
ਅਖੀ ਸੂਤਕੁ ਵੇਖਣਾ [8]ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੈ[9] ਖਾਹਿ ॥
ਨਾਨਕ [10]ਹੰਸਾ ਆਦਮੀ ਬਧੇ ਜਮਪੁਰਿ ਜਾਹਿ ॥੪੩॥

7739

ਸਲੋਕ ਮਹਲਾ ੧

ਸਭੋ ਸੂਤਕੁ ਭਰਮੁ ਹੈ ਦੂਜੈ[11] ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ[12] ॥
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ [13]ਤਿਨ੍ਹਾ ਸੂਤਕੁ ਨਾਹਿ ॥੪੪॥

ਪਉੜੀ

ਸਤਿਗੁਰ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥
ਸਹਿ[14] ਮੇਲੇ ਤਾ ਨਦਰੀ[15] ਆਈਆ ॥ ਜਾ ਤਿਸੁ ਭਾਣਾ ਤਾ ਮਨਿ ਵਸਾਈਆ॥
ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਇਆ ॥
ਸਹਿ ਤੁਠੈ[16] ਨਉਨਿਧਿ[17] ਪਾਇਆ ॥੧੮॥

ਸਲੋਕ ਮਹਲਾ ੧

ਪਹਿਲਾ ਸੁਚਾ[18] ਆਪਿ ਹੋਇ ਸੁਚੈ[19] ਬੈਠਾ ਆਇ ॥

---

1 ਮਨ ਭਾਉਂਦੇ ਚੋਜੀ, ਕੌਤਕ ਕਰਦੇ ਹਨ 2 ਹੁਕਮ 3 ਬੁਢੇਪਾ 4 ਜਵਾਨੀ 5 ਥਾਂ, ਜਗ੍ਹਾ 6 ਇਸ ਪ੍ਰਕਾਰ 7 ਝੂਠ 8 ਪਰਾਈ ਇਸਤ੍ਰੀ ਤੇ ਪਰਾਏ ਧਨ ਦੀ ਸੁੰਦਰਤਾ 9 ਚੁਗਲੀ, ਨਿੰਦਾ 10 ਹਿੰਸਕ ਮਨੁੱਖ 11 ਮਾਇਆ 12 ਇਕੱਠਾ 13 ਜਾਣਿਆ 14 ਸ਼ਹੁ, ਪਤੀ-ਪਰਮੇਸ਼ਰ 15 ਨਜ਼ਰੀ 16 ਖੁਸ਼ ਹੋਏ 17 ਕੁਬੇਰ ਦੇ ਨੌਂ ਖਜ਼ਾਨੇ 18 ਪਵਿਤਰ 19 ਸੁਚ ਚੌਂਕੇ ਵਿਚ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਚੇ ਅਗੈ ਰਖਿਓਨੁ, ਲੋਇ ਨ ਭਿਟਿਓ ਜਾਇ ॥
ਸੁਚਾ ਹੋਇ ਕੈ ਜੇਵਿਆ[1] ਲਗਾ ਪੜਣਿ ਸਲੋਕੁ ॥
ਕੁਹਥੀ[2] ਜਾਇ ਸਟਿਆ ਕਿਸੁ ਏਹੁ ਲਗਾ ਦੋਖੁ ॥
ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰ ਦੇਵਤਾ ਲੂਣੁ ॥
ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ[3] ਪਵਿਤੁ ॥
ਪਾਪੀ ਸਿਉ ਤਨੁ ਗਡਿਆ[4] ਥੁਕਾ ਪਈਆ ਤਿਤੁ[5] ॥
ਤਿਤੁ ਮੁਖਿ ਨਾਮੁ ਨ ਊਚਰਹਿ ਬਿਨ ਨਾਵੈ ਰਸ ਖਾਹਿ ॥
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੪੫॥

ਸਲੋਕ ਮਹਲਾ ੧

ਭੰਡਿ[6] ਜੰਮੀਐ ਭੰਡਿ ਨਿੰਮੀਐ[7] ਭੰਡਿ ਮੰਗਣੁ[8] ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ [9]ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ[10] ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥
ਜਿਤੁ ਮੁਖਿ ਸਦਾ ਸਾਲਾਹੀਐ, [11]ਭਾਗਾ ਰਤੀ ਚਾਰਿ[12] ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥ ੪੬ ॥

ਪਉੜੀ

ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥
ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ[13] ॥
ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ[14] ਹੰਢੀਐ[15]॥
ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥
ਮੂਰਖੈ ਨਾਲਿ ਨ ਲੁਝੀਐ[16] ॥੧੯॥

ਸਲੋਕ ਮਹਲਾ ੧

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ[17] ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ[18] ॥
ਫਿਕਾ ਦਰਗਾਹ ਸਟੀਐ, ਮੁਹਿ ਥੁਕਾ ਫਿਕੇ ਪਾਇ ॥

---

1 ਖਾਧਾ 2 ਕੁਥਾਂ, ਗੰਦੀ ਜਗ੍ਹਾ 3 ਪਵਿੱਤਰ 4 ਰਲਾਇਆ 5 ਉਸ ਉੱਤੇ 6 ਇਸਤਰੀ ਤੋਂ 7 ਪੇਟ ਵਿਚ ਪੈਣਾ 8 ਮੰਗਣੀ 9 ਸੰਤਾਨ ਉਤਪਤੀ 10 ਸੰਬੰਧ, ਰਿਸ਼ਤੇਦਾਰੀ 11 ਚੰਗੇ ਭਾਗ 12 ਸੁੰਦਰ 13 ਭਰੀਦਾ ਹੈ 14 ਹੰਕਾਰ, ਗਰੂਰ 15 ਖਪੀਏ 16 ਝਗੜੀਏ, ਬਹਿਸ ਵਿਚ ਪਈਏ 17 ਬੇਸਵਾਦਾ 18 ਚਰਚਾ, ਸ਼ੋਭਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿਕਾ ਮੂਰਖੁ ਆਖੀਐ ਪਾਣਾ[1] ਲਹੈ ਸਜਾਇ ॥ ੪੭ ॥

ਸਲੋਕ ਮਹਲਾ ੧

ਅੰਦਰਹੁ ਝੂਠੇ ਪੈਜ[2] ਬਾਹਰਿ, ਦੁਨੀਆ ਅੰਦਰਿ ਫੈਲੁ[3] ॥
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥
ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥
ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ੇ ਵੀਚਾਰਿ ॥
ਰੰਗਿ ਹਸਹਿ ਰੰਗਿ ਰੋਵਹਿ, ਚੁਪ ਭੀ ਕਰਿ ਜਾਹਿ ॥
ਪਰਵਾਹ ਨਾਹੀ ਕਿਸੈ ਕੇਰੀ, ਬਾਝੁ ਸਚੇ ਨਾਹ[4] ॥
ਦਰਿ ਵਾਟ[5] ਉਪਰਿ ਖਰਚੁ ਮੰਗਾ, ਜਬੈ ਦੇਇ ਤ ਖਾਹਿ ॥
ਦੀਬਾਨ[6] ਏਕੋ ਕਲਮ ਏਕਾ [7]ਹਮਾ ਤੁਮਾ ਮੇਲੁ ॥
ਦਰਿ ਲਏ ਲੇਖਾ [8]ਪੀੜਿ ਛੁਟੈ ਨਾਨਕਾ ਜਿਉ ਤੇਲੁ ॥੪੮॥

ਪਉੜੀ

ਆਪੇ ਹੀ ਕਰਣਾ[9] ਕੀਓ, ਕਲ[10] ਆਪੇ ਹੀ ਤੈ ਧਾਰੀਐ ॥
ਦੇਖਹਿ ਕੀਤਾ ਆਪਣਾ, ਧਰਿ ਕਚੀ[11] ਪਕੀ[12] ਸਾਰੀਐ ॥
ਜੋ ਆਇਆ ਸੋ ਚਲਸੀ, ਸਭੁ ਕੋਈ ਆਈ ਵਾਰੀਐ ॥
ਜਿਸ ਕੇ ਜੀਅ ਪਰਾਣ ਹਹਿ, ਕਿਉ ਸਾਹਿਬੁ ਮਨਹੁ ਵਿਸਾਰੀਐ ॥
ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥ ੨੦ ॥

ਸਲੋਕ ਮਹਲਾ ੨

ਇਹ ਕਿਨੇਹੀ[13] ਆਸਕੀ ਦੂਜੈ ਲਗੈ ਜਾਇ ॥
ਨਾਨਕ ਆਸਕੁ ਕਾਢੀਐ[14] ਸਦ ਹੀ ਰਹੈ ਸਮਾਇ ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥
ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥੪੯॥

ਸਲੋਕ ਮਹਲਾ ੨

ਸਲਾਮੁ[15] ਜਬਾਬੁ[16] ਦੋਵੈ ਕਰੇ ਮੁੰਢਹੁ[17] ਘੁਥਾ[18] ਜਾਇ ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥ ੫੦ ॥

ਪਉੜੀ

ਜਿਤੁ[19] ਸੇਵਿਆ[20] ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ[21] ॥

---

1 ਜੁਤੀਆਂ 2 ਪਾਖੰਡ, ਪਾਜ 3 ਵਿਖਾਵਾ 4 ਪ੍ਰਭੂ, ਪਤੀ, ਪਿਆਰਾ 5 ਰਾਹ, ਪੰਧ 6 ਅਦਾਲਤ 7 ਸਾਰੇ, ਆਮ ਲੋਕ, ਭਲੇ, ਬੁਰੇ 8 ਤੇਲ ਵਾਂਗ ਪੀੜ ਛੱਡਦਾਂ ਹੈ 9 ਸ੍ਰਿਸ਼ਟੀ 10 ਸ਼ਕਤੀ 11 ਪਾਪੀ 12 ਨੇਕ 13 ਕਿਹੋ ਜਿਹਾ 14 ਗਿਣਿਆ ਜਾਂਦਾ ਹੈ 15 ਨਿਮ੍ਰਤਾ, ਆਦਰ ਕਰਨਾ 16 ਅਗੋਂ ਬੋਲਣਾ 17 ਉਕਾ ਹੀ 18 ਬੁੜ ਗਿਆ 19 ਜਿਸ ਦੇ 20 ਸਿਮਰਿਆ 21 ਯਾਦ ਕਰੀਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ[1] ॥
ਜਿਉ ਸਾਹਿਬ ਨਾਲਿ ਨ ਹਾਰੀਐ, ਤੇਵੇਹਾ[2] [3]ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ ॥੨੧॥

ਸਲੋਕ ਮਹਲਾ ੨

ਚਾਕਰੁ ਲਗੈ ਚਾਕਰੀ ਨਾਲੇ [4]ਗਾਰਬੁ ਵਾਦੁ ॥
ਗਲਾ ਕਰੇ ਘਣੇਰੀਆ[5] ਖਸਮ ਨ ਪਾਏ ਸਾਦੁ[6] ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥੫੧॥

ਸਲੋਕ ਮਹਲਾ ੧

ਜੋ ਜੀਇ[7] ਹੋਇ ਸੁ ਉਗਵੈ, ਮੁਹ ਕਾ ਕਹਿਆ ਵਾਉ[8] ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥੫੨॥

ਸਲੋਕ ਮਹਲਾ ੨

ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥
ਜੇਹਾ ਜਾਣੈ ਤੇਹੋ ਵਰਤੈ, ਵੇਖਹੁ ਕੋ ਨਿਰਜਾਸਿ[9] ॥
ਵਸਤੂ ਅੰਦਰਿ ਵਸਤੁ ਸਮਾਵੈ, ਦੂਜੀ ਹੋਵੈ ਪਾਸਿ[10] ॥
ਸਾਹਿਬ ਸੇਤੀ ਹੁਕਮੁ ਨ ਚਲੈ, ਕਹੀ ਬਣੈ ਅਰਦਾਸਿ ॥
ਕੂੜਿ ਕਮਾਣੈ ਕੂੜੋ ਹੋਵੈ, ਨਾਨਕ [11]ਸਿਫਤਿ ਵਿਗਾਸਿ ॥੫੩॥

ਸਲੋਕ ਮਹਲਾ ੨

ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥੫੪॥

ਸਲੋਕ ਮਹਲਾ ੨

ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ ॥
ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ[12] ॥੫੫॥

ਪਉੜੀ

ਚਾਕੁਰ ਲਗੈ ਚਾਕਰੀ ਜੇ ਚਲੈ ਖਸਮੈ ਭਾਇ[13] ॥

---

1 ਦੇਖੀਏ 2 ਉਹੋ ਜਿਹਾ ਚਾਲ ਚਲੀਏ 4 ਹੰਕਾਰ ਵਾਲੀਆਂ ਗੱਲਾਂ 5 ਬਹੁਤੀਆਂ 6 ਸਵਾਦ 7 ਜੀ, ਦਿਲ, ਹਿਰਦਾ 8 ਵਾਯੂ ਜਾਂ ਵਿਅਰਥ ਹੈ 9 ਨਿਰਣਾ, ਪਰਖ ਕੇ 10 ਪਾਸੇ 11 ਪ੍ਰਭੂ ਦੀ ਸਲਾਘਾ ਨਾਲ ਖੁਸ਼ੀ ਮਿਲਦੀ ਹੈ 12 ਖਰਾਬ, ਉਲਟ ਪੁਲਟ 18 ਮਰਜ਼ੀ ਵਿਚ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਰਮਤਿ[1] ਤਿਸ ਨੋ ਅਗਲੀ[2] ਓਹੁ ਵਜਹੁ[3] ਭਿ ਦੂਣਾ ਖਾਇ ॥
ਖਸਮੈ ਕਰੇ ਬਰਾਬਰੀ, ਫਿਰਿ ਗੈਰਤਿ[4] ਅੰਦਰਿ ਪਾਇ ॥
ਵਜਹੁ ਗਵਾਏ ਅਗਲਾ[5] ਮੁਹੇ ਮੁਹਿ ਪਾਣਾ[6] ਥਾਇ ॥
ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥੨੨॥

ਸਲੋਕ ਮਹਲਾ ੨

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥
ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥੫੬॥

ਸਲੋਕ ਮਹਲਾ ੨

ਏਹ ਕਿਨੇਹੀ ਚਾਕਰੀ ਜਿਤੁ ਭਉ[8] ਖਸਮ ਨ ਜਾਇ ॥
ਨਾਨਕ ਸੇਵਕੁ ਕਾਢੀਐ[9] ਜਿ ਸੇਤੀ ਖਸਮ ਸਮਾਇ ॥੫੭॥

ਪਉੜੀ

ਨਾਨਕ ਅੰਤ ਨ ਜਾਪਨੀ, ਹਰਿ ਤਾ ਕੇ ਪਾਰਾਵਾਰ ॥
ਆਪ ਕਰਾਏ ਸ਼ਾਖਤੀ[10] ਫਿਰਿ ਆਪਿ ਕਰਾਏ ਮਾਰ ॥
ਇਕਨ੍ਹਾ ਗਲੀ ਜੰਜੀਰੀਆ, ਇਕਿ ਤੁਰੀ[15] ਚੜਹਿ ਬਿਸੀਆਰੁ[12] ॥
ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥
ਨਾਨਕ ਕਰਣਾ[13] ਜਿਨਿ ਕੀਆ, ਫਿਰਿ ਤਿਸ ਹੀ ਕਰਣੀ ਸਾਰ ॥੨੩॥

ਸਲੋਕ ਮਹਲਾ ੧

ਆਪੇ ਭਾਂਡੇ[14] ਸਾਜਿਅਨੁ[15] ਆਪੇ [16]ਪੂਰਣੁ ਦੇਇ ॥
ਇਕਨੀ ਦੁਧੁ[17] ਸਮਾਈਐ, ਇਕਿ ਚੁਲੈ[18] ਰਹਨਿ ਚੜੇ ॥
ਇਕਿ ਨਿਹਾਲੀ[19] ਪੈ ਸਵਨਿ੍ ਇਕਿ ਉਪਰਿ ਰਹਨਿ ਖੜੇ ॥
ਤਿਨਾ ਸਵਾਰੇ ਨਾਨਕਾ ਜਿਨ੍ ਕਉ ਨਦਰਿ ਕਰੇ ॥੫੮॥

ਸਲੋਕ ਮਹਲਾ ੨

ਆਪੇ ਸਾਜੇ ਕਰੇ ਆਪਿ, ਜਾਈ[20] ਭਿ ਰਖੈ ਆਪਿ ॥
ਤਿਸੁ ਵਿਚਿ ਜੰਤ ਉਪਾਇ ਕੈ, ਦੇਖੈ [21]ਥਾਪਿ ਉਥਾਪਿ ॥

---

1 ਸਤਿਕਾਰ, ਇਜ਼ਤ 2 ਬਹੁਤੀ 3 ਤਨਖਾਹ, ਵਜ਼ੀਫਾ 4 ਸ਼ਰਮਿੰਦਗੀ 5 ਪਹਿਲਾ 6 ਜੁੱਤੀਆਂ 7 ਕਿਰਪਾ, ਬਖਸ਼ਸ਼ 8 ਡਰ 9 ਆਖੀਏ 10 ਰਚਨਾ, ਸਾਜਨਾ, ਪੈਦਾਇਸ਼ 11 ਘੋੜਿਆਂ ਤੇ 12 ਬਹੁਤੇ 13 ਰਚਨਾ, ਸੰਸਾਰ 14 ਸਰੀਰ, ਮਨੁੱਖ 15 ਉਸਨੇ ਬਣਾਏ ਹਨ 16 ਭਰਦਾ ਹੈ 17 ਸੁਖ 18 ਦੁਖੀ ਹਨ 19 ਰਜਾਈ ਜਾਂ ਤਲਾਈ 20 ਥਾਂ ਸਿਰ 21 ਸਾਜਦਾ ਤੇ ਢਾਹੁੰਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਸ ਨੋ ਕਹੀਐ ਨਾਨਕਾ, ਸਭੁ ਕਿਛੁ ਆਪੇ ਆਪਿ ॥੫੯॥

ਪਉੜੀ

ਵਡੇ ਕੀਆ ਵਡਿਆਈਆਂ ਕਿਛੁ ਕਹਨਾ ਕਹਣੁ ਨ ਜਾਇ ॥
ਸੋ ਕਰਤਾ ਕਾਦਰ ਕਰੀਮੁ[1], ਦੇ ਜੀਆ ਰਿਜਕੁ ਸੰਬਾਹਿ[2] ॥
ਸਾਈ[3] ਕਾਰ ਕਮਾਵਣੀ, ਧੁਰਿ ਛੋਡੀ ਤਿੰਨੈ ਪਾਇ ॥
ਨਾਨਕ ਏਕੀ ਬਾਹਰੀ, ਹੋਰ ਦੂਜੀ ਨਾਹਿ ਜਾਇ[4] ॥
ਸੋ ਕਰੇ ਜਿ ਤਿਸੈ ਰਜਾਇ[5] ॥ ੨੪ ॥ ੧ ॥ ਸੁਧੁ ॥

---

1 ਬਖਸ਼ਸ਼ ਕਰਨ ਵਾਲਾ 2 ਪਹੁੰਚਾਂਦਾ ਹੈ, ਦੇਂਦਾ ਹੈ 3 ਉਹੋ ਹੀ 4 ਥਾਂ, ਜਗ੍ਹਾ 5 ਇੱਛਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਾਇਕ ਪੁਸਤਕ ਸੂਚੀ

ਪੰਜਾਬੀ

'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ', (ਸੰਪ. ਤੇਜਾ ਸਿੰਘ ਤੇ ਹੋਰ), ਚਾਰ ਜਿਲਦਾਂ, ਸ਼ਿਰੋਮਣੀ ਗੁ. ਪ੍ਰ. ਕਮੇਟੀ, ਅੰਮ੍ਰਿਤਸਰ 1936—41

ਸਾਹਿਬ ਸਿੰਘ, 'ਆਸਾ ਦੀ ਵਾਰ ਸਟੀਕ', ਸਿੰਘ ਬ੍ਰਾਦਰਜ਼, ਅੰਮ੍ਰਿਤਸਰ 1970

'ਸਿੱਖਾਂ ਦੀ ਭਗਤ ਮਾਲਾ' (ਸੰਪ. ਭਾਈ ਵੀਰ ਸਿੰਘ), ਪ੍ਰਸਿਧ ਨਾਂ ਭਗਤ ਰਤਨਾਵਲੀ, ਖਾਲਸਾ ਸਮਾਚਾਰ, ਅੰਮ੍ਰਿਤਸਰ 1966

ਸ਼ੇਰ ਸਿੰਘ (ਡਾ.), 'ਗੁਰਮਤਿ ਦਰਸ਼ਨ', 'ਜਪੁਜੀ ਦਰਸ਼ਨ', ਸ਼ਿਰੋਮਣੀ ਗੁ ਪ੍ਰ. ਕਮੇਟੀ, ਅੰਮ੍ਰਿਤਸਰ 1962

'ਸਿੱਖ ਫ਼ਲਸਫ਼ੇ ਦੀ ਰੂਪ ਰੇਖਾ' (ਸੰਪ. ਪ੍ਰੋ. ਪ੍ਰੀਤਮ ਸਿੰਘ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਕਾਨ੍ਹ ਸਿੰਘ ਨਾਭਾ (ਭਾਈ), 'ਮਹਾਨ ਕੋਸ਼', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1960

—— 'ਗੁਰਮਤ ਮਾਰਤੰਡ', ਦੋ ਭਾਗ, ਸ਼ਿਰੋਮਣੀ ਗੁ. ਪ੍ਰ. ਕਮੇਟੀ, ਅੰਮ੍ਰਿਤਸਰ 1962

ਕਾਲਾ ਸਿੰਘ ਬੇਦੀ (ਡਾ.), 'ਗੁਰੂ ਨਾਨਕ ਦਰਸ਼ਨ', ਪੰਜਾਬੀ ਪ੍ਰਕਾਸ਼ਕ, ਦਿੱਲੀ 1965

—— 'ਵਾਰਾਂ ਗੁਰੂ ਨਾਨਕ ਸਟੀਕ', ਪੰਜਾਬੀ ਬੁਕ ਸਟੋਰ, ਦਿੱਲੀ 1969

—— 'ਵਾਰਕਾਰ ਗੁਰੂ ਨਾਨਕ', ਪੰਜਾਬੀ ਬੁੱਕ ਸਟੋਰ, ਦਿੱਲੀ 1968

ਕੇਸਰ ਸਿੰਘ ਛਿੱਬਰ, 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' (ਸੰਪ. ਰ. ਸ ਜੱਗੀ), 'ਪਰਖ' ਚੰਡੀਗੜ੍ਹ 1972

ਗਿਆਨ ਸਿੰਘ (ਗਿਆਨੀ), 'ਤਵਾਰੀਖ਼ ਗੁਰੂ ਖ਼ਾਲਸਾ', ਹਿੱਸਾ ੧

ਗੁਪਾਲ ਸਿੰਘ (ਡਾ.), 'ਸ੍ਰੀ ਗੁਰੁ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ', ਪੰਜਾਬੀ ਅਕਾਡਮੀ ਦਿੱਲੀ 1958

'ਗੁਰਸ਼ਬਦ ਰਤਨ ਪ੍ਰਕਾਸ਼' (ਸੰਪ. ਕੌਰ ਸਿੰਘ ਅਕਾਲੀ), ਭਾਸ਼ਾ ਵਿਭਾਗ, ਪੰਜਾਬ ਪਟਿਆਲਾ 1963

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਸ਼ਰਨ ਕੌਰ ਜੱਗੀ (ਡਾ.), 'ਗੁਰੂ ਨਾਨਕ ਬਾਣੀ ਦਾ ਸਿਧਾਂਤਕ ਵਿਸ਼ਲੇਸ਼ਣ', ਪੈਪਸੂ ਬੁਕ ਡਿਪੂ, ਪਟਿਆਲਾ 1979

'ਗੁਰਬਾਣੀ ਟੀਕੇ : ਆਨੰਦਘਣ' (ਸੰਪ. ਰਤਨ ਸਿੰਘ ਜੱਗੀ), ਭਾਸ਼ਾ ਵਿਭਾਗ, ਪੰਜਾਬ ਪਟਿਆਲਾ 1970

ਗੁਰੂ ਨਾਨਕ : ਜੀਵਨ, ਦਰਸ਼ਨ ਅਤੇ ਕਾਵਿ ਕਲਾ' (ਸੰ, ਸ. ਸ. ਕੋਹਲੀ), ਪੰ. ਯੂ. ਚੰਡੀਗੜ੍ਹ, 1969

'ਗੁਰੂ ਨਾਨਕ ਬਾਣੀ' (ਸੰ. ਰਤਨ ਸਿੰਘ ਜੱਗੀ), ਮਦਾਨ ਪਬਲਿਸ਼ਰਜ਼, ਪਟਿਆਲਾ 1968.

ਜਸਬੀਰ ਸਿੰਘ (ਡਾ.), 'ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ', ਭਾਸ਼ਾ ਵਿਭਾਗ, ਪਟਿਆਲਾ 1973

ਜੋਧ ਸਿੰਘ, ਭਾਈ (ਡਾ.) 'ਗਰਮਤ ਨਿਰਨਯ', ਅਤਰ ਚੰਦ ਕਪੂਰ ਐਂਡ ਸਨਜ਼, ਅਨਾਰਕਲੀ, ਲਾਹੌਰ 1945

—— 'ਗੁਰੂ ਨਾਨਕ ਸਮ੍ਰਿਤੀ ਵਿਆਖਿਆਨ', ਪੰ. ਯੂ., ਪਟਿਆਲਾ 1966

—— 'ਗੁਰੂ ਗ੍ਰੰਥ ਸਾਹਿਬ ਵਿਚ ਹੁਕਮ ਦਾ ਸੰਕਲਪ', ਪੰ. ਯੂ. ਪਟਿਆਲਾ 1971

ਤਾਰਨ ਸਿੰਘ (ਡਾ.), 'ਗੁਰੂ ਨਾਨਕ : ਚਿੰਤਨ ਤੇ ਕਲਾ', ਨਿਊ ਬੁਕ ਕੰਪਨੀ, ਜਲੰਧਰ 1963

ਤੇਜਾ ਸਿੰਘ, 'ਆਸਾ ਦੀ ਵਾਰ ਸਟੀਕ', ਮਾਸਟਰ ਕਰਮ ਸਿੰਘ ਗੰਗਾਵਾਲਾ, ਖਾਲਸਾ ਕਾਲਜ, ਅੰਮ੍ਰਿਤਸਰ 1952

ਦਲੀਪ ਸਿੰਘ ਦੀਪ (ਡਾ.), 'ਜਪੁਜੀ : ਇਕ ਤੁਲਨਾਤਮਕ ਅਧਿਐਨ', ਪੰਜਾਬੀ ਬੁਕ ਸਟੋਰ ਪਹਾੜ ਗੰਜ, ਨਵੀਂ ਦਿੱਲੀ 1969

ਦੀਵਾਨ ਸਿੰਘ (ਡਾ.), 'ਗੁਰੂ ਨਾਨਕ ਦੀ ਸਾਹਿਤਿਕ ਪ੍ਰਤਿਭਾ ਤੇ ਹੋਰ ਲੇਖ', ਫਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ 1968

—— 'ਫ਼ਰੀਦ ਦਰਸ਼ਨ', ਲਾਹੌਰ ਬੁਕ ਸ਼ਾਪ, ਲੁਧਿਆਣਾ 1973

—— 'ਸੂਫ਼ੀਵਾਦ ਤੇ ਹੋਰ ਲੇਖ', ਲਾਹੌਰ ਬੁਕ ਸ਼ਾਪ, ਲੁਧਿਆਣਾ 1972

'ਪੰਜਾਬ ਦੀਆਂ ਵਾਰਾਂ' (ਸੰਪ. ਡਾ. ਗੰਡਾ ਸਿੰਘ), ਲੇਖਕ ਆਪ, ਅੰਮ੍ਰਿਤਸਰ 1946

'ਪੰਜਾਬੀ ਵਾਰਾਂ' (ਸੰਪ. ਪਿਆਰਾ ਸਿੰਘ ਪਦਮ), ਲਾਹੌਰ ਬੁਕ ਸ਼ਾਪ, ਲੁਧਿਆਣਾ 1951

ਪ੍ਰੇਮ ਪ੍ਰਕਾਸ਼ ਸਿੰਘ (ਡਾ.), 'ਗੁਰੂ ਨਾਨਕ ਅਤੇ ਨਿਰਗੁਣ ਧਾਰਾ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1973

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਪੁਰਾਤਨ ਜਨਮ ਸਾਖੀ' (ਸੰਪ. ਭਾਈ ਵੀਰ ਸਿੰਘ), ਖਾਲਸਾ ਕਾਲਿਜ, ਅੰਮ੍ਰਿਤਸਰ 1947

ਮਸਤੀ ਦਾ ਨਮਾਜ਼ੀ : ਗੁਰੂ ਬਾਬਾ ਨਾਨਕ' (ਅਨੁ. ਗੁਰਬਖ਼ਸ਼ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ 1970

ਮਨਮੋਹਨ ਸਿੰਘ (ਡਾ.), 'ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ 1970

ਮਿਹਰਬਾਨ ਸੋਢੀ, 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' (ਸੰਪ. ਕਿਰਪਾਲ ਸਿੰਘ), ਖਾਲਸਾ ਕਾਲਿਜ, ਅੰਮ੍ਰਿਤਸਰ 1962

ਮੋਹਨ ਸਿੰਘ ਦੀਵਾਨਾ (ਡਾ.), 'ਪੰਜਾਬੀ ਭਾਸ਼ਾ ਵਿਗਿਆਨ ਅਤੇ ਗੁਰਮਤ ਗਿਆਨ', ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ 1952

ਰਤਨ ਸਿੰਘ ਜੱਗੀ (ਡਾ.), 'ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ', ਨਿਊ ਬੁੱਕ ਕੰਪਨੀ, ਜਲੰਧਰ, 1965

—— 'ਗੁਰੂ ਨਾਨਕ ਦੀ ਵਿਚਾਰਧਾਰਾ', ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ 1969

—— 'ਗੁਰੂ ਨਾਨਕ ਜੀਵਨੀ ਅਤੇ ਵਿਅਕਤੀਤਵ', ਪੰਜਾਬੀ ਸਾਹਿਤ ਸਭਾ, ਦਿੱਲੀ 1974

—— 'ਵਿਚਾਰਧਾਰਾ', ਮਦਾਨ ਪਬਲਿਸ਼ਰਜ਼, ਪਟਿਆਲਾ 1966

—— 'ਸਾਹਿਤ ਸੌਰਭ', ਪੈਪਸੂ ਬੁੱਕ ਡਿਪੂ, ਪਟਿਆਲਾ, 1976

—— ਪੁਰਾਤਨ ਜਨਮ ਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ', ਪੈਪਸੂ ਬੁਕ ਡਿਪੂ, ਪਟਿਆਲਾ 1977

'ਵਾਰਾਂ ਭਾਈ ਗੁਰਦਾਸ', ਸ਼ਿਰੋਮਣੀ ਗੁ ਪ੍ਰ. ਕਮੇਟੀ, ਅੰਮ੍ਰਿਤਸਰ 1952

ਵੀਰ ਸਿੰਘ, ਭਾਈ (ਡਾ.), 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' (ਸੰਪ. ਡਾ. ਬਲਬੀਰ ਸਿੰਘ), ਖਾਲਸਾ ਸਮਾਚਾਰ, ਅੰਮ੍ਰਿਤਸਰ 1972

ਹਿੰਦੀ

ਸਤੀਸ਼ ਚੰਦ੍ਰ ਚਟੋਪਾਧਿਆਇ ਆਦਿ, 'ਭਾਰਤੀਯ ਦਰਸ਼ਨ', ਪੁਸਤਕ ਭੰਡਾਰ, ਪਟਨਾ, 1961

ਹਜ਼ਾਰੀ ਪ੍ਰਸਾਦ ਦ੍ਵਿਵੇਦੀ (ਡਾ.), 'ਮਧ੍ਯ ਕਾਲੀਨ ਧਰਮ ਸਾਧਨਾ', ਸਾਹਿਤ੍ਯ ਭਵਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਲਾਹਾਬਾਦ 1962

ਹਰਿਭਜਨ ਸਿੰਘ (ਡਾ.), 'ਗੁਰਮੁਖੀ ਲਿਪੀ ਮੇਂ ਹਿੰਦੀ ਕਾਵਿ', ਭਾਰਤੀ ਸਾਹਿਤਯ ਮੰਦਿਰ, ਦਿੱਲੀ 1963

ਹਰਵੰਸ਼ ਲਾਲ ਸ਼ਰਮਾ (ਡਾ.), 'ਭਾਰਤੀਯ ਦਰਸ਼ਨ ਪਰੰਪਰਾ ਔਰ ਆਦਿ ਗ੍ਰੰਥ', ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1972

—— 'ਹਿੰਦੀ ਨਿਰਗਣ ਸਾਹਿਤਯ ਕੇ ਪ੍ਰੇਰਣਾ ਸ੍ਰੋਤ' (ਕਬੀਰ ਔਰ ਗੁਰੂ ਨਾਨਕ ਕੇ ਵਿਸ਼ੇਸ਼ ਸੰਦਰਭ ਮੇਂ) ਪੰ. ਯੂ. ਚੰਡੀਗੜ੍ਹ (ਸ਼ੋਧ ਪ੍ਰਬੰਧ)

ਕਾਣੇ, ਪੀ. ਵੀ.. 'ਧਰਮ ਸ਼ਸਤ੍ਰ ਕਾ ਇਤਿਹਾਸ' (ਅਨੁ. ਅਰਜੁਨ ਚੌਥੇ), ਹਿੰਦੀ ਸਮਿਤੀ, ਸੂਚਨਾ ਵਿਭਾਗ, ਉਤਰ ਪ੍ਰਦੇਸ਼, ਲਖਨਊ

ਜਯਰਾਵ ਮਿਸ਼੍ਰ (ਡਾ.), 'ਸ੍ਰੀ ਗੁਰੂ ਗ੍ਰੰਥ ਦਰਸ਼ਨ' ਸਾਹਿਤਯ ਭਵਨ, ਇਲਾਹਾਬਾਦ, 1960

'ਨਾਨਕ ਵਾਣੀ' (ਸੰਪ. ਜਯਰਾਮ ਮਿਸ਼੍ਰ), ਮਿੱਤ੍ਰ ਪ੍ਰਕਾਸ਼ਨ, ਇਲਾਹਾਬਾਦ. 2018 ਬਿ.

ਬਲਦੇਵ ਉਪਾਧਿਆਯ, 'ਭਾਰਤੀਯ ਦਰਸ਼ਨ', ਸ਼ਾਰਦਾ ਮੰਦਿਰ, ਕਾਸ਼ੀ 1966

ਮਨਮੋਹਨ ਸਹਿਗਲ (ਡਾ.), 'ਸੰਤ ਕਾਵ੍ਯ ਕਾ ਦਾਰਸ਼ਨਿਕ ਵਿਸ਼ਲੇਸ਼ਣ', ਭਾਰਤੇਂਦ੍ਰ ਭਵਨ, ਚੰਡੀਗੜ੍ਹ, 1966

—— 'ਗੁਰੂ ਗ੍ਰੰਥ ਸਾਹਿਬ : ਏਕ ਸਾਂਸਕ੍ਰਿਤਿਕ ਸਰਵੇਕਸ਼ਣ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1971

ਰਹੁਲ ਸਾਂਕ੍ਰਿਤ੍ਯਾਯਨ (ਪੰ.), 'ਦਰਸ਼ਨ ਦਿਗਦਰਸ਼ਨ', ਕਿਤਾਬ ਮਹਲ, ਇਲਾਹਾਬਾਦ, 1961

ਰਾਮ ਦਹਿਨ ਮਿਸ਼੍ਰ, 'ਕਵ੍ਯ ਦਰਪਣ', ਗ੍ਰੰਥ ਮਾਲਾ ਕਾਰਯਾਲਯ, ਪਟਨਾ 1951

ENGLISH

Anil Chander Banerjee, *Guru Nanak and His Times*, Punjabi University, Patiala 1971.

Avtar Singh (Dr.), *Ethics of the Sikhs*, Punjabi University, Patiala 1970.

Banerjee, I. B. (Dr.), *Evolution of the Khalsa*, Vol. I. A. R. Mukherjee, 2 College Square, Calcutta 1947.

Darshan Singh (Dr.) *Indian Bhakti Tradition and Sikh Gurus*, Lyall Book Depot, Ludhiana 1968.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

—— *The Religion of Guru Nanak*, Lyall Book Depot, Ludhiana, 1970.

Dewan Singh (Dr.) *Mysticism of Guru Nanak*, P. U. Chandigarh (typed thesis). 1973.

Dictionery of Islam (ed. Thomas Patrick Hughes), Premier Book House, Anarkali, Lahore 1964.

Dictionery of Philosophy, (ed. Dagobert D. Runes), Jaico Publishing House, Bombay 1957.

Duncan I Greenless, *The Gospal of Guru Granth Sahib*, Theosophical Society, Madras 1950.

Encyclopaedia of Religions and Ethics, Vol. VI & VII, 1964.

Gokal Chand Narang (Dr), *Transformation of Sikhism*, Tribune Press, Lahore 1912.

Grewal, J. S. (Dr.), *Guru Nanak in History*, P. U. Chandigarh, 1969.

Kohli, S. S. (Dr.), *A Critical Study of Adi Granth*, Pbi. Writers Co-op. Industrial Society Ltd. New Delhi, 1961.

— *Outlines of Sikh Thought*, Pbi. Parkashak, Karol Bagh, New Delhi 1966.

— *Philosophy of Guru Nanak*, P. U. Chandigarh 1969.

Lewis, C.D., *The Poetic Image*, Jonatham Cope, London 1968,

Literary Essays of Ezra Pound (ed. T. S. Eliot), Faber and Faber Ltd, London 1968.

Mansukhani, G. S., *Guru Nanak World Teacher*, India Book House, New Delhi 1968.

Mc Leod, W. H. (Dr.) *Guru Nanak and the Sikh Religion*, Oxford University Press, London 1968.

Mohan Singh Dewana (Dr.), *Sikh Mysticism*, Self Published, Amritsar, 1964.

Niharranjan Ray (Dr.) *The Sikh Gurus and ihe Sikh Society* Pbi. Uni. Patiala 1970.

Perspectives on Guru Nanak (ed. Harbans Singh) Pbi. Uni. Patiala, 1975

Radha Krishnan (Dr.), *Indian Philosophy*, Vol I.II, George Allen & Unwin, Ltd , London 1948.

Sher Singh (Dr.), *Philosophy of Sikhism*, Sikh University Press,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Lahore 1944

Sikka, Ajit Singh (Dr.), *Facets of Guru Nanak's Thought*, Bee Kay Pub., Ludhiana 1972

Tara Chand (Dr.), *Influence of Islam on Indian Culture*, Indian Press Allahabad 1946.

Teja Singh (Prof.), *Sikhism its Ideals and Institutions*, Khalsa Brothers, Amritsar 1970.

Trumpp Ernest (Dr.), *Adi Granth*, Wm. N. Allen & Co. S. W. London 1877.

7739

ਰਸਾਲੇ

'ਆਲੋਚਨਾ' (ਗੁਰੂ ਨਾਨਕ ਅੰਕ), ਪੰਜਾਬੀ ਸਾਹਿਤ ਅਕਾਡਮੀ, ਜਨਵਰੀ–ਦਸੰਬਰ 1969.

'ਗੁਰਮਤਿ ਪ੍ਰਕਾਸ਼' (ਗੁਰੂ ਨਾਨਕ ਬਾਣੀ ਅੰਕ), ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਸਤੰਬਰ 1969.

'ਪੰਜਾਬੀ ਦੁਨੀਆ' (ਗੁਰੂ ਨਾਨਕ ਅੰਕ), ਭਾ.ਮ. ਵਿਭਾਗ ਪੰਜਾਬ, ਪਟਿਆਲਾ

The Journal of Sikh Philosophy, Sikh Studies foundations, Patiala, June 1969.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar